Monthly

English Pages : 29-37

ਮਾਨਵੀ ਪਰਚਮ ਨੂੰ ਸਿਦਕ ਦਿਲੀ ਨਾਲ ਬੁਲੰਦ ਰੱਖਣ ਦਾ ਹਸਤਾਖਰ

Bilingual

# ਦਾ ਪੰਜਾਬ ਹੈਰਲਡ

THE PUNJAB HERALD

www.thepunjabherald.com.au

The Punjab Herald

For all types of advertisements
Please call
0437641033
Email: thepunjabherald1@gmail.com

Chief Editor & Publisher - Dr.Avtar S.Sangha B.A.Hons., M.A., Ph.D.(English)-India | Graduate Dip. In Edu. - English & History (NSW) Certificate IV Course in Trg. & Assess. (TAFE)-Australia

Free Copy

Edition - (48) Feb 2018, Sydney, Canberra, Coffs Harbour & Melbourne, Phone - 0437641033 Fax - (02) 96221789, Email - thepunjabherald1@gmail.com

# Thanks to influential diaspora, World leaders converge on Golden Temple



**Now Justin Trudeau, the Prime Minister of Canada, will pay obeisance at Golden Temple Amritsar in the third week of this month.**

US President Barack Obama, British PM David Cameron, Canadian PM Stephen Harper, Queen Elizabeth of UK, Ashraf Ghani of Afghanistan, Jean Chretien of Canada and Roosevelt Scarif of the Republic of Dominica have already visited the Holy Shrine.

SAMOSA KING
INDIAN RESTAURANT
4/22 Hill End Rd., Doonside NSW 2767
(Near Doonside Railway Station)
Ph: 0451 066 654

IMPORT WHOLESALE RETAIL
Rehmat SUPERMARKET
Ph: 86786675
New Branch
Sunnyholt Road, Kings Park NSW 2148
(Next to Subway)

TULI JEWELLERS
yours forever
The Glittering Symbol of
Power & Strength



Design, Manufacture & Remodel
22ct., 18ct., 9ct. (Yellow & white Gold), Diamond & Gold Jewellery, Opals, Pearls & Silver Jewellery, Birth Stones, Gems
Engagement Rings & Bridal Jewellery, Astrological Advice, Insurance 'n' Evaluation, Gifts 'n' Baby Showering
Custom Made Jewellery
TULI JEWELLERS PTY. LTD.
79, Marion Street Harris Park - 2150, Ph: 9635 5994 Mob: 0422 401 199


Register before 13th February 2018 and go into the draw to WIN 10g GOLD
AVI
AUSTRALASIAN VAULTING INDUSTRIES
SAFE DEPOSIT BOXES
2041
WESTERN SYDNEY'S LARGEST AND MOST SECURE VAULT
H145, 28 LEXINGTON DRIVE, BELLA VISTA
WWW. AVIVAULTS.COM.AU INFO@AVIVAULTS.COM.AU Tel: 02 8326 7907


https://www.facebook.com/KaurKollection
Mobile: 0430056254
KK
Kaur Kollection
Open 7 days till Late
94, Kildare Road, Blacktown NSW 2148
Kaur Kollection provides a top quality merchandise eg: Punjabi Salwar Suits, Designer Dresses, Lehnga and Sarees. An affordable price is, what we're all about. We source exactly what you need, work with our suppliers to get the best possible pricing, and pass our savings along to you. Come visit today!


AGED CARE & DISABILITY
COURSES IN BLACKTOWN
CHC33015
Certificate III in
Individual Support
Ageing I Disability I Home & Community
NATIONALLY RECOGNISED
TRAINING
Star
COMMUNITY
COLLEGE
Serving Community Gracefully
Star International College Pty Ltd (RTO No. 45190)
(02) 9676 4156 / 8678 6260
Suite H, Level 1, 111 Main Street, Blacktown NSW 2148
admin@starcommunitycollege.com.au
www.starcommunitycollege.com.au
FLEXIBLE
TIMINGS
EASY
PAYMENT
PLANS



FOLLOW US
HOPE
IMMIGRATION SERVICES
MIGRATION & EDUCATION
Hope Immigration Services is a migration firm. We deals in all kind of migration matters. We have registered migration agents in the company. The genuine interest of clients is at the core of our the services.
MIGRATION SERVICES
• SUBCLASS 457
• ENS (SUBCLASS 186)
• RSMS (SUBCLASS 187)
• STUDENT VISA
• PARTNER VISA
• SKILLED INDEPENDENT (SUBCLASS 189)
• SKILLED NOMINATED VISA (SUBCLASS 190)
• MRT REVIEWS
INTERNATIONAL STUDENT SERVICES
• ADMISSION IN COLLEGES AND UNIVERSITIES
• CHANGE OF COURSE
• CHANGE OF COLLEGE / UNIVERSITY
• STUDENT VISA EXTENSION
• STUDENT VISA REFUSALS
• STUDENT VISA CANCELLATION
CALL TODAY ON
02 9687 6777
TO MAKE AN APPOINTMENT WITH MARA AGENTS
Suite 3 & 4, 48 Macquarie St,
Parramatta, NSW 2150
Email: admin@hopemigration.com.au
www.hopemigration.com.au
REGISTERED MIGRATION AGENTS
SUKHJINDER PAL SINGH
sp@hopemigration.com.au
M: 0412 684 091
VINOD KUMAR
vinod@hopemigration.com.au
M: 0431 693 277




## INCORPORATING FESTIVITIES OF VAISAKHI AND EASTER

**WE WOULD LIKE TO INVITE YOU TO BE A PART OF THIS AMAZING FESTIVAL OF COLOURS, FRIENDSHIP AND HARMONY!**

**Book today:**
- Merchandize and Food Stalls ✓
- Dancing and Singing Performances ✓

**Become our Sponsor and get all the incredible benefits!** ✓

**Visit us on:** *www.holimahotsav.com.au*





Incredible India atithi devo bhava · Bharatiya Vidya Bhavan Australia www.bhavanaustralia.org · NSW Government Property NSW · ISKCON

# Guru Nanak SPICE HOUSE

## INDIAN GROCERY WHOLESALE & RETAIL








SPICES – GROCERY – DAIRY – FRUITS & VEGETABLE

**Opening Hours:**

**7:00am-8:00pm**

**OPEN 7 DAYS**

**Ph: 61 407 906 495**

Spend $50 get 5% cashback
or spend $100 and get 10% cashback.



146-148 , Walters road,Blacktown Sydney

# PAUL'S LIQUOR STORES











PAUL'S LIQUOR

**Sukhninder Pal Singh (Paul)**

Mobile - 0414 962 913
Email - paulsliquor@hotmail.com
Website - www.paulsliquor.com

North Richmond Cellers
Shop 2,3,4/41
Bellsline Road
NorthRichmond
0245714002

Doonside Cellars
11 Hill End Rd, Doonside,
N.S.W 2767
Phone 02 9622 7956

Kings Langley Cellers
Shop 1 Solander Rd,
Kings Langley, N.S.W 2147
Phone (02) 9624 3475

Werrington Cellers
13 Victoria St. Werringtion,
N.S.W 2747
Phone(02) 9623 2095

Dublin Bottler
48 Dublin St.
Smithfield


JAG'S TRUCK & BUS DRIVING
TRAINING & ASSESSMENT
ਜੇ ਠਾਠ ਨਾਲ ਡਾਲਰ ਕਮਾਉਣੇ ਜੈਗ ਤੋਂ ਟਰੱਕ ਸਿੱਖ ਲੈ।
JARA TRANSPORT
MC (B DOUBLE & ROAD TRAIN)
HC (SEMI TRAILER)
HR
(ALL TYPE GEAR BOXES
ROAD RANGER AUTOMATIC
SYNCHRO MESH)
Direct HR-MC*
No RTA Driving Test
CONVOY
JARA01
Jag Toor
Bus Authority Just $200*
We will beat any advertised price
For booking please contact in sydney:
0412 128 443, 0435 272 878
(043 JARATPT)
Lucky
0426 86 86 89
Guri Gill
0426 86 86 87
Raman
0426 86 86 85
Baljit Singh
Drive BIG - Earn BIG!

## ਸੰਪਾਦਕ ਦੀ ਕਲਮ ਤੋਂ

ਅਵਤਾਰ ਐਸ. ਸੰਘਾ

# ਪਰਵਾਸ ਦੀ ਲਾਲਸਾ

ਸਦੀਆਂ ਤੋਂ ਹੀ ਪਰਵਾਸ ਕੁਦਰਤੀ ਵਰਤਾਰੇ ਦਾ ਅਨਿੱਖੜਵਾਂ ਅੰਗ ਰਿਹਾ ਏ। ਮਨੁੱਖ ਤਾਂ ਪਰਵਾਸ ਕਰਦਾ ਹੀ ਰਿਹਾ ਏ, ਇੱਥੋਂ ਤੱਕ ਕਿ ਪਸ਼ੂ ਪੰਛੀ ਵੀ ਪਰਵਾਸ ਦਾ ਆਨੰਦ ਮਾਣਦੇ ਰਹੇ ਹਨ। ਹਰੀਕੇ ਪੱਤਣ ਝੀਲ ਵਿੱਚ ਅਨੇਕਾਂ ਪੰਛੀ ਹਰ ਸਾਲ ਪਹੁੰਚਦੇ ਹਨ ਅਤੇ ਮੌਸਮ ਦਾ ਰੁੱਖ ਬਦਲਣ ਨਾਲ ਇਹ ਪੰਛੀ ਵਾਪਸ ਉਹਨਾਂ ਦੇਸ਼ਾਂ ਵਿੱਚ ਹੀ ਚਲੇ ਜਾਂਦੇ ਹਨ ਜਿੱਥੋਂ ਆਏ ਹੁੰਦੇ ਹਨ। ਮਨੁੱਖ ਵੀ ਅਕਸਰ ਯਾਤਰੂਆਂ ਜਾਂ ਹਮਲਾਵਰਰਾਂ ਦੇ ਰੂਪ ਵਿੱਚ ਨਵੇਂ ਨਵੇਂ ਤੇ ਖੁਸ਼ਹਾਲ ਦਿਸਹਿੱਦਿਆਂ ਵਲ ਪਰਵਾਸ ਕਰਦਾ ਹੀ ਰਿਹਾ ਏ। ਉਤਰੀ ਭਾਰਤ ਵਿੱਚ ਦਰਾ ਖੈਬਰ ਦੇ ਰਸਤੇ ਅਨੇਕਾਂ ਹੀ ਪਰਵਾਸੀ ਹਮਲਾਵਰ ਆਉਂਦੇ ਰਹੇ ਤੇ ਲੁੱਟ ਘਸੁੱਟ ਕਰਕੇ ਵਾਪਸ ਜਾਂਦੇ ਰਹੇ। ਜਿੱਥੇ ਪੰਛੀ ਸਿਰਫ਼ ਸੁਹਣੇ ਅਤੇ ਸੁਖਾਵੇਂ ਮੌਸਮ ਦਾ ਆਨੰਦ ਮਾਨਣ ਲਈ ਪਰਵਾਸ ਕਰਦੇ ਰਹੇ ਹਨ ਉਥੇ ਮਨੁੱਖ ਇਹ ਪਰਵਾਸ ਆਮ ਤੌਰ ਤੇ ਧੰਨ ਦੌਲਤ ਦੇ ਲਾਲਚ ਹਿੱਤ ਅਤੇ ਚੰਗਾ ਜੀਵਨ ਬਸਰ ਕਰਨ ਦੇ ਹਿੱਤ ਕਰਦਾ ਰਿਹਾ ਏ।

ਪਿਛਲੀ ਤਕਰੀਬਨ ਇੱਕ ਸਦੀ ਤੋਂ ਪੰਜਾਬ ਵਿਚੋਂ ਵੀ ਪਰਵਾਸ ਕਰਨ ਦਾ ਰੁਝਾਨ ਬਹੁਤ ਵਧਿਆ ਹੈ। ਪਹਿਲਾਂ ਪਹਿਲਾਂ ਇਹ ਪਰਵਾਸ ਦੁਆਬੇ ਵਿੱਚ ਸ਼ੁਰੂ ਹੋਇਆ। ਜ਼ਮੀਨ ਦੀ ਵਾਰ ਵਾਰ ਵੰਡ ਨੇ ਕਿਸਾਨਾਂ ਦੀ ਪੈਲੀ ਨੂੰ ਇੰਨਾ ਘੱਟ ਕਰ ਦਿੱਤਾ ਕਿ ਉਹ ਮਜ਼ਬੂਰ ਹੋ ਕੇ ਚੰਗੀ ਕਮਾਈ ਕਰਨ ਲਈ ਇੰਗਲੈਂਡ, ਕੈਨੇਡਾ, ਮਲਾਇਆ ਅਤੇ ਅਮਰੀਕਾ ਵਲ ਨੂੰ ਤੁਰਦਾ ਰਿਹਾ। ਕਾਮਾਗਾਟਾਮਾਰੂ ਵਾਲਾ ਪਰਵਾਸ 100 ਸਾਲ ਪੁਰਾਣਾ ਹੋ ਚੁੱਕਾ ਏ। ਇਸ ਪਰਵਾਸ ਨੇ ਪੰਜਾਬੀਆਂ ਦਾ ਕੈਨੇਡਾ ਵਿੱਚ ਨੂੰ ਜਾਣ ਦਾ ਰਾਹ ਖੋਲ੍ਹਿਆ ਸੀ। ਭਾਵੇਂ ਇਸ ਜਹਾਜ ਤੇ ਸਵਾਰ ਪੰਜਾਬੀਆਂ ਨੂੰ ਅਨੇਕਾਂ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪਿਆ ਸੀ ਫਿਰ ਵੀ ਉਹਨਾਂ ਦੇ ਇਸ ਰੁਝਾਨ ਨੇ ਆਣ ਵਾਲੇ ਸਮੇਂ ਵਿੱਚ ਪੰਜਾਬ ਵਿੱਚੋਂ ਬਾਹਰ ਨੂੰ ਪਰਵਾਸ ਕਰਨ ਵਾਲੇ ਲੋਕਾਂ ਨੂੰ ਬਹੁਤ ਪ੍ਰਭਾਵਿਤ ਕੀਤਾ ਸੀ।

ਜਿਉਂ ਜਿਉਂ ਲੋਕਾਂ ਦੀ ਪਰਵਾਸ ਕਰਨ ਦੀ ਲਾਲਸਾ ਵਧਦੀ ਗਈ ਤਿਉਂ ਤਿਉਂ ਇਸ ਕੰਮ ਵਿੱਚੋਂ ਮਨੁੱਖੀ ਤਸਕਰੀ ਦੇ ਰੂਪ ਵਿੱਚ ਪੈਸਾ ਕਮਾਉਣ ਵਾਲੇ ਕਾਰੋਬਾਰੀਆਂ ਦੀ ਗਿਣਤੀ ਵਿੱਚ ਵੀ ਚੋਖਾ ਵਾਧਾ ਹੁੰਦਾ ਗਿਆ। ਇੱਕ ਦੇਸ਼ ਤੋਂ ਦੂਸਰੇ ਦੇਸ਼ ਵਿੱਚ ਰੋਜੀ ਰੋਟੀ ਕਮਾਉਣ ਲਈ ਜਾਣਾ ਕੋਈ ਬੁਰੀ ਗੱਲ ਨਹੀਂ ਏ ਪਰ ਇਹ ਪ੍ਰਕਿਰਿਆ ਕਾਨੂੰਨੀ ਤੌਰ ਤੇ ਸਹੀ ਹੋਣੀ ਚਾਹੀਦੀ ਏ। ਜਦ ਕੋਈ ਕਾਨੂੰਨ ਨੂੰ ਅੱਖੋਂ ਪਰੋਖੇ ਕਰਕੇ ਗਲਤ ਢੰਗ ਨਾਲ ਵਿਦੇਸ਼ ਜਾਣ ਦੀ ਇੱਛਾ ਨਾਲ ਮਨੁੱਖੀ ਤਸਕਰਾਂ ਦੇ ਹੱਥੇ ਚੜ੍ਹ ਜਾਂਦਾ ਏ ਤਾਂ ਫਿਰ ਮਾਲਟਾ ਕਾਂਡ ਵਰਗੀਆਂ ਘਟਨਾਵਾਂ ਹੋਣ ਦੀਆਂ ਸੰਭਾਵਨਾਵਾਂ ਵਧ ਜਾਂਦੀਆਂ ਹਨ। ਜ਼ਿਆਦਾਤਰ ਲੋਕ ਆਪਣੀ ਜ਼ਮੀਨ ਵੇਚ ਕੇ ਜਾਂ ਗਹਿਣੇ ਰੱਖ ਕੇ ਗਲਤ ਢੰਗ ਨਾਲ ਵਿਦੇਸ਼ ਜਾਣ ਨੂੰ ਤਰਜੀਹ ਦੇਣ ਲੱਗ ਪੈਂਦੇ ਹਨ। ਇਸ ਪ੍ਰਕਾਰ ਵਿਦੇਸ਼ ਜਾਣ ਵਾਲੇ ਲੋਕਾਂ ਵਿੱਚੋਂ ਜਿਆਦਾਤਰ ਜੇਲਾਂ ਵਿੱਚ ਚਲੇ ਜਾਂਦੇ ਹਨ ਜਾਂ ਆਪਣੀ ਜਾਨ ਤੱਕ ਜੋਖ਼ਮ ਵਿੱਚ ਪਾ ਲੈਂਦੇ ਹਨ। ਮਨੁੱਖੀ ਤਸਕਰੀ ਉਤੇ ਕੈਨੇਡਾ ਦੇ ਮਰਖਾਮ ਤੋਂ ਲਿਬਰਲ ਪਾਰਟੀ ਦੇ ਸੰਸਦ ਮੈਂਬਰ ਬੌਬ ਸਰਾਅ ਨੇ ਪਿੱਛੇ ਜਿਹੇ ਆਪਣੇ ਪਿੰਡ ਬੋਹਣ (ਹੁਸ਼ਿਆਰਪੁਰ) ਵਿਖੇ ਪਹੁੰਚ ਕੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੇ ਲੋਕ ਆਪਣੀਆਂ ਜਮੀਨਾਂ ਵੇਚ ਕੇ ਗੈਰਕਾਨੂੰਨੀ ਢੰਗ ਨਾਲ ਧੋਖੇਬਾਜ਼ ਏਜੰਟਾਂ ਤੋਂ ਆਪਣੀ ਲੁੱਟ ਕਰਵਾ ਕੇ ਕੈਨੇਡਾ ਪਹੁੰਚਦੇ ਸਨ। ਅਜਿਹੇ ਪੰਜਾਬੀਆਂ ਨੂੰ ਸਖ਼ਤ ਮਿਹਨਤ ਦੇ ਨਾਲ ਨਾਲ ਆਰਥਿਕ ਪੱਖ ਤੋਂ ਵੀ ਕਾਫ਼ੀ ਮੁਸ਼ਕਲਾਂ ਝੱਲਣੀਆਂ ਪੈਂਦੀਆਂ ਸਨ। ਉਨ੍ਹਾਂ ਨੂੰ ਕੰਮ ਵੀ ਲੁਕ ਛਿਪ ਕੇ ਕਰਨਾ ਪੈਂਦਾ ਸੀ ਪਰ ਕੈਨੇਡਾ ਸਰਕਾਰ ਨੇ ਤਕਰੀਬਨ 6 ਸਾਲ ਪਹਿਲਾਂ ਵਿਦਿਆਰਥੀ ਵੀਜ਼ਾ ਸ਼ੁਰੂ ਕਰਕੇ ਕਾਫ਼ੀ ਹੱਦ ਤੱਕ ਕਾਨੂੰਨੀ ਤਰੀਕੇ ਨਾਲ ਕੈਨੇਡਾ ਜਾਣ ਲਈ ਰਾਹ ਪੱਧਰਾ ਕਰ ਦਿੱਤਾ ਹੈ। ਬੌਬ ਸਰਾਅ ਨੇ ਕਿਹਾ ਕਿ ਜੇਕਰ 2019 ਵਿੱਚ ਉਹਨਾਂ ਦੀ ਬਿਲਰਲ ਪਾਰਟੀ ਦੀ ਸਰਕਾਰ ਬਣੀ ਤਾਂ ਇਮੀਗ੍ਰੇਸ਼ਨ ਦੀ ਪ੍ਰਕਿਰਿਆ ਨੂੰ ਹੋਰ ਵੀ ਸੁਖਾਲਾ ਬਣਾ ਦਿੱਤਾ ਜਾਵੇਗਾ।

ਮਨੁੱਖੀ ਤਸਕਰੀ ਦੀ ਇੱਕ ਤਾਜ਼ਾ ਘਟਨਾ ਹੁਣੇ ਹੁਣੇ ਵੀ ਵਾਪਰੀ ਏ। ਇਹ ਘਟਨਾ ਭਾਰਤ ਤੋਂ ਖੇਡਾਂ ਵਿੱਚ ਹਿੱਸਾ ਲੈਣ ਦੇ ਬਹਾਨੇ ਟੀਮ ਵਜੋਂ ਫਰਾਂਸ ਗਏ ਪੰਜਾਬ, ਹਰਿਆਣਾ ਅਤੇ ਦਿੱਲੀ ਦੇ 25 ਬੱਚਿਆਂ ਨਾਲ ਸਬੰਧਿਤ ਏ। ਟਰੈਵਲ ਏਜੰਟਾਂ ਵਲੋਂ ਇਹਨਾਂ ਬੱਚਿਆਂ ਨੂੰ ਪੱਛਮੀ ਦੇਸ਼ਾਂ ਦੀ ਹਰਮਨਪਿਆਰੀ ਖੇਡ ਰਗਬੀ ਦੀ ਸਿਖਲਾਈ ਦਿਵਾਉਣ ਦੇ ਬਹਾਨੇ ਫਰਾਂਸ ਲਿਜਾਇਆ ਗਿਆ ਸੀ ਪਰ ਸਿਖਲਾਈ ਕੈਂਪ ਦੀ ਸਮਾਪਤੀ ਤੋਂ ਬਾਅਦ ਇਹਨਾਂ ਵਿੱਚੋਂ 22 ਬੱਚੇ ਗੁਪਤ ਤਰੀਕੇ ਨਾਲ ਲਾਪਤਾ ਹੋ ਗਏ ਜਦਕਿ ਦੋ ਬੱਚੇ ਭਾਰਤ ਵਾਪਸ ਆ ਗਏ। ਇੱਕ ਬੱਚੇ ਨੂੰ ਫਰਾਂਸ ਦੀ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਸੀ ਜੋ ਸ਼ਾਇਦ ਅਜੇ ਵੀ ਪੁਲਿਸ ਹਿਰਾਸਤ ਵਿੱਚ ਏ। ਇਹ ਸਾਰੀ ਘਟਨਾ ਸੋਚੀ ਸਮਝੀ ਸਾਜਿਸ਼ ਦੇ ਤਹਿਤ ਹੋਈ ਲਗਦੀ ਏ। ਇਹ ਵੀ ਸੁਣਨ ਵਿੱਚ ਆਇਆ ਹੈ ਕਿ ਇਨ੍ਹਾਂ ਬੱਚਿਆਂ ਨੂੰ ਫਰਜੀ ਕਾਗਜ਼ਾਂ ਰਾਹੀਂ ਭੇਜਿਆ ਗਿਆ ਸੀ। ਇਸ ਕਰਕੇ ਇਹਨਾਂ ਦੀ ਪਛਾਣ ਕਰਨ ਵਿੱਚ ਵੀ ਮੁਸ਼ਕਿਲ ਬਣੀ ਰਹੀ। ਪੰਜਾਬ ਵਿੱਚ ਪਹਿਲਾਂ ਵੀ ਅਜਿਹੀਆਂ ਘਟਨਾਵਾਂ ਹੁੰਦੀਆਂ ਰਹੀਆਂ ਹਨ। ਨੌਜਵਾਨਾਂ ਦੇ ਗਰੁੱਪ ਬਣਾ ਕੇ ਕਬੂਤਰਬਾਜ਼ਾਂ ਰਾਹੀਂ ਵੀ ਉਹਨਾਂ ਨੂੰ ਵਿਦੇਸ਼ ਭੇਜਿਆ ਜਾਂਦਾ ਰਿਹਾ ਏ।

ਗੈਰਕਾਨੂੰਨੀ ਤਰੀਕਿਆਂ ਨਾਲ ਵਿਦੇਸ਼ ਭੇਜਣ ਵਾਲੇ ਟਰੈਵਲ ਏਜੰਟ ਜੇਕਰ ਦੋਸ਼ੀ ਹਨ ਤਾਂ ਉਹਨਾਂ ਦੇ ਨਾਲ ਹੀ ਮਨੁੱਖੀ ਤਸਕਰੀ ਲਈ ਖੁਦ ਪੇਸ਼ ਕਰਨ ਵਾਲੇ ਲੋਕ ਜਾਂ ਬੱਚਿਆਂ ਦੇ ਮਾਪੇ ਵੀ ਓਨੇ ਹੀ ਜਿੰਮੇਵਾਰ ਹਨ। ਹੈਰਾਨੀ ਹੁੰਦੀ ਏ ਕਿ ਕਿਵੇਂ ਮਾਪੇ ਆਪਣੇ ਮਾਸੂਮ ਬੱਚਿਆਂ ਨੂੰ ਹੈਵਾਨਾਂ ਦੇ ਹਵਾਲੇ ਕਰ ਦਿੰਦੇ ਹਨ। ਇਸ ਘਟਨਾ ਤੋਂ ਬਾਅਦ ਪਹਿਲੀ ਪ੍ਰਕਿਰਿਆ ਇਨ੍ਹਾਂ ਬੱਚਿਆਂ ਦੀ ਸੁਰੱਖਿਅਤਾ ਯਕੀਨੀ ਬਣਾਉਣੀ ਹੈ। ਟਰੈਵਲ ਏਜੰਟਾਂ ਦੀ ਤਲਾਸ਼ ਕਰਕੇ ਉਹਨਾਂ ਖਿਲਾਫ਼ ਸਖ਼ਤ ਕਾਰਵਾਈ ਕਰਨੀ ਚਾਹੀਦੀ ਏ। ਸਰਕਾਰਾਂ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਇਸ ਪ੍ਰਕਾਰ ਦੀਆਂ ਘਟਨਾਵਾਂ ਦੁਆਰਾ ਨਾ ਵਾਪਰਨ। ਟਰੈਵਲ ਏਜੰਟਾਂ ਦਾ ਨਿਸ਼ਾਨਾ ਬਣਨ ਵਾਲੇ ਨੌਜਵਾਨਾਂ ਨੂੰ ਵੀ ਚਾਹੀਦਾ ਹੈ ਕਿ ਉਹ ਦਿਨਾਂ ਮਹੀਨਿਆਂ ਵਿਚ ਅਮੀਰ ਬਣਨ ਦੇ ਸੁਪਨੇ ਲੈਣੇ ਛੱਡ ਕੇ ਆਪਣੇ ਦੇਸ਼ ਵਿੱਚ ਹੀ ਦਿਲ ਲਗਾ ਕੇ ਕੋਈ ਕੰਮ ਕਿੱਤੇ ਕਰਨ। ਜਿੰਨਾ ਪੈਸਾ ਉਹ ਏਜੰਟਾਂ ਨੂੰ ਦਿੰਦੇ ਹਨ ਓਨੇ ਪੈਸੇ ਨਾਲ ਆਪਣੇ ਦੇਸ਼ ਵਿੱਚ ਵੀ ਕੋਈ ਬੜਾ ਸੁਹਣਾ ਕਾਰੋਬਾਰ ਕੀਤਾ ਜਾ ਸਕਦਾ ਏ। ਹਾਂ, ਕਾਨੂੰਨੀ ਤਰੀਕੇ ਨਾਲ ਬਾਹਰ ਜਾਣ ਵਿੱਚ ਕੋਈ ਹਰਜ ਨਹੀਂ।

## ਮਿੱਟੀ ਦੀ ਮਹਿਕ

# Hoshiarpur: a town of chos and Chaudharis

**The Tribune, Chandigarh**
**29 years ago**
**Feb. 4, 1989**

**In 1988-89 The Tribune Chandigarh, had published three commissioned articles on Hoshiarpur, Gurdaspur and Dharamshala. The article on Dharmshala entitled 'Dharamshala- Confluence of Cultures' was written by Dr. D.R. Sharma and the one on Gurdaspur entitled 'Gurdaspur- A Sleepy Town' was written by V.S. Mahajan. At the end of 1988 when I completed my Ph.D. on American novel, I unexpeetedly received a call from P.D. Mohindra of 'The Tribune' urging me to write a literary piece on Hoshiarpur.**


THE TRIBUNE, SATURDAY, FEBRUARY 4, 1989

Hoshiarpur: a town of chos and Chaudharis

Avtar S. Sangha

SITUATED at the foot of the Shivalik hills on the north-eastern tip of Punjab, its eastern boundary touching Himachal Pradesh, Hoshiarpur has been popularly known as a town of "chos" and "Chaudharis". The "chos" (seasonal rivulets) have spread out their fangs in such a way around the town that the fertile pieces of land give the impression of oases in a desert.

The word "cho" has an interesting etymology. During the monsoons, when rain water started flowing from the nearby hills, the people would say that the hills were "leaking" which can be seen as translated from the word "cho" in typical rural parlance. Stumps of trees and bushes cover the terrain of the "chos". When they sprout in the sandy white bed, one is reminded of the saying that the "poetry of the

nearby Bajwara village at the time of Mohammed Tughlak. Some believe that the town was established by two Diwans of Mohammad Tughlak. Bajwara was the birthplace of Sher Shah Suri, Beju Bawra, Mahatma Hans Raj and Pandit Durga Das.

The substandard land of the area has in a way proved to be a blessing in disguise for the people in the sense that they have had to lay stress on good education to earn a livelihood. Hoshiarpur's literacy rate is among the highest in India. The city has nurtured creative writers like Muneer Niazi, Hari Chand Akhtar, S.P. Saliq, Sahir Hoshiarpuri, Mehar Gera, P.K. Nazar, Akhtar Bhangalvi, Suresh Seth, Jagtar, Randhir Singh

'Chand', Jaswant Virdi and Devind[er] Josh. It has also been the fos[ter] mother of eminent personalities [in] other fields like Harbalabh (mu[si]cian), Dr B.N. Goswami (art cri[tic]), Dr A.C. Joshi (Botanist), B. Go[pal] (cinema) Gen Jai Singh and G[en] Harnam Singh Verma. Governm[ent] College and DAV College have re[n]dered yeoman service to the cau[se] of education, producing seve[ral] well-known persons in practica[lly] any field one can think of.

Apart from these colleges, [the] town has the Vishveshvara Na[nd] Vedic Research Institute. Dr Bh[as]karan Nair, Director of the institu[te], tells me that it is one of only t[wo] such institutes in India. Affiliated [to] Panjab University and managed [by] a charitable society, it has so

Situated at the foot of the Shivalik hills on the north-eastern tip of Punjab, its eastern boundary touching Himachal Pardesh, Hoshiarpur has been popularly known as a town of "chos" and "Choudharis" . The "chos" (seasonal rivulets) have spread out their fangs in such a way around the town that the fertile pieces of land give the impression of oases in a desert.

The word "cho" has an interesting etymology. During the monsoons, when rain water started flowing from the nearby hills , the people would say that the hills were "leaking" which can be seen as translated from the word "cho" in typical rural parlance. Stumps of trees and bushes cover the terrain of the "chos". When they sprout in the sandy white bed, one is reminded of the saying that the "poetry of the earth is never dead". After crossing the turbulent Bhangi "cho", on the Dharamshala road towards Rauza, a zigzag path seems to take one virtually into the hills. This idyllic area is a favourite picnic spot for Hoshiarpuris.

Some misanthropic minds have also attached the word "chors" with the town, thus making it a place of "chos, Chaudharis and chors". The word, however, is used only lightheartedly. My friends in the hostels of Punjab University would in fun dub the Hoshiarpuris as "clever" or even cunning, as the name of the city seems to connote. The people of the town are, however, by and large honest and peace-loving, qualities perhaps imbibed by being in constant touch with the simple Himachalis living next door. Generally, Chaudharis have remained at the helm of political affairs in the town – Kartar Singh, Bal Krishan, Amar Singh, Balbir and Kamal (all Chaudharis) – are some of the names that come to mind.




It is said that the town is named after Hoshiar Khan, who lived in nearby Bajwara village at the time of Mohammed Tughlak. Some believe that the town was established by two Diwans of Mohammad Tughlak. Bajwara was the birthplace of Sher Shah Suri, Beju Bawra, Mahatma Hans Raj and Pandit Durga Das.

The substandard land of the area has in a way proved to be a blessing in disguise for the people in the sense that they have had to lay stress on good education to earn a livelihood. Hoshiarpur's literacy rate is among the highest in India. The city has nurtured creative writers like Muneer Niazi, Hari Chand Akhtar, S.P. Saliq, Sahir Hoshiarpuri, Mehar Gera, P.K. Nazar, Akhtar Bhangalvi, Suresh Seth, Jagtar, Randhir Singh 'Chand', Jaswant Virdi and Davinder Josh. It has also been the foster mother of eminent personalities in other fields like Harbalabh (musician), Dr B.N. Goswami (art critic), Dr A.C. Joshi (Botanist), B. Gopal (cinema), Gen

ਅਵਤਾਰ ਐਸ. ਸੰਘਾ
Avtar S. Sangha
0437641033



Jai Singh and Gen Harnam Singh Verma. Government College and DAV College have rendered yeoman service to the cause of education, producing several well- known persons in practically any field one can think of. Apart from these colleges, the town has the Vishveshvara Nand Vedic Research Institute. Dr Bhaskaran Nair, Director of the institute, tells me that it is one of only two such institutes in India. Affiliated to Panjab University and managed by a charitable society, it has so far published 8000 books. In a sense it is the oldest indological research institute of India. Its library contains over printed 100000 books and about 10000 ancient manuscripts. It offers research in Sanskrit and has produced eminent scholars like Acharya Vishavbandhu and Ludwik Lambach. In 1965 some of the departments of the Institute were taken over by the Punjab University. We are transported to our hoary past by seeing Harappan pottery and ancient sculptures in the archaeological museum of the Institute. The parchments of Bharigu Samhita, though called ''fiddlesticks'' by Khushwant Sikh, have however, mush in store for devotees of astrology. After Pandit Des Raj, Snehprabha Shastri has now undertaken the arduous task of interpreting these mysterious documents that attract visitors from far and wide.

Bhai Joga Singh's Gurudwara is built in the memory of a devout Sikh who, half way through epithalamium, rushed to Anandpur Sahib to attend to a call from the 10th Guru.

Manvata Mandir, a new type of temple, is headed by Dr -1.C. Sharma, a visiting Professor of Cleveland university.

Though known for its resin industry, woodworks, ivory work and toys, the town has no big industry. The recently built magnificent Thapar Complex in a hilly and pastoral landscape, sheer poetry in sandstone, augurs well for the future of the town.

# ਭਾਰਤ ਤੇ ਆਸਟਰੇਲੀਆ 'ਚ ਸਬੰਧ ਹੋਰ ਮਜ਼ਬੂਤ ਕਰਨ ਦੀ ਲੋੜ: ਬੋਵੇਨ

ਗੁਰਚਰਨ ਕਾਹਲੋਂ



ਸਿਡਨੀ-ਆਸਟਰੇਲੀਆ ਦੇ ਸੰਘੀ ਸ਼ੈਡੋ ਖ਼ਜ਼ਾਨਾ ਮੰਤਰੀ ਕ੍ਰਿਸ ਬੋਵੇਨ ਨੇ ਕਿਹਾ ਹੈ ਕਿ ਭਾਰਤ ਅਤੇ ਆਸਟਰੇਲੀਆ ਦੇ ਦੁਵੱਲੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਹੈ। ਭਾਰਤ ਹੁਣ ਸਿੱਖਿਆ ਅਤੇ ਵਪਾਰ ਖੇਤਰਾਂ ਵਿੱਚ ਆਸਟਰੇਲੀਆ ਲਈ ਦੂਜਾ ਸਭ ਤੋਂ ਵੱਡਾ ਸਰੋਤ ਕੇਂਦਰ ਹੈ।

ਹਾਲ ਹੀ ਵਿੱਚ ਭਾਰਤ ਦੀ ਪੰਜਵੀਂ ਫੇਰੀ ਤੋਂ ਬਾਅਦ ਇੱਥੇ ਉਨ੍ਹਾਂ ਕਿਹਾ ਕਿ ਉਹ ਸਮਝਦੇ ਹਨ ਕਿ ਭਾਰਤ ਨਾਲ ਆਸਟਰੇਲੀਆ ਦੇ ਦੁਵੱਲੇ ਸਬੰਧ ਇਸ ਖੇਤਰ ਦੀ ਖ਼ੁਸ਼ਹਾਲੀ ਨਾਲ ਡੂੰਘਾ ਸਬੰਧ ਰੱਖਦੇ ਹਨ।

ਇਸ ਤੋਂ ਕਿਤੇ ਵੱਧ ਜ਼ਰੂਰੀ ਇਹ ਹੈ ਕਿ ਆਸਟਰੇਲੀਆ ਨੂੰ ਇੱਥੇ ਵਸਦੇ ਭਾਰਤੀ ਪਰਵਾਸੀਆਂ ਦੀ ਮਹੱਤਤਾ ਨੂੰ ਘੱਟ ਨਹੀਂ ਸਮਝਣਾ ਚਾਹੀਦਾ। ਜ਼ਿਕਰਯੋਗ ਹੈ ਕਿ ਚੀਨ ਤੋਂ ਬਾਅਦ ਭਾਰਤ ਤੋਂ ਵਿਦਿਆਰਥੀ ਤੇ ਸਿੱਖਿਅਤ ਕਾਮਿਆਂ ਦੀ ਗਿਣਤੀ ਪਿਛਲੇ ਦੋ ਸਾਲਾਂ ਤੋਂ ਆਸਟਰੇਲੀਆ ਵਿੱਚ ਅੱਗੇ ਹੈ।

## ਵਿਕਟੋਰੀਅਨ ਵਿਦਿਆਰਥੀਆਂ ਨੂੰ ਭਾਰਤ ਆਉਣ ਦਾ ਮਿਲੇਗਾ ਮੌਕਾ

ਵਿਕਟੋਰੀਆ ਦੇ ਪ੍ਰੀਮੀਅਰ ਡੈਨੀਅਲ ਐਂਡਰਿਊਜ਼ ਨੇ ਕਿਹਾ ਕਿ ਭਾਰਤ ਨਾਲ ਆਰਥਿਕ ਤੇ ਸਭਿਆਚਾਰਕ ਰਿਸ਼ਤਿਆਂ ਦੀ ਮਜ਼ਬੂਤੀ ਲਈ ਵਿਕਟੋਰੀਆ ਦੇ ਸਕੂਲਾਂ ਵਿੱਚ ਪੜਦੇ ਵਿਦਿਆਰਥੀਆਂ ਨੂੰ ਭਾਰਤ ਆਉਣ ਦਾ ਮੌਕਾ ਮਿਲੇਗਾ। ਦਿੱਲੀ ਦੇ ਬਲੂਬੈੱਲ ਸਕੂਲ ਇੰਟਰਨੈਸ਼ਨਲ ਦੀ ਫ਼ੇਰੀ ਮੌਕੇ ਪ੍ਰੀਮੀਅਰ ਨੇ ਕਿਹਾ ਕਿ ਇਕ ਦੂਜੇ ਦੇ ਸਭਿਆਚਾਰ ਨੂੰ ਸਮਝਣ ਤੇ ਗਿਆਨ ਦੇ ਅਦਾਨ ਪ੍ਰਦਾਨ ਲਈ ਸੱਤ ਤੋਂ ਨੌਂ ਵਿਦਿਆਥਰੀ ਤੇ 25 ਅਧਿਆਪਕ ਭਾਰਤ ਦੀ ਯਾਤਰਾ ਕਰਨਗੇ ਤੇ ਦੋ ਤੋਂ ਚਾਰ ਹ.ਫ਼ਤਿਆਂ ਦੇ ਇਮਰਸ਼ਨ ਪ੍ਰੋਗਰਾਮ ਨੂੰ ਪੂਰਾ ਕਰਨਗੇ।


ਸਮੱਸਿਆ ਕੋਈ ਵੀ ਹੋਵੇ ਵਿਸ਼ਵਾਸ ਨਾਲ ਸਮਾਧਾਨ



ਜੋਤਿਸ਼ ਵਿਦਿਆ ਦੇ ਮਹਾਗਿਆਤਾ
ਖਾਨਦਾਨੀ ਪੰਡਿਤ ਕਰਨਵੀਰ ਸ਼ਾਸਤਰੀ ਜੀ
ਪੀੜੀ ਦਰ ਪੀੜੀ 60 ਸਾਲਾ ਦਾ ਤਜੁਰਬਾ
ਨੋਟ : ਮਾਂ ਜਗਦੰਬੇ ਦੀ ਕ੍ਰਿਪਾ ਨਾਲ ਸਾਡੇ ਦਰਬਾਰ ਤੋ ਕੋਈ ਖਾਲੀ ਨਹੀ ਜਾਂਦਾ
ਤੁਹਾਡੀ ਸਮੱਸਿਆ ਜਿਵੇ ਕਿ ਲਵਮੈਰਿਜ, ਵਸ਼ੀਕਰਣ ਕਰਵਾਨਾ ਜਾਂ ਤੁੜਵਾਨਾ, ਨੌਕਰੀ, ਕਾਰੋਬਾਰ, ਗ੍ਰਹਿ ਕਲੇਸ਼, ਲਾਟਰੀ ਦਾ ਨੰਬਰ, ਕੋਰਟ ਕਚਹਰੀ ਵਿਦੇਸ਼ ਵਿੱਚ ਪੱਕਾ ਹੋਣਾ, ਸੰਤਾਨ ਸਮੱਸਿਆ, ਕਰਜ਼ਾ ਮੁਕਤੀ, ਪਿਆਰ 'ਚ ਧੋਖਾ, ਬੀਮਾਰੀ 'ਚ ਦਵਾ ਦਾ ਨਾ ਲਗਨਾ ਆਦਿ ਸਮੱਸਿਆ ਦਾ ਹੱਲ ਕਰਵਾਉ।
ਘੰਟਿਆ, ਮਿੰਟਿਆ 'ਚ ਕੰਮ ਕਰਨ ਵਾਲਿਆ ਤੋ ਬਚੋ, ਸਹੀ ਜਗਾ ਸੰਪਰਕ ਕਰੋ
+91-9929210838


## ਦਾ ਪੰਜਾਬ ਹੈਰਲਡ

ਵਿਚ ਕਿਸੇ ਵੀ ਤਰ੍ਹਾਂ ਦੀਆਂ ਖਬਰਾਂ, ਸਾਹਿਤਕ ਕ੍ਰਿਤਾਂ, ਜਾਇਦਾਦ ਸੰਬੰਧੀ ਸੂਚਨਾਵਾਂ ਤੇ ਵਿਆਹ ਸ਼ਾਦੀਆਂ ਸੰਬੰਧੀ ਇਸ਼ਤਿਹਾਰ ਛਪਵਾਉਣ ਲਈ ਤੁਸੀਂ ਸਾਡੇ ਨਾਲ ਹੇਠ ਲਿਖੇ ਨੰਬਰ ਅਤੇ ਈ-ਮੇਲ ਤੇ ਸੰਪਰਕ ਕਰ ਸਕਦੇ ਹੋ। ਚੰਗਾ ਹੋਵੇਗਾ ਜੇ ਇਹ ਸਭ ਪ੍ਰਕਾਰ ਦੀ ਸਮਗਰੀ ਹਰ ਮਹੀਨੇ 20 ਤਰੀਖ ਤੋਂ ਪਹਿਲਾਂ ਪਹਿਲਾਂ ਸਾਡੇ ਪਾਸ ਪਹੁੰਚ ਜਾਵੇ।

thepunjabherald1@gmail.com

ਜੇਕਰ ਕਿਸੇ ਨੇ ਇਸ਼ਤਿਹਾਰ ਛਪਵਾਉਣਾ ਬੰਦ ਕਰਾਉਣਾ ਹੋਵੇ ਤਾਂ ਉਹ ਮਹੀਨੇ ਦੀ 20 ਤਾਰੀਖ ਤੋਂ ਪਹਿਲਾਂ ਪਹਿਲਾਂ ਸਾਨੂੰ ਸੂਚਿਤ ਕਰੇ।

**If somebody wishes to discontinue the advertisement, then please intimate us by calling 0437641033 before 20th every month.**

ਸੰਪਰਕ 0437641033

### Disclaimer


The Punjab Herald and the staff associated with it are not responsible for any claims made by the advertisers and do not endorse any product or advertisement published in the newspaperÍ The views expressed in the advertisement and various articles belong solely to the concerned advertisers and authorsÍ They do not reflect the views of the newspaper managementÍ Jurisdiction SydneyÍ


## Matrimonials

ਪਰਿਵਾਰ ਸਮੇਤ ਪਿਛਲੇ 10 ਸਾਲਾਂ ਤੋਂ ਸਿਡਨੀ ਵਿੱਚ ਰਹਿ ਰਹੀ ਜੱਟ ਸਿੱਖ ਸਿੱਧੂ ਲੜਕੀ 1994/5'8" ਆਸਟਰੇਲੀਅਨ ਸਿਟੀਜ਼ਨ B.Sc. Nursing ਕਰ ਰਹੀ ਲਈ ਯੋਗ ਵਰ ਦੀ ਲੋੜ ਹੈ।

**ਫੋਨ: 0470626492**

ਈਮੇਲ: singhsidhu229@gmail.com

ਰਵਿਦਾਸੀਆ ਸਿੱਖ ਲੜਕੀ ਉਮਰ 26 ਸਾਲ, ਕੱਦ 5' 2", ਐਮ.ਏ. ਹਿਸਟਰੀ, ਡਰੈਸ ਡਿਜ਼ਾਇਨਿੰਗ ਕੋਰਸ ਪਾਸ ਲਈ ਵਿਦੇਸ਼ੀ ਯੋਗ ਵਰ ਦੀ ਜਰੂਰਤ। ਲੋੜਵੰਦ ਹੇਠ ਲਿਖੇ ਨੰਬਰ ਤੇ ਸੰਪਰਕ ਕਰ ਸਕਦੇ ਹਨ।

**ਫੋਨ: 95012-21777 (ਇੰਡੀਆ)**

**0437641033 (ਆਸਟ੍ਰੇਲੀਆ)**

☛Suitable match for Valmiki girl, fair complexion, 28, 5 feet,, Graduate, Advance Diploma in Aesthetics Hair Dressing from Orane Patiala. Brother Australian citizen, He lives in Sydney.

**Call: 0426252581**


111 Accounting & Taxation Consultants
111 Business & Home Loans
TAX RETURNS




Open 7 Days
Tax Returns, Home & Car Loans, BAS, Company Formation, SMSF Setup & Audit
Present this to receive $5 off
Sanjeev Walia
Level 1, 13 Flushcombe Road, Blacktown, NSW, 2148
(Two minutes of walk from Blacktown Train Station)
Ph: (02) 96767302
Mobile: 0431312081
Email: 111taxconsultant@gmail.com W: www.111homeloans.com.au
* Conditions Apply

CASTLE

GROUP

Presents

# ASHTON GARDENS

## LUXURY HOME & LAND, RIVERSTONE




## ABOUT CASTLE GROUP

Castle Group has built its foundations on conceptualising and delivering large-scale construction projects for the mining industry for companies such as Chevron & Fortescue Metals with project values in excess of $500 million.

Now Castle Group has entered the residential sector with premium projects in Sydney's booming north western suburbs of Rouse Hill, Riverstone, Kellyville and Schofields with projects over $1 billion over the next 3 years.

All projects will reflect the futuristic thinking and customer-centric approach of Castle Group.

With its directors Ritchie Perera and Kren Moodley providing dynamic and visionary leadership, Castle Group is poised for a big leap to become the developers of choice for the discerning home buyer.




**VISIT OUR DISPLAY GALLERY**
OR **REGISTER** AT **CASTLEGROUP.COM.AU**










# Welcome aboard, Yogesh 'Blockbuster' Sharma



image credit AJ Singh/EventOz

He has brought Bollywood to Australia. He has taken the live show concept to new heights with his choice of celebrities, impeccable organisation and an unflinching commitment to give his clients complete value for money with superbly mounted productions year after year.

Now the man behind Cinestar Events - Yogesh Sharma - joins Castle Group to bring to you some of the finest homes built in north-west Sydney. A keen real estate enthusiast and someone who knows all about quality, Yogesh is now part of our dynamic marketing team at Castle Group.

Let's hear from the man himself, "While I am humbled by the love and support of people who have been my loyal clients for every show by Cinestar Events," says Yogesh, "I did feel that we can bring a lot more value to our community by joining hands with like-minded professionals in other industries as well. I have long admired Ritchie's passion for excellence in every business he is a part of. After studying their plans for the residential market, I was confident that we should be working together and serve the community."


Yogesh Sharma with Jagjit Singh


Yogesh Sharma with Salman Khan

The team at Castle Group are just as excited to have someone of Yogesh's experience and track record amongst them. Director Ritchie Perera puts it simply, "At the end of the day, business...any business..is all about people. When you find good people, you should try to become a team. With Yogesh, this is exactly what we have done. He brings tremendous value and energy into our business and we are excited to have him on board."



1800 1 **CASTLE** / 1800 1 **227 853**
0401 422 630
yogesh@castlegroup.com.au
castlegroup.com.au
Display Gallery: Suite 401,
2-8 Brookhollow Ave, Baulkham Hills

CASTLE
GROUP

# ਸੂਰਜ ਦੀ ਗਰਮੀ ਤੋਂ ਬਚਾਉਂਦੇ ਹਨ ਦਰੱਖ਼ਤ

ਸਿਡਨੀ (ਗੁਰਚਰਨ ਸਿੰਘ ਕਾਹਲੋਂ)-ਸੂਰਜ ਦੀ ਗਰਮੀ ਤੋਂ ਬਚਣ ਲਈ ਦਰੱਖਤਾਂ ਦੀ ਅਹਿਮੀਅਤ ਨੂੰ ਸਮਝਣ ਦੀ ਲੋੜ ਹੈ। ਦਰੱਖਤ ਤਪਸ਼ ਨੂੰ ਘੱਟ ਕਰਦੇ ਹਨ। ਕਈ ਥਾਈਂ ਦਰੱਖ਼ਤਾਂ ਕਰਕੇ ਤਾਪਮਾਨ ਡੇਢ ਤੋਂ ਦੋ ਡਿਗਰੀ ਤਕ ਘੱਟਣ ਦਾ ਪਤਾ ਲੱਗਾ ਹੈ। ਦਰੱਖਤਾਂ ਨੂੰ ਮਨੁੱਖੀ ਜੀਵਨ ਤੇ ਵਾਤਾਵਰਣ ਦਾ ਅਹਿਮ ਸਰੋਤ ਦੱਸਿਆ ਗਿਆ ਹੈ। ਇਹ ਖ਼ੁਲਾਸਾ ਆਸਟਰੇਲੀਆ ਦੀ ਪ੍ਰਮੁੱਖ ਸਿੱਖਿਆ ਸੰਸਥਾ ਯੂਨੀਵਰਸਿਟੀ ਆਫ਼ ਨਿਊ ਸਾਊਥ ਵੇਲਜ਼ (ਯੂਐਨਐਸਡਬਲਯੂ) ਨੇ ਹਾਲ ਹੀ ਵਿੱਚ ਕੀਤੇ ਆਪਣੇ ਸਰਵੇਖਣ ਵਿਚ ਕੀਤਾ ਹੈ।

ਆਸਟਰੇਲੀਆ ਵਿੱਚ ਇਨੀਂ ਦਿਨੀ ਭਾਰੀ ਗਰਮੀ ਪੈ ਰਹੀ ਹੈ। ਪਿਛਲੇ ਹਫ਼ਤੇ ਸਿਡਨੀ ਸਮੇਤ ਹੋਰਨਾਂ ਖੇਤਰਾਂ 'ਚ ਵੱਧ ਰਹੇ ਤਾਪਮਾਨ ਨੇ ਰਿਕਾਰਡ ਤੋੜੇ ਹਨ। ਸਿਡਨੀ ਸ਼ਹਿਰ 'ਚ ਪ੍ਰਮੁੱਖ ਅਰਧ ਸ਼ਹਿਰੀ ਖੇਤਰ ਪੈਨਰਥ ਵੀ ਹੈ। ਇਥੇ ਤਾਪਮਾਨ 47 ਡਿਗਰੀ ਤੋਂ ਵੱਧ ਦਰਜ ਹੋਇਆ ਹੈ। ਇਹ ਖੇਤਰ



ਸਮੁੰਦਰੀ ਤੱਟ ਤੋਂ 50 ਕਿਲੋਮੀਟਰ ਦੂਰ ਪੱਛਮ ਵਿਚ ਹੈ। ਸਰਵੇਖਣ ਰਿਪੋਰਟ ਸਾਹਮਣੇ ਆਉਣ ਬਾਅਦ ਪੈਨਰਥ, ਸਿਟੀ ਕੌਂਸਲ ਨੇ ਗਰਮੀ ਦੇ ਪ੍ਰਕੋਪ ਤੋਂ ਬਚਣ ਲਈ ਅਗਸਤ 2018 ਤੱਕ ਇੱਕ ਲੱਖ ਬੂਟੇ ਲਗਾਉਣ ਦਾ ਟੀਚਾ ਮਿਥਿਆ ਹੈ।

ਸਰਵੇਖਣ ਬਾਰੇ ਪ੍ਰੋਫ਼ੈਸਰ ਸੇਂਟਾ ਮੋਰਿਸ ਨੇ ਦੱਸਿਆ ਕਿ ਸ਼ਹਿਰੀਕਰਨ ਨਾਲ ਦਰੱਖਤਾਂ ਦਾ ਘਟਣਾ ਤੇ ਪ੍ਰਦੂਸ਼ਣ ਦਾ ਵੱਧਣਾ ਮੌਸਮੀ ਵਿਗਾੜ ਪੈਦਾ ਕਰ ਰਿਹਾ ਹੈ। ਤੱਟਵਰਤੀ ਸਿਡਨੀ ਵਿਚ ਸਾਲਾਨਾ 100,000 ਲੋਕਾਂ ਪਿੱਛੇ ਪੰਜ ਮੌਤਾਂ ਗਰਮੀ ਨਾਲ ਹੁੰਦੀਆਂ ਹਨ ਜਦੋਂ ਕਿ ਸ਼ਹਿਰ ਦੇ ਪੱਛਮੀ ਖੇਤਰ 'ਚ ਇਹ ਗਿਣਤੀ 14 ਹੈ। ਸਾਲ 2009 ਤੋਂ 2016 ਤੱਕ 3.6 ਫੀਸਦ ਦਰੱਖਤ ਵਧੇ ਹਨ। ਆਸਟਰੇਲੀਆ 'ਚ ਗਰਮੀ ਦਾ ਵੱਧ ਰਿਹਾ ਪ੍ਰਕੋਪ ਆਲਮੀ ਪੱਧਰ 'ਤੇ ਤਪਸ਼ ਵਧਣ ਦਾ ਵੀ ਕਾਰਨ ਹੈ। ਉਨਾਂ ਦਰੱਖਤਾਂ ਦੀ ਨਾਜਾਇਜ਼ ਕਟਾਈ ਰੋਕਣ ਲਈ ਸਖਤੀ ਵਰਤਣ, ਘਰਾਂ ਦੀ ਬਣਤਰ ਬਦਲ ਰਹੇ ਮੌਸਮ ਅਨੁਕੂਲ ਕਰਨ ਤੇ ਛੱਤਾਂ ਦਾ ਰੰਗ ਮੱਧਮ ਰੱਖਣ ਅਤੇ ਹਵਾਦਾਰ ਘਰ ਬਣਾਉਣ 'ਤੇ ਜ਼ੋਰ ਦਿੱਤਾ।

# ਆਸਟਰੇਲੀਆ ਵਿੱਚ ਅਪਰੈਲ ਮਹੀਨੇ ਹੋਣਗੇ ਦੋ ਕਬੱਡੀ ਕੱਪ

ਸਿਡਨੀ (ਗੁਰਚਰਨ ਸਿੰਘ ਕਾਹਲੋਂ)-ਆਸਟਰੇਲੀਆ ਵਿੱਚ ਵਿਸ਼ਵ ਕਬੱਡੀ ਕੱਪ ਮੁਕਾਬਲਾ ਸਿਆਸੀ ਦੰਗਲ ਬਣਦਾ ਨਜ਼ਰ ਆ ਰਿਹਾ ਹੈ। ਇਸ ਵਾਰ ਕੇਵਲ ਦੋ ਹਫ਼ਤੇ ਦੇ ਫ਼ਰਕ ਨਾਲ ਦੋ ਵਿਸ਼ਵ ਕਬੱਡੀ ਮੁਕਾਬਲੇ ਹੋਣ ਜਾ ਰਹੇ ਹਨ। ਕਬੱਡੀ ਦੰਗਲ ਵਿੱਚ ਪੰਜਾਬ ਦੇ ਅੱਧੀ ਦਰਜਨ ਪੁਲੀਸ ਅਫ਼ਸਰ ਆਈਪੀਐਸ ਅਧਿਕਾਰੀ ਪਰਮਰਾਜ ਸਿੰਘ ਉਮਰਾਨੰਗਲ, ਹਰਦਿਆਲ ਸਿੰਘ ਮਾਨ ਅਤੇ ਪੀਪੀਐਸ ਹਰਪ੍ਰੀਤ ਸਿੰਘ, ਕੇਸਰ ਸਿੰਘ ਧਾਲੀਵਾਲ ਤੇ ਬਲਵਿੰਦਰ ਸਿੰਘ ਤੋਂ ਇਲਾਵਾ ਕਈ ਸਿਆਸੀ ਆਗੂ ਵੀ ਦਰਸ਼ਕਾਂ ਵਜੋਂ ਸ਼ਾਮਲ ਹੋ ਰਹੇ ਹਨ। ਮੁੱਖ ਮਹਿਮਾਨ ਵਜੋਂ ਕਬੱਡੀ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਤੇ ਸਾਬਕਾ ਮੰਤਰੀ ਪੰਜਾਬ ਸਿਕੰਦਰ ਸਿੰਘ ਮਲੂਕਾ, ਮੀਤ ਪ੍ਰਧਾਨ ਤੇਜਿੰਦਰ ਸਿੰਘ ਮਿੱਡੂਖੇੜਾ ਤੇ ਫਿਲਮ ਸੈਂਸਰ ਬੋਰਡ ਦੇ ਮੈਂਬਰ ਪਰਮਜੀਤ ਸਿੰਘ ਘਵੱਦੀ ਸਣੇ ਹੋਰ ਅਕਾਲੀ ਆਗੂ ਨਜ਼ਰ ਆਉਣਗੇ।

ਜ਼ਿਕਰਯੋਗ ਹੈ ਕਿ ਮੈਲਬਰਨ ਵਿੱਚ ਨਾਮੀ ਪਹਿਲਵਾਨ ਤੇ ਕਬੱਡੀ ਕੋਚ ਕੁਲਦੀਪ ਬਾਸੀ ਹੋਰਨਾਂ ਖੇਡ ਕਲੱਬਾਂ ਨਾਲ ਮਿਲ ਕੇ ਕਰੀਬ ਇੱਕ ਦਹਾਕੇ ਤੋਂ ਸਾਲਾਨਾ ਕਬੱਡੀ ਮੁਕਾਬਲਾ ਕਰਵਾਉਂਦੇ ਆ ਰਹੇ ਹਨ ਪਰ ਪੰਜਾਬ ਵਿੱਚ ਬਦਲੀ ਸਿਆਸੀ ਫਿਜ਼ਾ ਨਾਲ ਸੱਤ ਸਮੁੰਦਰੋਂ ਪਾਰ ਆਸਟਰੇਲੀਆ ਵਿੱਚ ਵੀ ਸਥਿਤੀ ਬਦਲੀ ਹੈ। ਇਹ ਪਹਿਲੀ ਵਾਰ ਹੈ ਕਿ ਆਸਟਰੇਲੀਅਨ ਕਬੱਡੀ ਫੈਡਰੇਸ਼ਨ ਜਿਸ ਦੇ ਚੈਅਰਮੈਨ ਕੋਚ ਬਾਸੀ ਹਨ, ਦੀ ਤਰਜ਼ 'ਤੇ ਵਿਸ਼ਾਲ ਸ਼ਰਮਾ, ਸ਼ਮੀ ਸਿੰਘ, ਸਾਹਿਲ ਕਪੂਰ, ਅਮਰ ਤਿਵਾੜੀ ਤੇ ਸ਼ੁਭਮ ਸ਼ਰਮਾ ਆਦਿ ਵੀ ਇੰਟਰਨੈਸ਼ਨਲ ਕਿੰਗਜ਼ ਕਬੱਡੀ ਕੱਪ ਕਰਵਾ ਰਹੇ ਹਨ। ਇਨਾਂ ਵਿਸ਼ਵ ਕਬੱਡੀ ਕੱਪਾਂ ਵਿੱਚ ਭਾਰਤ, ਪਾਕਿਸਤਾਨ, ਅਮਰੀਕਾ, ਨਿਊਜੀਲੈਂਡ, ਕੈਨੇਡਾ ਤੇ ਹੋਰ ਮੁਲਕਾਂ ਦੀਆਂ ਕਬੱਡੀ ਟੀਮਾਂ ਦੇ ਸ਼ਾਮਲ ਹੋਣ ਦੇ ਦਾਅਵੇ ਕੀਤੇ ਜਾ ਰਹੇ ਹਨ। ਸ੍ਰੀ ਮਲੂਕਾ ਨੇ ਇਸ ਬਾਰੇ ਗੱਲ ਕਰਨ 'ਤੇ ਕਿਹਾ ਕਿ ਮਿਲੇ ਸੱਦੇ ਅਨੁਸਾਰ ਉਹ 8 ਤੇ 22 ਅਪਰੈਲ ਨੂੰ ਮੈਲਬਰਨ ਵਿੱਚ ਹੋਣ ਜਾ ਰਹੇ ਕਬੱਡੀ ਮੁਕਾਬਲਿਆਂ ਵਿੱਚ ਪਹੁੰਚਣਗੇ। ਉਨਾਂ ਕਿਹਾ ਕਿ ਕਬੱਡੀ ਦੇ ਇਸ਼ਤਿਹਾਰਾਂ ਵਿੱਚ ਪੁਲੀਸ ਅਫ਼ਸਰਾਂ ਦੀਆਂ ਤਸਵੀਰਾਂ ਨਹੀਂ ਛਾਪਣੀਆਂ ਚਾਹੀਦੀਆਂ ਸਨ। ਇਹ ਰੁਝਾਨ ਬਿਨਾਂ ਵਜਾ ਪੁਲੀਸ ਨੂੰ ਤਰਜੀਹ ਦੇਣ ਹੈ। ਸ਼ਾਇਦ ਆਸਟਰੇਲੀਆ ਵਿੱਚ ਬੈਠੇ ਹੋਏ ਵਿਅਕਤੀਆਂ ਨੂੰ ਵੀ ਇਨਾਂ ਦੀ ਵੱਧ ਲੋੜ ਜਾਪੀ ਹੋਵੇ। ਉੱਧਰ, ਸ੍ਰੀ ਬਾਸੀ ਨੇ ਵੰਡੀ ਦੀ ਵਿੱਥ ਨੂੰ ਪੂਰਨ ਤੇ ਕਬੱਡੀ ਮੁਕਾਬਲਾ ਇੱਕ ਹੀ ਕਰਾਉਣ ਦੀ ਅਪੀਲ ਕੀਤੀ ਹੈ।

ਇੱਕ ਚਮਤਕਾਰ ਜੋ ਅੱਖੀਂ ਵੇਖਿਆ



ਮੈਂ ਸੁਰਜੀਤ ਸਿੰਘ ਪਿਛਲੇ ਕਈ ਸਾਲਾਂ ਤੋ ਇੱਥੇ ਅਮਰੀਕਾ ਵਿੱਚ ਆਪਣਾ ਰੈਸਟੋਰੈਂਟ ਚਲਾ ਰਿਹਾ ਹਾਂ। ਪਹਿਲਾਂ ਕਾਫੀ ਵਧੀਆ ਕਾਰੋਬਾਰ ਚੱਲ ਰਿਹਾ ਸੀ ਪਰ ਕੰਮ ਵਿੱਚ ਦਿਨ ਪ੍ਰਤਿਦਿਨ ਘਾਟਾ ਪੈਂਦਾ ਗਿਆ। ਕਾਰੋਬਾਰ ਚਲਾਉਣ ਲਈ ਮੈਨੂੰ ਬੈਂਕ ਤੋਂ ਵੀ ਕਰਜ਼ਾ ਲੈਣਾ ਪਿਆ ਪਰ ਫਿਰ ਵੀ ਕੋਈ ਫਾਇਦਾ ਨਾ ਹੋਇਆ। ਮੈ ਆਪਣੀ ਜ਼ਿੰਦਗੀ ਤੋਂ ਪੂਰੀ ਤਰਾਂ ਤੰਗ ਆ ਗਿਆ ਸੀ। ਇੱਕ ਦਿਨ ਕਿਸੇ ਗਰੋਸਰੀ ਸਟੋਰ ਤੇ ਮੈਨੂੰ ਮੇਰਾ ਦੋਸਤ ਮਿਲਿਆ। ਮੈਂ ਭਰੇ ਮਨ ਨਾਲ ਉਸ ਨੂੰ ਆਪਣੇ ਸਾਰੇ ਹਾਲਾਤ ਦੱਸੇ। ਉਸਨੇ ਮੈਨੂੰ ਮਾਤਾ ਸ਼ਾਰਦਾ ਦੇਵੀ ਜੀ ਬਾਰੇ ਦੱਸਿਆ ਅਤੇ ਉਨ੍ਹਾਂ ਦਾ ਫੋਨ ਨੰਬਰ ਵੀ ਦਿੱਤਾ। ਮੈਂ ਜਦੋ ਮਾਤਾ ਜੀ ਨਾਲ ਫੋਨ ਤੇ ਗੱਲ ਕੀਤੀ ਤਾਂ ਉਨਾਂ ਨੇ ਆਪਣੀਆਂ ਸ਼ਕਤੀਆਂ ਨਾਲ ਮੇਰੇ ਕੰਮ ਬਾਰੇ ਦੇਖਿਆ ਅਤੇ ਦੱਸਿਆ ਕਿ ਤੇਰਾ ਕਾਰੋਬਾਰ 7 ਦਿਨਾਂ ਵਿੱਚ ਚੱਲ ਪਵੇਗਾ, ਮੈਨੂੰ ਜ਼ਰਾ ਵੀ ਯਕੀਨ ਨਾ ਹੋਇਆ। ਮੈ ਇੱਕ ਵਾਰ ਪ੍ਰਮਾਤਮਾ ਦਾ ਨਾਮ ਲੈਕੇ ਆਪਣੇ ਦੋਸਤ ਤੇ ਵਿਸ਼ਵਾਸ ਕਰ ਲਿਆ। ਜਿਵੇਂ ਮਾਤਾ ਜੀ ਨੇ ਕਿਹਾ ਮੈਂ ਉਸੇ ਤਰ੍ਹਾਂ ਚੱਲਦਾ ਰਿਹਾ। ਮੈਨੂੰ ਆਪਣੀ ਕਿਸਮਤ ਤੇ ਯਕੀਨ ਹੀ ਨਹ੍ਹੀ ਸੀ ਕਿ ਸੱਚਮੁੱਚ 7 ਦਿਨਾਂ ਵਿੱਚ ਇਹ ਚਮਤਕਾਰ ਉਨ੍ਹਾਂ ਦੀਆਂ ਸ਼ਕਤੀਆਂ ਨਾਲ ਹੋ ਜਾਵੇਗਾ। ਮੈਂ ਉਨ੍ਹਾਂ ਨੂੰ ਮੰਨ ਗਿਆ। ਮੇਰਾ ਕੰਮ ਵਧੀਆ ਚੱਲ ਪਿਆ। ਖ਼ੁਸ਼ ਹੋ ਕੇ ਮੈਂ ਦੋ ਮਹੀਨੇ ਪਹਿਲਾਂ ਹੀ ਇੰਡਿਆ ਜਾ ਕੇ ਉਨ੍ਹਾਂ ਨੂੰ ਮਿਲ ਕੇ ਆਇਆ ਹਾਂ। ਇਹ ਇਸ਼ਤਿਹਾਰ ਵੀ ਮੈਂ ਖ਼ੁਸ਼ੀ ਵਿੱਚ ਹੀ ਛਪਾਇਆ ਹੈ। ਤਾਂ ਜੋ ਮੇਰੇ ਵਰਗੇ ਮੇਰੇ ਹੋਰ ਭੈਣ ਭਰਾਵਾਂ ਦਾ ਵੀ ਭਲਾ ਹੋ ਜਾਵੇ।

+91-9779715595

ਝੂਠੇ ਤੇ ਭ੍ਰਿਸ਼ਟਾਚਾਰ ਨਾਲ ਘਿਰੇ ਜੋਤਿਸ਼ ਦਾ ਇੱਕ ਸੱਚ

ਮੇਰੇ ਵੀਰਾਂ ਤੇ ਭੈਣਾਂ ਨੂੰ ਬੇਨਤੀ ਹੈ ਕਿ ਜਿਨ੍ਹਾਂ ਜੋਤਿਸ਼ੀਆਂ, ਬਾਬਿਆਂ ਤੇ ਤੁਸੀ ਆਪਣੇ ਦੁਖਾਂ ਤੇ ਪ੍ਰੇਸ਼ਾਨੀਆਂ ਦਾ ਹੱਲ ਕਰਵਾ ਰਹੇ ਹੋ, ਕੀ ਉਹ ਜੋਤਿਸ਼ੀ ਤੇ ਬਾਬੇ ਸਹੀ ਹਨ? ਕੀ ਉਹ ਜਿਨ੍ਹਾਂ ਸ਼ਕਤੀਆਂ ਦੀ ਗੱਲ ਕਰ ਰਹੇ ਹਨ, ਉਨ੍ਹਾਂ ਸ਼ਕਤੀਆਂ ਦੇ ਮਾਲਕ ਹਨ? ਜਿਹੜੇ ਜੋਤਿਸ਼ ਦੀ ਗੱਲ ਕਰਦੇ ਹਨ, ਉਹ ਜੋਤਿਸ਼ ਦੀ ਜਾਣਕਾਰੀ ਰੱਖਦੇ ਵੀ ਹਨ ਕਿ ਨਹੀ? ਕੀ ਤੁਸੀ ਆਪਣੀ ਮਿਹਨਤ ਦੀ ਕਮਾਈ ਸਹੀ ਥਾਂ ਤੇ ਲਗਾ ਰਹੇ ਹੋ? ਕੀ ਉਹ ਲੋਗ ਤੁਹਾਡੇ ਵਿਸ਼ਵਾਸ ਦੇ ਲਾਇਕ ਹਨ, ਜਿਨ੍ਹਾਂ ਤੇ ਤੁਸੀ ਯਕੀਨ ਕਰ ਰਹੇ ਹੋ? ਸਾਡੇ Real Astrologer Research Centre (ਜੈਪੁਰ) ਨੇ ਇਨ੍ਹਾਂ ਜੋਤਿਸ਼ੀਆਂ ਤੇ ਬਾਬਿਆਂ ਦੇ ਸੱਚ ਅਤੇ ਝੂਠ ਦਾ ਪਤਾ ਲਗਾਉਣ ਦੀ ਇੱਕ ਛੋਟੀ ਜਿਹੀ ਮੁਹਿੰਮ ਚਲਾਈ ਹੈ।

ਸਾਡੀ ਸੰਸਥਾ ਦੇ ਮੈਂਬਰ ਸਹੀ ਜੋਤਸ਼ੀਆਂ, ਬਾਬੇ ਦੀ ਭਾਲ 'ਚ ਕਈ ਥਾਵਾਂ ਤੇ ਗਏ ਤੇ ਉਨ੍ਹਾਂ ਨਾਲ ਮੁਲਾਕਾਤ ਕੀਤੀ। ਅਸੀ ਉਨਾਂ ਦੇ ਚਮਤਕਾਰ ਵੀ ਦੇਖੇ ਤੇ ਕਈ ਝੂਠੇ ਜੋਤਿਸ਼ੀ, ਬਾਬਿਆਂ ਤੇ ਤਾਂਤਰਿਕ ਵੀ ਦੇਖੇ। ਅਸੀ ਤੁਹਾਨੂੰ ਸਹੀ ਬਾਬਿਆਂ ਬਾਰੇ ਲਗਾਤਾਰ ਜਾਣਕਾਰੀ ਦਿੰਦੇ ਰਹਾਂਗੇ। ਝੂਠੇ, ਪਾਖੰਡੀ ਤਾਂ ਅਸੀ ਬਹੁਤ ਦੇਖੇ, ਪਰ ਉਨ੍ਹਾਂ 'ਚੋ ਹੱਥ ਤੇ ਸਰੋ ਉਗਾਉਣ ਵਾਲੇ ਤੇ ਸੱਚੀ ਆਤਮਾ ਦੇ ਮਾਲਕਾਂ ਨੂੰ ਵੀ ਅਸੀਂ ਮਿਲੇ ਜੋ ਬਿਨਾ ਸਵਾਰਥ ਆਪਣੀਆਂ ਸ਼ਕਤੀਆਂ ਨਾਲ ਹਰ ਤਰ੍ਹਾਂ ਦੀ ਪਰੇਸ਼ਾਨੀ ਤੇ ਦੁੱਖ ਦੂਰ ਕਰ ਸਕਦੇ ਹਨ। ਅਸੀ ਉਨ੍ਹਾਂ ਦੇ ਸਥਾਨ ਤੇ ਜਾਕੇ ਮੁਲਾਕਾਤ ਕੀਤੀ, ਜਿਹੜੀ ਤੁਹਾਡੇ ਸਾਰਿਆਂ ਨਾਲ ਸਾਂਝੀ ਕਰ ਰਹੇ ਹਾਂ :

ਅਸੀ ਹਿਮਾਚਲ ਦੇ ਮੰਡੀ (ਮਨਾਲੀ) ਸ਼ਹਿਰ 'ਚ ਇੱਕ ਮਹਾਤਮਾ ਗੁਰੂ ਕੋਲ ਗਏ। ਅਸੀ ਉਨ੍ਹਾਂ ਦੇ ਸਥਾਨ ਤੇ ਜਾਕੇ ਦੇਖਿਆ ਕਿ ਉਥੇ ਬਹੁਤ ਸੰਗਤ ਬੈਠੀ ਸੀ। ਅਸੀ ਗੁਰੂ ਜੀ ਨੂੰ ਨਾ ਮਿਲਦੇ ਹੋਏ ਸੰਗਤ ਨੂੰ ਹੀ ਮਿਲਣਾ ਠੀਕ ਸਮਝਿਆ। ਇੱਕ ਸੱਜਣ ਨੇ ਸਾਨੂੰ ਦੱਸਿਆ ਕਿ ਮੇਰੀ ਸਿਹਤ ਪਹਿਲਾ ਠੀਕ ਨਹੀ ਸੀ ਰਹਿੰਦੀ ਪਰ ਗੁਰੂ ਜੀ ਕੋਲ ਆਉਣ ਤੋ ਬਾਅਦ ਉਹ ਦਵਾਈ ਵੀ ਲੱਗਣ ਲਗ ਪਈ ਜਿਹੜੀ ਪਿਛਲੇ ਪੰਜ ਸਾਲਾਂ ਤੋ ਅਸਰ ਨਹੀ ਸੀ ਕਰ ਰਹੀ। ਕਿਸੇ ਨੇ ਦੱਸਿਆ ਕਿ ਮੇਰੇ ਮਾਂ ਬਾਪ ਉਸ ਮੁੰਡੇ ਨਾਲ ਮੇਰਾ ਵਿਆਹ ਨਹੀ ਸੀ ਕਰਾ ਰਹੇ ਜਿਸ ਨਾਲ ਮੈ ਪਿਆਰ ਕਰਦੀ ਸੀ। ਪਰ ਹੁਣ ਸਾਡਾ ਵਿਆਹ ਹੋ ਚੁੱਕਿਆ ਹੈ। ਵਿਦੇਸ਼ ਤੋ ਆਈ ਇੱਕ ਬੀਬੀ ਨੇ ਦੱਸਿਆ ਕਿ ਉਹ ਕਾਫੀ ਸਮੇ ਤੋ ਲਾਟਰੀ ਦਾ ਇਨਾਮ ਲੈਣ ਦੀ ਕੋਸ਼ਿਸ਼ ਕਰ ਰਹੀ ਸੀ। ਕਾਫੀ ਪੈਸਾ ਵੀ ਬਰਬਾਦ ਕਰ ਚੁੱਕੀ ਸੀ, ਪਰ ਕੋਈ ਫਾਇਦਾ ਨਾ ਹੋਇਆ। ਪਰ ਗੁਰੂ ਜੀ ਕੋਲੋ ਮੈਨੂੰ ਪੱਕੇ ਲਾਟਰੀ ਨੰਬਰ ਮਿਲੇ ਅਤੇ ਮੇਰੀ ਲਾਟਰੀ ਨਿਕਲ ਗਈ। ਹੁਣ ਮੈ ਸਾਰੇ ਕਰਜ਼ੇ ਉਤਾਰ ਚੁੱਕੀ ਹਾਂ ਤੇ ਹੁਣ ਮੇਰਾ ਜੀਵਨ ਸੁਖੀ ਹੈ। ਫਿਰ ਅਸੀ ਇੱਕ ਦੁੱਖੀ ਮਾਂ ਨੂੰ ਮਿਲੇ, ਜਿਹੜੀ ਆਪਣੇ ਪੁੱਤਰ ਤੋ ਬਹੁਤ ਪਰੇਸ਼ਾਨ ਸੀ। ਅੱਜ ਉਹ ਆਪਣੇ ਪੁੱਤਰ ਨਾਲ ਹੀ ਗੁਰੂ ਜੀ ਕੋਲ ਆਈ ਹੋਈ ਸੀ ਤੇ ਉਹਨਾਂ ਨੂੰ ਦੁਆਵਾਂ ਦੇ ਰਹੀ ਸੀ। ਇੱਕ ਪੂਰਾ ਪਰਿਵਾਰ ਇੰਗਲੈਂਡ ਤੋ ਆਇਆ ਹੋਇਆ ਸੀ, ਉਨ੍ਹਾਂ ਨੇ ਦੱਸਿਆ ਕਿ ਅਸੀ ਸਾਰਾ ਪਰਿਵਾਰ ਚੰਗੀ ਕਮਾਈ ਕਰ ਲੈਂਦਾ ਸੀ, ਪਰ ਘਰ 'ਚ ਬਰਕਤ ਨਹੀ ਸੀ, ਆਪਸ 'ਚ ਬਹੁਤ ਕਲੇਸ਼ ਰਹਿੰਦਾ ਸੀ। ਫਿਰ ਕਿਸੀ ਨੇ ਗੁਰੂ ਜੀ ਬਾਰੇ ਦੱਸਿਆ ਤਾਂ ਅਸੀ ਗੁਰੂ ਜੀ ਨੂੰ ਫੋਨ ਕਰਕੇ ਪੁੱਛਿਆ, ਉਨ੍ਹਾਂ ਨੇ ਦੱਸਿਆ ਕਿ ਸਾਡੇ ਘਰ ਕਿਸੇ ਨੇ ਕੁਝ ਕੀਤਾ ਹੋਇਆ ਹੈ। ਜਦੋ ਅਸੀ ਇਲਾਜ ਕਰਵਾਇਆ ਤਾਂ ਸਾਨੂੰ ਕੁਝ ਦਿਨਾਂ ਵਿਚ ਹੀ ਫਰਕ ਲੱਗਣ ਲੱਗ ਪਿਆ। ਹੁਣ ਅਸੀ ਪੈਸੇ ਵੱਲੋ ਠੀਕ ਹਾਂ ਤੇ ਘਰ 'ਚ ਸੁੱਖ ਸ਼ਾਤੀ ਵੀ ਹੈ।

ਫਿਰ ਅਸੀ ਇੱਕ ਪਤੀ ਪਤਨੀ ਨੂੰ ਮਿਲੇ। ਪਤਨੀ ਨੇ ਕਿਹਾ ਕਿ ਮੇਰੇ ਪਤੀ ਪਹਿਲਾਂ ਮੇਰੇ ਨਾਲ ਬਹੁਤ ਨਫਰਤ ਕਰਦੇ ਸੀ, ਮੇਰੇ ਕਹਿਣੇ ਤੋ ਬਾਹਰ ਸਨ। ਪਤਾ ਨਹੀ ਕਿਸੇ ਨੇ ਕੀ ਵਸ਼ੀਕਰਣ ਕਰ ਦਿੱਤਾ ਸੀ। ਮੈਨੂੰ ਗੁਰੂ ਜੀ ਦਾ ਪਤਾ ਲੱਗਣ ਤੇ ਮੈ ਉਨ੍ਹਾਂ ਨੂੰ ਫੋਨ ਕੀਤਾ, ਉਨ੍ਹਾਂ ਨੇ ਆਪਣੀਆ ਸ਼ਕਤੀਆਂ ਨਾਲ ਵੇਖ ਕੇ ਮੈਨੂੰ ਦੱਸਿਆ ਕਿ ਇਸ ਤੇ ਕੀਤਾ ਵਸ਼ੀਕਰਣ ਸਿਰਫ ਤਿੰਨ ਦਿਨਾਂ 'ਚ ਤੋੜ ਦਿਆਂਗੇ। ਠੀਕ ਤਿੰਨ ਦਿਨਾਂ ਚ ਹੀ ਮੇਰੇ ਘਰ ਦਾ ਸਭ ਕੁਝ ਠੀਕ ਹੋ ਗਿਆ, ਮਾਨੋ ਕਿ ਚਮਤਕਾਰ ਹੋ ਗਿਆ। ਇਸ ਲਈ ਹੁਣ ਅਸੀ ਗੁਰੂ ਜੀ ਨੂੰ ਮਿਲਣ ਆਏ ਹਾਂ।

ਇੰਨੇ ਸਾਰੇ ਲੋਕਾਂ ਨੂੰ ਮਿਲਣ ਤੋ ਬਾਅਦ ਸਾਡੇ ਕੋਲ ਰਿਹਾ ਨਾ ਗਿਆ। ਅਸੀ ਗੁਰੂ ਜੀ ਨੂੰ ਛੇਤੀ ਮਿਲਣ ਲਈ ਉਤਸੁਕ ਹੋ ਗਏ। ਉਨਾਂ ਦਾ ਨੂਰ ਵੇਖ ਕੇ, ਉਨਾਂ ਦੀ ਬਾਣੀ ਸੁਣ ਕੇ ਹੀ ਅਸੀ ਨਿਹਾਲ ਹੋ ਗਏ। ਅਸੀ ਸਮਝ ਗਏ ਕਿ ਸਾਰੇ ਜੋਤਿਸ਼ੀ, ਬਾਬੇ ਤਾਂਤਰਿਕ ਝੂਠੇ ਨਹੀ ਹਨ, ਸਗੋ ਸੱਚੇ ਤੇ ਚਮਤਕਾਰੀ ਇਨਸਾਨ ਵੀ ਇਸ ਦੁਨੀਆਂ ਤੇ ਬੈਠੇ ਹਨ ਜੋ ਬਿਨਾਂ ਸਵਾਰਥ ਆਪਣੀਆਂ ਸ਼ਕਤੀਆਂ ਨਾਲ ਲੋਕਾਂ ਦਾ ਭਲਾ ਕਰ ਰਹੇ ਹਨ।

ਇਹ ਗੁਰੂ ਜੀ ਦਾ ਨੰਬਰ ਹੈ :+91-70873-51935 ਜੇ ਚਾਹੋ ਤਾਂ ਤੁਸੀਂ ਵੀ ਉਨ੍ਹਾਂ ਨਾਲ ਗੱਲ ਕਰ ਸਕਦੇ ਹੋ। ਅਸੀ ਤੁਹਾਡੇ ਨਾਲ ਹੁਣ ਲਗਾਤਾਰ ਬਣੇ ਰਹਾਂਗੇ ਤੇ ਜੁੜਦੇ ਰਹਾਂਗੇ, ਅਗਲੇ ਕਿਸੇ ਮਹਾਪੁਰਖ ਬਾਰੇ ਜਾਣਕਾਰੀ ਲੈ ਕੇ।

ਧੰਨਵਾਦ ਸਹਿਤ।

Real Astrologer Research Center(Jaipur)

(M) +91-99151-04033

CAR FOR SALE



Toyota Corolla

Registraition Date 4-10-2013

Registration- BV15XM

Excellent Condition

Full Service History

Contact : 0437641033/ 0468321714

# ਆਸਟਰੇਲੀਅਨਾ ਨੂੰ ਹਰ ਸਾਲ ਲੱਗਦਾ 50 ਲੱਖ ਡਾਲਰ ਦਾ ਚੂਨਾ

## ਵੈਸਟਰਨ ਯੂਨੀਅਨ ਤੋਂ ਰਕਮ ਲੈਣ ਲਈ ਦਾਵੇ 12 ਫਰਵਰੀ ਤੱਕ

ਗੁਰਚਰਨ ਕਾਹਲੋਂ

ਸਿਡਨੀ-ਆਸਟਰੇਲੀਅਨ ਮੁਕਾਬਲਾ ਅਤੇ ਖਪਤਕਾਰ ਕਮਿਸ਼ਨ (ਏਸੀਸੀਸੀ) ਅਨੁਸਾਰ ਮੁਲਕ ਦੇ ਲੋਕਾਂ ਨੂੰ ਵੱਖ - ਵੱਖ ਧੋਖੇ ਰਾਹੀ ਸਾਲਾਨਾ 50 ਲੱਖ ਡਾਲਰ ਦਾ ਚੂਨਾ ਲੱਗਾ ਰਿਹਾ ਹੈ। ਵੈਸਟਰਨ ਯੂਨੀਅਨ ਰਾਹੀਂ ਅਰਬਾ ਡਾਲਰਾ ਦੇ ਹੋ ਰਿਹਾ ਅਦਾਨ - ਪ੍ਰਦਾਨ ਵਿਚ ਵੀ ਧੋਖਾਧੜੀ ਦਾ ਪਤਾ ਲੱਗਾ ਹੈ। ਏਸੀਸੀਸੀ ਨੇ ਆਸਟ੍ਰੇਲੀਆਈਆਂ ਨੂੰ ਬੇਨਤੀ ਕੀਤੀ ਕਿ, ਜਿਨਾਂ ਨੇ ਸਾਲ 2004 ਤੋਂ 2017 ਤਕ ਵੈਸਟਰਨ ਯੂਨੀਅਨ ਦੇ ਮਾਧਿਅਮ ਰਾਹੀ ਹੋਏ ਧੋਖੇ ਬਾਰੇ,12 ਫਰਵਰੀ ਤੱਕ ਆਪਣੀ ਰਕਮ ਵਾਪਸ ਲੈਣ ਲਈ ਫਾਰਮ ਭਰਨ।ਪੰਜਾਬੀ ਭਾਈਚਾਰੇ ਦੇ ਵਕੀਲ ਨਵਜੋਤ ਸਿੰਘ ਪੰਨੂੰ ਨੇ ਕਿਹਾ ਕਿ ਜਿਨਾਂ ਲੋਕਾਂ ਨਾਲ ਠੱਗਬਾਜ਼ੀ ਦੀ ਘਟਨਾ ਵਾਪਰੀ ਹੈ ਉਹ ਇੱਕ ਔਨਲਾਈਨ ਫਾਰਮ ਜਾਂ ਡਾਕ ਰਾਹੀ ਭਰ ਕਿ ਯੂਨਾਈਟਿਡ ਸਟੇਟਸ ਡਿਪਾਰਟਮੇਂਟ ਆਫ ਜਸਟਿਸ ਨੂੰ ਭੇਜਣ। ਉਹ ਇਸ ਕੰਮ ਚ ਲੋੜੀਦੀ ਕਾਨੂੰਨੀ ਸਹਾਇਤਾ ਮੁਫਤ ਦੇਣਗੇ।



ਜਿਕਰਯੋਗ ਹੋਵੇਗਾ ਕਿ ਯੂਨਾਈਟਿਡ ਸਟੇਟਸ ਡਿਪਾਰਟਮੇਂਟ ਆਫ ਜਸਟਿਸ (ਡੀ.ਓ.ਜੇ.) ਨੂੰ ਵੈਸਟਰਨ ਯੂਨੀਅਨ ਨੇ ਧੋਖਾਧੜੀ ਦਾ ਸਮਰਥਨ ਕਰਨ ਬਦਲੇ 586 ਮਿਲੀਅਨ ਡਾਲਰ ਦਾ ਜੁਰਮਾਨਾ ਅਦਾ ਕਰਨ ਲਈ ਸਹਿਮਤੀ ਦੇ ਦਿੱਤੀ ਹੈ। ਡੀ.ਓ.ਜੇ. ਕਾਨੂੰਨ ਰਾਹੀ ਦੁਨੀਆ ਭਰ ਦੇ ਯੋਗ ਵਿਅਕਤੀਆਂ ਨੂੰ ਵੈਸਟਨ ਯੂਨੀਅਨ ਦੁਆਰਾ ਸਕੈਮਰਾਂ ਨੂੰ ਭੁਗਤਾਨ ਕੀਤੀ ਰਕਮ ਦੇਣ ਲਈ ਯਤਨ ਕਰ ਰਿਹਾ ਹੈ। ਧੋਖੇਬਾਜ਼ ਈਮੇਲ, ਫੋਨ ਕਾਲ, ਐਸਐਮਐਸ ਆਦਿ ਰਾਹੀਂ ਲਾਟਰੀ, ਇਨਾਮ ਨਿਕਲਣ ਦੇ ਸਬਜ਼ਬਾਗ ਵਿਖਾਉ ਦੇ ਹਨ। ਉਹ ਕਈ ਕੇਸਾ ਚ ਡਰਾ ਧਮਕਾ ਕਿ ਵੀ ਵੈਸਟਰਨ ਯੂਨੀਅਨ ਦੇ ਨੰਬਰ ਕੋਡਾ ਦਾ ਹਵਾਲਾ ਦੇ ਭੋਲੇ ਭਾਲੇ ਲੋਕਾਂ ਦੀ ਪੂੰਜੀ ਨੂੰ ਹੜੱਪ ਦੇ ਹਨ।

ਆਸਟਰੇਲੀਅਨ ਮੁਕਾਬਲਾ ਅਤੇ ਖਪਤਕਾਰ ਕਮਿਸ਼ਨ ਦੇ ਕਾਰਜਕਾਰੀ ਅਧਿਕਾਰੀ ਮਾਈਕਲ ਸ਼ੈਂਪਰ ਨੇ ਕਿਹਾ ਕਿ ਰੋਜ਼ਾਨਾ ਧੋਖਾਧੜੀ ਦੀਆਂ ਦਿਲ ਕੰਬਾਊ ਕਹਾਣੀਆਂ ਸੁਣਨ ਨੂੰ ਮਿਲ ਦੀਆਂ ਹਨ। ਲੋਕਾਂ ਦੇ ਮਿਹਨਤ ਨਾਲ ਕਮਾਏ ਧੰਨ ਨੂੰ ਧੋਖੇਬਾਜ਼ ਲੁੱਟਦੇ ਹਨ। ਇਨਾਂ ਘੁਟਾਲਿਆਂ ਰਾਹੀਂ ਹਰ ਸਾਲ 5 ਮਿਲੀਅਨ ਡਾਲਰ ਤੋਂ ਵੱਧ ਰਕਮ ਖੁਰਦ ਬੁਰਦ ਹੋਣ ਦੀ ਸੂਚਨਾ ਮਿਲਦੀ ਹੈ ਪਰ ਬਹੁਤ ਸਾਰੇ ਕਈ ਪੀੜਤ ਕਮਿਸ਼ਨ ਨਾਲ ਸੰਪਰਕ ਵੀ ਨਹੀਂ ਕਰਦੇ।

# ਸਰ੍ਹੋਂ ਦੇ ਤੇਲ ਨਾਲ ਚੱਲਣ ਵਾਲੇ ਜਹਾਜ਼ ਨੇ ਭਰੀ ਪਹਿਲੀ ਉਡਾਣ

*ਗੁਰਚਰਨ ਕਾਹਲੋਂ*

ਸਿਡਨੀ-ਸ਼ਾਇਦ ਕਿਸੇ ਨੂੰ ਇਸ ਗੱਲ ਦਾ ਯਕੀਨ ਨਾ ਆਵੇ ਕਿ ਸਰ੍ਹੋਂ ਦੇ ਤੇਲ ਨਾਲ ਵੀ ਜਹਾਜ਼ ਉੱਡ ਸਕਦਾ ਹੈ। ਹਾਲਾਂਕਿ ਇਹ ਸੱਚ ਹੈ। ਨਿਰੋਲ ਸਰ੍ਹੋਂ ਦੇ ਤੇਲ ਨਾਲ ਚੱਲਣ ਵਾਲਾ ਜਹਾਜ਼ ਸਭ ਤੋਂ ਲੰਮੀ ਉਡਾਣ ਭਰ ਕੇ ਦੁਨੀਆਂ ਦਾ ਪਹਿਲਾ ਜਹਾਜ਼ ਬਣਨ ਜਾ ਰਿਹਾ ਹੈ। ਹਵਾਈ ਕੰਪਨੀ ਕੁਆਂਟਸ ਵੱਲੋਂ ਤਿਆਰ ਜਹਾਜ਼ ਕਿਓਐਫ਼-96 ਨੇ ਅਮਰੀਕਾ ਦੇ ਲਾਸ ਏਂਜਲਸ ਤੋਂ ਉਡਾਣ ਭਰ ਲਈ ਹੈ ਜੋ ਆਸਟਰੇਲੀਆ ਦੇ ਮੈਲਬਰਨ ਵਿੱਚ ਮੰਗਲਵਾਰ ਨੂੰ ਪਹੁੰਚ ਰਿਹਾ ਹੈ। ਅਮਰੀਕਾ ਤੇ ਆਸਟਰੇਲੀਆ ਵਿੱਚ ਰਚੇ ਜਾ ਰਹੇ ਇਸ ਇਤਿਹਾਸ ਨੂੰ ਪੈਟਰੋਲੀਅਮ ਤੇਲ ਸੰਕਟ ਦਾ ਬਦਲਵਾਂ ਰੂਪ ਅਤੇ ਕਿਸਾਨੀ ਲਈ ਆਰਥਿਕ ਲਾਹੇਵੰਦ ਦੱਸਿਆ ਜਾ ਰਿਹਾ ਹੈ। ਇਹ ਜਹਾਜ਼ 24 ਟਨ ਸਰ੍ਹੋਂ ਅਤੇ ਤਾਰਾਮੀਰਾ ਦੇ ਬੀਜਾਂ ਤੋਂ ਤਿਆਰ ਜੈਵਿਕ ਤੇਲ ਨਾਲ 15 ਘੰਟੇ ਤਕ ਦੀ ਉਡਾਣ ਭਰੇਗਾ। ਇਸ ਤੋਂ ਕਿਲੋਗ੍ਰਾਮ ਕਾਰਬਨ ਦੇ ਨਿਕਾਸਾਂ ਤੋਂ ਬਚਾ ਕਰੇਗਾ।




ਕੈਨਤਾਸ ਕੈਨੇਡੀਅਨ ਅਧਾਰਿਤ ਖੇਤੀਬਾੜੀ ਤਕਨਾਲੋਜੀ ਕੰਪਨੀ, ਐਗਰੀਸੋਮਾ ਬਾਇਓਸਾਇੰਸਿਜ (ਐਗ੍ਰੀਸੋਮਾ) ਵੱਲੋਂ ਵਿਕਸਿਤ ਕੀਤੇ ਗਏ ਰਾਈ ਦੇ ਸੀਡ ਦੇ ਇੱਕ ਗੈਰ-ਭੋਜਨ, ਉਦਯੋਗਿਕ ਕਿਸਮ, ਬ੍ਰਾਸਿਕਾ ਕਾਰਨਾਟਾਟਾ ਤੋਂ ਪ੍ਰੋਸੈਸ ਕੀਤੇ ਗਏ ਜੈਵਿਕ ਤੇਲ ਦੀ ਵਰਤੋਂ ਕਰੇਗੀ। ਇਹ ਉਡਾਣ 2017 ਵਿੱਚ ਐਲਾਨੀ ਗਈ ਸਾਂਝੇਦਾਰੀ ਦਾ ਹਿੱਸਾ ਹੈ। ਇਨ੍ਹਾਂ ਕੰਪਨੀਆਂ ਨੇ ਸਾਲ 2020 ਤੱਕ ਆਸਟਰੇਲੀਆ ਦੀ ਕੁਆਂਟਸ ਨਾਲ ਵਪਾਰਕ ਹਵਾਬਾਜ਼ੀ ਜੈਵਿਕ ਤੇਲ ਬੀਜ ਦੀ ਫ਼ਸਲ ਨੂੰ ਵਧਾਉਣ ਲਈ ਕਿਸਾਨਾਂ ਨਾਲ ਮਿਲ ਕਿ ਕੰਮ ਦਾ ਟਿੱਚਾ ਮਿੱਥਿਆ ਹੈ। ਕੁਆਂਟਸ ਦੇ ਇੰਟਰਨੈਸ਼ਨਲ ਦੇ ਸੀਈਓ ਅਲੀਸਨ ਵੈੱਬਸਟਰ ਨੇ ਕਿਹਾ ਕਿ ਇਹ ਢੁਕਵਾਂ ਹੈ ਕਿ ਏਅਰਲਾਈਨ ਹਵਾਈ ਉਡਾਣ ਦੇ ਭਵਿੱਖ ਦਾ ਟਿਕਾਊ ਪ੍ਰਦਰਸ਼ਨ ਹੈ। ਨਵੀਨਤਾ ਅਤੇ ਯਾਤਰਾ ਦੇ ਇਕ ਨਵੇਂ ਯੁੱਗ ਦਾ ਸੰਕੇਤ ਹੈ। ਇਹ ਜਹਾਜ਼ ਜ਼ਿਆਦਾ ਬਾਲਣ ਸ਼ਕਤੀਸ਼ਾਲੀ ਹੈ। ਆਸਟਰੇਲੀਆ ਦੇ ਖੇਤੀ ਮਾਹਿਰਾਂ ਨੇ ਕਿਹਾ ਕਿ ਤਾਰਾਮੀਰਾ ਦੀਆਂ ਫ਼ਸਲਾਂ ਦੀ ਕਾਸ਼ਤ ਆਸਟਰੇਲੀਆ ਦੇ ਮੈਦਾਨੀ ਬਰਾਨੀ ਖੇਤਰ ਵਿੱਚ ਵਧਾਉਣੀ ਹੋਵੇਗੀ। ਖੇਤੀਬਾੜੀ ਉਦਯੋਗ ਲਈ ਇੱਕ ਸਾਫ਼ ਊਰਜਾ ਸਰੋਤ ਵਿਕਸਿਤ ਕਰਨ ਲਈ ਸਥਾਨਕ ਕਿਸਾਨਾਂ ਨੂੰ ਕੁਆਂਟਸ ਨਾਲ ਮਿਲ ਕੇ ਕੰਮ ਕਰਨ ਦੀ ਉਮੀਦ ਹੈ। ਔਸਤਨ ਇੱਕ ਹੈਕਟੇਅਰ ਰਕਬੇ ਵਿੱਚ ਸਰ੍ਹੋਂ ਦਾ ਬੀਜ ਨਾਲ 2000 ਲਿਟਰ ਤੇਲ ਪੈਦਾ ਹੁੰਦਾ ਹੈ, ਜਿਸ ਵਿੱਚ 400 ਲਿਟਰ ਜੈਵਿਕ ਤੇਲ, 1400 ਲਿਟਰ ਨਵਿਆਉਣਯੋਗ ਡੀਜ਼ਲ ਅਤੇ 10 ਫ਼ੀਸਦੀ ਨਵਿਆਉਣਯੋਗ ਉਪ-ਉਤਪਾਦ ਬਣਦੇ ਹਨ।

# ਸੈਵਨ ਅਲੈਵਨ ਕੰਪਨੀ ਪੀੜਤ ਬਲਜਿੰਦਰ ਸਿੰਘ ਵੱਲੋ ਮੁਜ਼ਾਹਰਾ

ਸਿਡਨੀ (ਗੁਰਚਰਨ ਸਿੰਘ ਕਾਹਲੋਂ)—ਆਸਟਰੇਲੀਆ ਵਿੱਚ ਪਰਵਾਸੀਆਂ ਦੇ ਆਰਥਿਕ ਸ਼ੋਸ਼ਣ ਦੇ ਕਈ ਮਾਮਲੇ ਸਾਹਮਣੇ ਆਉਂਦੇ ਹਨ। ਇਸੇ ਸਬੰਧ ‘ਚ ‘ਆਸਟਰੇਲੀਅਨ ਇੰਡੀਅਨ ਹਿਸਟਰੀ ਸੁਸਾਇਟੀ’ ਦੇ ਆਗੂ ਅਤੇ ਸ਼ੋਸ਼ਣ ਦੇ ਸ਼ਿਕਾਰ ਬਲਜਿੰਦਰ ਸਿੰਘ ਨੇ ਬੀਤੇ ਕੱਲ ਮੁਜ਼ਾਹਰਾ ਦਿੰਦਿਆਂ ਪਰਵਾਸੀ ਪੰਜਾਬੀਆਂ ਦਾ ਸ਼ੋਸ਼ਣ ਰੋਕਣ ਤੇ ਪੀੜਤਾਂ ਨੂੰ ਅੱਗੇ ਆਉਣ ਲਈ ਕਿਹਾ। ਜ਼ਿਕਰਯੋਗ ਹੈ ਕਿ ‘ਸੈਵਨ ਅਲੈਵਨ ਕੰਪਨੀ’ ਦੀ ਜਾਂਚ ਕਮੇਟੀ ਨੇ ਬਲਜਿੰਦਰ ਸਿੰਘ ਨੂੰ ਠੇਕੇਦਾਰ ਵੱਲੋਂ ਨਿਰਧਾਰਿਤ ਨਾਲੋਂ ਨਿਗੁਣੀ ਤਨਖਾਹ ਕਰੀਬ ਦੋ ਡਾਲਰ ਪ੍ਰਤੀ ਘੰਟਾ ਅਦਾ ਕਰਨ ਲਈ ਕਿਹਾ ਹੈ।



ਅਮਰੀਕਾ ਦੀ ਸੈਵਨ ਅਲੈਵਨ ਕੰਪਨੀ, ਚਾਰ ਅਰਬ ਡਾਲਰ ਸਾਲਾਨਾ ਵਿਕਰੀ ਵਾਲੀ ਆਸਟਰੇਲੀਆ ਦੀ ਦੂਜੀ ਸਭ ਤੋਂ ਵੱਡੀ ਪ੍ਰਾਈਵੇਟ ਕੰਪਨੀ ਹੈ। ਇਸ ਦੇ ਆਸਟਰੇਲੀਆ ਵਿੱਚ 600 ਤੋਂ ਵੱਧ ਪੈਟਰੋਲ ਪੰਪ ਤੇ ਸਟੋਰ ਹਨ, ਜਿਨਾਂ ਨੂੰ ਫਰੈਂਚਾਈਜ਼ ਸਿਸਟਮ ਤਹਿਤ ਠੇਕੇ ‘ਤੇ ਚਲਾਉਣ ਲਈ ਦਿੱਤਾ ਗਿਆ ਹੈ। ਜ਼ਿਆਦਾਤਰ ਠੇਕੇਦਾਰ ਭਾਰਤ ਸਮੇਤ ਇਸ ਦੇ ਗੁਆਂਢੀ ਮੁਲਕਾਂ ਦਾ ਪਿਛੋਕੜ ਰੱਖਦੇ ਹਨ। ਸਟੋਰਾਂ ‘ਤੇ ਵਧੇਰੇ ਪਰਵਾਸੀ ਕਾਮੇ ਸਸਤੀ ਲੇਬਰ ਵਜੋਂ ਰੱਖੇ ਗਏ ਤੇ ਘੱਟ ਉਜਰਤ ਅਦਾ ਕਰ ਕੇ ਕੰਪਨੀ ਸਾਹਮਣੇ ਪੂਰੀ ਤਨਖਾਹ ਦੱਸ ਕੇ ਖ਼ਰਚੇ ਵਸੂਲੇ ਗਏ।

ਪਰਵਾਸੀਆਂ ਦੀਆਂ ਸ਼ਿਕਾਇਤਾਂ ਅਤੇ ਸਦਨ ਵਿੱਚ ਵਿਰੋਧੀ ਧਿਰ ਲੇਬਰ ਪਾਰਟੀ ਦੇ ਦਖ਼ਲ ‘ਤੇ ਫਰਵਰੀ ਵਿੱਚ ਬਣੀ ਪਾਰਲੀਮਾਨੀ ਕਮੇਟੀ ਨੇ ਸੈਵਨ ਅਲੈਵਨ ਦਾ ਕੌੜਾ ਸੱਚ ਸਾਹਮਣੇ ਲਿਆਂਦਾ। ਮੁਢਲੀ ਜਾਂਚ ਵਿੱਚ ਕਰੀਬ 2832 ਕਰਮਚਾਰੀਆਂ ਦੇ 110 ਮਿਲੀਅਨ ਡਾਲਰ ਤੋਂ ਵੱਧ ਦੇ ਬਕਾਏ ਬਣੇ, ਜੋ ਔਸਤਨ ਇੱਕ ਪੀੜਤ ਵਿਅਕਤੀ ਦੇ 39,089 ਡਾਲਰ ਹਨ।

ਪਰਵਾਸੀ ਪੰਜਾਬੀ ਬਲਜਿੰਦਰ ਸਿੰਘ ਨੇ ਦੱਸਿਆ ਕਿ 24 ਅਪਰੈਲ 1998 ਤੋਂ 29 ਜੁਲਾਈ 1999 ਦਰਮਿਆਨ ਉਸ ਨੇ ਸੈਵਨ ਅਲੈਵਨ ਸਟੋਰ ਵਿੱਚ ਹਫ਼ਤੇ ਵਿੱਚ 100 ਘੰਟਿਆਂ ਤੋਂ ਵੱਧ ਕੰਮ ਕੀਤਾ ਸੀ। ਕੰਪਨੀ ਦੇ ਸੀਈਓ ਮਾਈਕਲ ਸਮਿੱਥ ਨੇ ਕਿਹਾ ਕਿ ਕੰਪਨੀ ਦੀ ਆਪਣੀ ਜਾਂਚ ਕਮੇਟੀ ਇਹ ਵਿਚਾਰ ਰਹੀ ਹੈ।

# ਆਸਟਰੇਲੀਆਈ ਲਾੜੇ ਦੀਆਂ ਨਾਸੀਂ ਧੂੰਆਂ ਨਵ ਵਿਆਹੀ ਮੁਟਿਆਰ ਵੱਲੋਂ

ਸਿਡਨੀ—(ਗੁਰਚਰਨ ਸਿੰਘ ਕਾਹਲੋਂ)-ਪੰਜਾਬ ਵਿੱਚ ਇਕ ਐਨਆਰਆਈ ਨਾਲ ਵਿਆਹੀ ਮੁਟਿਆਰ ਨੇ ਆਸਟਰੇਲੀਆ ਰਹਿੰਦੇ ਆਪਣੇ ਪਤੀ ਦੀਆਂ ਨਾਸੀਂ ਧੂੰਆਂ ਕੱਢ ਦਿੱਤਾ ਹੈ। ਨਵਵਿਆਹੁਤਾ ਮੁਟਿਆਰ ਦਾ ਪਤੀ ਉਸ ਨੂੰ ਵਿਆਹ ਮਗਰੋਂ ਪੰਜਾਬ ਛੱਡ ਕੇ ਆਸਟਰੇਲੀਆ ਆ ਗਿਆ। ਮੁਟਿਆਰ ਆਪਣੇ ਜਾਣਕਾਰਾਂ ਦੀ ਮਦਦ ਨਾਲ ਵੀਜ਼ਾ ਲੈ ਕਿ ਇਥੇ ਪੁੱਜ ਗਈ। ਉਹ ਹੁਣ ਆਸਟਰੇਲੀਆ ਵਿੱਚ ਆਪਣੇ ਜਾਣਕਾਰਾਂ ਕੋਲ ਰਹਿ ਰਹੀ ਹੈ। ਉਸ ਨੇ ਆਪਣੇ ਪਤੀ ਦੀ ਪੈੜ ਨੱਪਦੇ ਹੋਏ ਉਸ ਦਾ ਥਹੁ ਪਤਾ ਵੀ ਲੱਭ ਲਿਆ ਹੈ।

ਨਵਵਿਆਹੁਤਾ ਨੇ ਪੁਲੀਸ ਤੇ ਇਮੀਗ੍ਰੇਸ਼ਨ ਵਿਭਾਗ ਨਾਲ ਸੰਪਰਕ ਕਰਕੇ ਪੰਜਾਬ ਵਿੱਚ ਹੋਏ ਵਿਆਹ ਦੀਆਂ ਤਸਵੀਰਾਂ ਤੇ ਵੀਡੀਓ ਸਾਂਝੀ ਕੀਤੀ ਹੈ। ਉਸ ਨੇ ਦੱਸਿਆ ਕਿ ਵਿਆਹ ‘ਤੇ ਕਰੀਬ 13 ਲੱਖ ਰੁਪਏ ਖ਼ਰਚ ਹੋਏ ਅਤੇ 25 ਲੱਖ ਰੁਪਏ ਦੀ ਨਗ਼ਦੀ ਤੇ ਗਹਿਣਿਆਂ ਲਈ 15 ਲੱਖ ਰੁਪਏ ਵੱਖਰੇ ਦਿੱਤੇ। ਮੁਟਿਆਰ ਨੇ ਕਿਹਾ ਕਿ ਉਹ ਜ਼ਿਲ੍ਹਾ ਲੁਧਿਆਣਾ ਦੀ ਵਸਨੀਕ ਹੈ। ਪੁਲੀਸ ਨੇ ਉਸ ਦੀ ਸ਼ਿਕਾਇਤ ਦੇ ਅਧਾਰ ‘ਤੇ ਜਾਂਚ ਵਿੱਢ ਦਿੱਤੀ ਹੈ। ਪੁਲੀਸ ਦੀ ਮੁੱਢਲੀ ਪੜਤਾਲ ਦੌਰਾਨ ਪਤਾ ਲੱਗਾ ਹੈ ਕਿ ਇਸ ਐਨਆਰਆਈ ਨੇ ਆਸਟਰੇਲਿਆਈ ਔਰਤ ਨਾਲ ਦੂਜਾ ਵਿਆਹ ਕੀਤਾ ਹੋਇਆ ਹੈ ਤੇ ਉਨਾਂ ਦੀ ਦੋ ਸਾਲ ਦੀ ਲੜਕੀ ਵੀ ਹੈ।ਆਸਟਰੇਲੀਅਨ ਪੁਲੀਸ ਨੇ ਭਾਰਤ ਸਰਕਾਰ ਨਾਲ ਵੀ ਸੰਪਰਕ ਸਾਧਿਆ ਹੈ। ਨਵਵਿਆਹੁਤਾ ਦੇ ਪਤੀ ਖ਼ਿਲਾਫ਼ ਧੋਖਾਧੜੀ ਦਾ ਕੇਸ ਦਰਜ ਹੋਣ ਦੇ ਆਸਾਰ ਹਨ। ਉਧਰ ਭਾਰਤੀ ਅਧਿਕਾਰੀਆਂ ਨੇ ਕਿਹਾ ਕਿ ਉਹ ਪੀੜਤਾ ਨੂੰ ਇਨਸਾਫ ਦਿਵਾਉਣ ਲਈ ਕਾਨੂੰਨੀ ਕਾਰਵਾਈ ਕਰਨਗੇ। ਉਧਰ ਨੈਸ਼ਨਲ ਸਿੱਖ ਕੌਂਸਲ ਆਫ ਆਸਟਰੇਲੀਆ ਦੇ ਜਨਰਲ ਸਕੱਤਰ ਬਾਵਾ ਸਿੰਘ ਜਗਦੇਵ ਨੇ ਕਿਹਾ ਕਿ ਅਜਿਹੀ ਘਟਨਾ ਆਸਟਰੇਲੀਅਨ ਸਿੱਖ ਸਮਾਜ ਲਈ ਨਿੰਦਣਯੋਗ ਤੇ ਚਿੰਤਾ ਦਾ ਵਿਸ਼ਾ ਹੈ।

# ਆਸਟਰੇਲੀਆ ਤੇ ਭਾਰਤ ਕੋਲ ਵਿਕਾਸ ਦੇ ਵੱਡੇ ਮੌਕੇ

ਸਿਡਨੀ (ਗੁਰਚਰਨ ਸਿੰਘ ਕਾਹਲੋਂ)—ਆਸਟਰੇਲੀਆ ਦੇ ਵਿਕਟੋਰੀਆ ਸੂਬੇ ਦੇ ਪ੍ਰੀਮੀਅਰ ਡੈਨੀਅਲ ਐਂਡਰਿਊਜ਼ ਨੇ ਅੱਜ ਕਿਹਾ ਕਿ ਭਾਰਤ ਨਾਲ ਦੁਵੱਲੇ ਸਬੰਧਾਂ ਦੀ ਮਜ਼ਬੂਤੀ ਲਈ ਉਹ ਸਾਲ 2027 ਤਕ ਆਪਣੀਆਂ ਬਰਾਮਦਾਂ ਨੂੰ ਲਗਪਗ ਦੁੱਗਣਾ ਭਾਵ ਇਕ ਅਰਬ ਆਸਟਰੇਲੀਅਨ ਡਾਲਰ ਕਰਨ ਦੀ ਯੋਜਨਾ ‘ਤੇ ਕੰਮ ਕਰ ਰਹੇ ਹਨ। ਉਨਾਂ ਕਿਹਾ ਕਿ ਵਿਕਟੋਰੀਆ ਦੀ ਸਿਹਤ, ਖੇਡਾਂ, ਸੈਰ-ਸਪਾਟਾ ਤੇ ਸਿੱਖਿਆ ਦੇ ਖੇਤਰ ਵਿੱਚਲੀ ਮੁਹਾਰਤ ਅਤੇ ਭਾਰਤ ਦੀ ਨਵੀਆਂ ਕਾਢਾਂ ਪ੍ਰਤੀ ਭੁੱਖ ਸਦਕਾ ਦੋਵਾਂ ਅਰਥਚਾਰਿਆਂ ਕੋਲ ਵਧਣ ਫੁੱਲਣ ਦੇ ਵੱਡੇ ਮੌਕੇ ਹਨ।

ਭਾਰਤ ਦੇ ਆਪਣੇ ਪਲੇਠੇ ਦੌਰੇ ‘ਤੇ ਆਏ ਐਂਡਰਿਊਜ਼ ਨੇ ਕਿਹਾ ਕਿ ਉਹ ਅਗਲੇ ਦਸ ਸਾਲਾਂ ਵਿੱਚ ਭਾਰਤ ਨੂੰ ਹੁੰਦੀ ਵਸਤਾਂ ਦੀ ਸਾਲਾਨਾ ਬਰਾਮਦ ਨੂੰ ਦੁੱਗਣਾ ਕਰਨ ਲਈ ਹਰ ਸੰਭਵ ਕਦਮ ਚੁੱਕਣਗੇ। ਆਸਟਰੇਲੀਅਨ ਪ੍ਰੀਮੀਅਰ ਨੇ ਇਹ ਐਲਾਨ ਅੱਜ ਇਥੇ ‘ਵਿਕਟੋਰੀਆ ਦੀ ਭਾਰਤ ਬਾਰੇ ਰਣਨੀਤੀ: ਭਾਰਤ ਨਾਲ ਵਪਾਰਕ ਤੇ ਸਭਿਆਚਾਰਕ ਰਿਸ਼ਤਿਆਂ ਨੂੰ ਮਜ਼ਬੂਤ ਕਰਨ’ ਦੀ ਸ਼ੁਰੂਆਤ ਲਈ ਰੱਖੇ ਸਮਾਗਮ ਮੌਕੇ ਕੀਤਾ।

ਪ੍ਰੀਮੀਅਰ ਨੇ ਕਿਹਾ ਕਿ ਵਿਕਟੋਰੀਆ ਆਉਂਦੇ ਭਾਰਤੀ ਪ੍ਰਾਹੁਣਿਆਂ ਤੋਂ ਆਉਂਦੇ ਲਾਗਤ ਖਰਚੇ ਨੂੰ ਵਧਾ ਕੇ ਲਗਪਗ ਦੁੱਗਣਾ ਕੀਤਾ ਜਾਵੇਗਾ। ਉਨਾਂ ਕਿਹਾ ਕਿ ਪਿਛਲੇ ਸਾਲ ਇਹ ਅੰਕੜਾ 36.7 ਕਰੋੜ ਆਸਟਰੇਲੀਅਨ ਡਾਲਰ ਸੀ, ਜਿਸ ਨੂੰ ਇਸ ਸਾਲ ਲਗਪਗ 88.5 ਕਰੋੜ ਡਾਲਰ ਕੀਤਾ ਜਾਵੇਗਾ। ਇਸ ਤੋਂ ਇਲਾਵਾ ਭਾਰਤ ਨਾਲ ਕਾਰੋਬਾਰਾਂ ਦੀ ਗਿਣਤੀ ਵੀ ਪਿਛਲੇ ਸਾਲ ਦੇ 150 ਦੇ ਮੁਕਾਬਲੇ ਪ੍ਰਤੀ ਸਾਲ 300 ਕੀਤੀ ਜਾਵੇਗੀ। ਉਨਾਂ ਕਿਹਾ ਕਿ ਵਿਕਟੋਰੀਆ ਵਿੱਚ ਪੋਸਟ ਗ੍ਰੈਜੂਏਸ਼ਨ ਲਈ ਆਉਂਦੇ ਭਾਰਤੀ ਖੋਜਾਰਥੀਆਂ ਦੀ ਗਿਣਤੀ 25 ਫੀਸਦ ਵਧਾਉਣ ਦਾ ਟੀਚਾ ਹੈ। ਪ੍ਰੀਮੀਅਰ ਨੇ ਕਿਹਾ ਕਿ ਭਾਰਤ ਵਿਸ਼ਵ ਦਾ ਤੀਜਾ ਸਭ ਤੋਂ ਵੱਡਾ ਤੇ ਤੇਜ਼ੀ ਨਾਲ ਵਿਕਸਤ ਹੁੰਦਾ ਅਰਥਚਾਰਾ ਹੈ ਤੇ ਵਿਕਟੋਰੀਅਨ ਸਰਕਾਰ ਦਾ ਮੰਨਣਾ ਹੈ ਕਿ ਭਾਰਤ ਨਾਲ ਨੇੜਤਾ ਦੋਵਾਂ ਅਰਥਚਾਰਿਆਂ ਲਈ ਫਾਇਦੇਮੰਦ ਹੋਵੇਗੀ।

# ਆਸਟਰੇਲੀਆਈ ਜੱਜ ਨੇ ਡੇਰਾ ਸੱਚਾ ਸੌਦਾ ਦੇ ਚੇਲੇ ਦੀ ਪਨਾਹ ਦੀ ਵੀਜ਼ਾ ਅਰਜ਼ੀ ਕੀਤੀ ਰੱਦ

ਆਸਟਰੇਲਿਆਈ ਜੱਜ ਨੇ ਡੇਰਾ ਸੱਚਾ ਸੌਦਾ ਦੇ ਚੇਲੇ ਦੀ ਪਨਾਹ ਦੀ ਵੀਜ਼ਾ ਅਰਜ਼ੀ ਰੱਦ ਕਰ ਦਿੱਤੀ ਹੈ। ਜੱਜ ਨੇ ਚੇਲੇ ਨੂੰ ਫਟਕਾਰ ਲਗਾਈ ਹੈ। ਚੇਲੇ ਨੇ ਅਦਾਲਤ ਨੂੰ ਦੱਸਿਆ ਸੀ ਕਿ ਭਾਰਤ ਵਿੱਚ ਡੇਰਾ ਸੱਚਾ ਸੌਦਾ ਦੇ ਪੈਰੋਕਾਰਾਂ ਦੀ ਮਾਰ-ਕੁੱਟ ਤੇ ਕਤਲ ਹੋ ਰਹੇ ਹਨ। ਆਸਟਰੇਲੀਆ ਆਉਣ ਮਗਰੋਂ ਹੁਣ ਵਤਨ ਮੁੜਨਾ ਮੁਸ਼ਕਲ ਹੈ। ਉਸ ਨੇ ਆਪਣੀ ਜਾਨ ਨੂੰ ਗਰਮ ਖ਼ਿਆਲੀ ਸਿੱਖਾਂ ਤੋਂ ਵੀ ਖਤਰਾ ਦੱਸਿਆ।



ਆਸਟਰੇਲਿਆਈ ਟ੍ਰਿਬਿਊਨਲ ਕੋਲ ਪਨਾਹ ਮੰਗਣ ਪਹੁੰਚੇ ਇਸ ਅਨੋਖੇ ਕੇਸ ਵਿੱਚ ਇਮੀਗਰੇਸ਼ਨ ਵਿਭਾਗ ਨੂੰ ਤੱਥਾਂ ਦੀ ਘੋਖ ਕਰਨੀ ਪਈ। ਚੇਲੇ ਨੇ ਅਦਾਲਤ ਨੂੰ ਦੱਸਿਆ ਕਿ 2007 ਵਿੱਚ ਕੱਟੜ ਸਿੱਖਾਂ ਵੱਲੋਂ ਕੀਤੇ ਗਏ ਹਮਲੇ ਕਾਰਨ ਉਸ ਦੀ ਲੱਤ ‘ਤੇ ਸੱਟ ਲੱਗੀ ਸੀ ਅਤੇ ਪੰਜਾਬ ਪੁਲੀਸ ਨੇ ਵੀ ਉਸ ਦਾ ਸਾਥ ਨਹੀਂ ਦਿੱਤਾ ਸੀ। ਅਦਾਲਤ ਨੂੰ ਪੜਤਾਲ ਦੌਰਾਨ ਲੱਤ ‘ਤੇ ਪਏ ਦਾਗ਼ ਦਾ ਅਸਲ ਕਾਰਨ ਪਤਾ ਨਹੀਂ ਲੱਗ ਸਕਿਆ। ਉਸ ਨੇ ਆਸਟਰੇਲੀਆ ਵਿੱਚ ਫ਼ੋਨ ਰਾਹੀਂ ਪੰਜਾਬ ਤੋਂ ਧਮਕੀਆਂ ਮਿਲਣ ਦਾ ਦਾਅਵਾ ਵੀ ਕੀਤਾ ਪਰ ਉਸ ਦਾ ਵੇਰਵਾ ਨਹੀਂ ਮਿਲਿਆ। ਅਦਾਲਤ ਨੇ ਆਸਟਰੇਲੀਆ ਦੇ ਵਿਦੇਸ਼ ਮਾਮਲਿਆਂ ਅਤੇ ਵਪਾਰ ਵਿਭਾਗ ਦੀ ਭਾਰਤ ਨਾਲ ਸਬੰਧਾਂ ਦੀ ਰਿਪੋਰਟ ਵੀ ਮੰਗੀ ਜਿਸ ਵਿੱਚ ਭਾਰਤੀ ਲੋਕਾਂ ਦੇ ਆਪਸੀ ਮਿਲਵਰਤਣ ਤੇ ਦੁਵੱਲੇ ਸਬੰਧਾਂ ਦੀ ਸਲਾਹਨਾ ਹੋਈ।

ਚੇਲੇ ਨੇ ਆਸਟਰੇਲੀਆ ਸਮੇਤ ਸੰਸਾਰ ਭਰ ‘ਚ ਡੇਰੇ ਦੇ 4 ਤੋਂ 5 ਕਰੋੜ ਸ਼ਰਧਾਲੂ ਦੱਸੇ। ਪਨਾਹਗੀਰ ਨੇ ਡੇਰਾ ਮੁਖੀ ਦੇ ਪੱਕੇ ਸੇਵਕਾਂ ਨਾਲ ਸਿੱਖਾਂ ਦੀਆਂ ਕਈ ਝੜਪਾਂ ਅਤੇ ਕਤਲ ਦੀਆਂ ਖ਼ਬਰਾਂ ਦਾ ਹਵਾਲਾ ਵੀ ਦਿੱਤਾ। ਉਸ ਵੱਲੋਂ ਆਸਟਰੇਲੀਆ ‘ਚ ਰਹਿਣ ਦੇ ਦਿੱਤੇ ਗਏ ਬਿਆਨ ਵਿਸ਼ਵਾਸਯੋਗ ਨਹੀਂ ਮੰਨੇ ਗਏ। ਜੱਜ ਨੇ ਪਨਾਹ ਮੰਗਣ ਨੂੰ ਗੈਰ ਵਾਜਿਬ ਦੱਸਦੇ ਹੋਏ ਕੇਸ ਨੂੰ ਰੱਦ ਕਰ ਦਿੱਤਾ।

# ਆਖ਼ਰ ਵਾਪਸ ਜਾਣਗੇ ਬਾਹਰੋਂ ਆਏ ਚੰਡੀਗੜ੍ਹ ਪੁਲੀਸ ਦੇ ਡੀਐਸਪੀਜ਼

ਚੰਡੀਗੜ੍ਹ- ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਦਿੱਲੀ, ਅੰਡੇਮਾਨ ਤੇ ਨਿਕੋਬਾਰ ਦੀਪ, ਦਮਨ ਤੇ ਦਿਉ ਅਤੇ ਦਾਦਰਾ-ਨਗਰ ਹਵੇਲੀ (ਦਾਨਿਪਸ) ਕੇਡਰ ਦੇ ਇਥੋਂ ਬਦਲੇ 8 ਡੀਐਸਪੀਜ਼ ਨੂੰ ਰਿਲੀਵ ਕਰਨ ਤੋਂ ਨਾਂਹ-ਨੁੱਕਰ ਕਰਨ 'ਤੇ ਅਖੀਰ ਕੇਂਦਰ ਸਰਕਾਰ ਦੇ ਗ੍ਰਹਿ ਵਿਭਾਗ ਨੇ ਖੁਦ ਹੀ ਇਨ੍ਹਾਂ ਡੀਐਸਪੀਜ਼ ਨੂੰ ਫਾਰਗ ਕਰਨ ਦੇ ਹੁਕਮ ਜਾਰੀ ਕਰ ਕੇ ਚੰਡੀਗੜ੍ਹ ਪੁਲੀਸ ਅਤੇ ਪ੍ਰਸ਼ਾਸਨ ਦੇ ਅਧਿਕਾਰੀਆਂ ਨੂੰ ਭਾਰੀ ਝਟਕਾ ਦਿੱਤਾ ਹੈ। ਦੱਸਣਯੋਗ ਹੈ ਕਿ ਚੰਡੀਗੜ੍ਹ ਪੁਲੀਸ ਕੇਡਰ ਦੇ ਇੰਸਪੈਕਟਰਾਂ ਵੱਲੋਂ ਦਾਨਿਪਸ ਕੇਡਰ ਦੇ ਡੀਐਸਪੀਜ਼ ਨੂੰ ਇਥੇ ਨਿਯੁਕਤ ਕਰ ਕੇ ਉਨ੍ਹਾਂ ਦੀਆਂ ਬਤੌਰ ਡੀਐਸਪੀਜ਼ ਪ੍ਰਮੋਸ਼ਨਾਂ ਰੋਕੇ ਜਾਣ ਖ਼ਿਲਾਫ਼ ਲੰਮੀ ਅਦਾਲਤੀ ਲੜਾਈ ਲੜੀ ਜਾ ਰਹੀ ਹੈ। ਕੇਂਦਰੀ ਪ੍ਰਸ਼ਾਸਕੀ ਟ੍ਰਿਬਿਊਨਲ (ਕੈਟ) ਨੇ ਦਾਨਿਪਸ ਕੇਡਰ ਦੇ ਡੀਐਸਪੀਜ਼ ਨੂੰ ਬਿਨਾਂ ਨਿਯਮ ਇਥੇ ਤਾਇਨਾਤ ਕਰਨ ਦਾ ਨੋਟਿਸ ਲੈਂਦਿਆਂ ਉਨ੍ਹਾਂ ਨੂੰ ਵਾਪਸ ਭੇਜਣ ਦੇ ਹੁਕਮ ਦਿੱਤੇ ਸਨ। ਇਸ ਤਹਿਤ ਕੇਂਦਰੀ ਗ੍ਰਹਿ ਵਿਭਾਗ ਨੇ ਬੀਤੀ 21 ਦਸੰਬਰ ਨੂੰ ਇਨ੍ਹਾਂ 8 ਡੀਐਸਪੀਜ਼ ਨੂੰ ਇਥੋਂ ਵਾਪਸ ਆਪਣੇ ਪਿਤਰੀ ਕੇਂਦਰੀ ਪ੍ਰਦੇਸ਼ਾਂ ਵਿਚ ਭੇਜਣ ਲਈ ਕਿਹਾ ਸੀ ਪਰ ਸਥਾਨਕ ਪੁਲੀਸ ਅਤੇ ਪ੍ਰਸ਼ਾਸਨ ਵੱਲੋਂ ਕਿਸੇ ਨਾ ਕਿਸੇ ਬਹਾਨੇ ਦਾਨਿਪਸ ਦੇ ਡੀਐਸਪੀਜ਼ ਨੂੰ ਰਿਲੀਵ ਕਰਨ ਤੋਂ ਟਾਲਾ ਵੱਟਿਆ ਜਾ ਰਿਹਾ ਸੀ। ਇਸ ਦਾ ਪਿਛਲੇ ਦਿਨੀਂ ਕੈਟ ਨੇ ਵੀ ਗੰਭੀਰ ਨੋਟਿਸ ਲਿਆ ਸੀ ਅਤੇ 30 ਜਨਵਰੀ ਨੂੰ ਇਸ ਸਬੰਧੀ ਕੈਟ 'ਚ ਮਾਣਹਾਨੀ ਦੇ ਮਾਮਲੇ ਵਿਚ ਸੁਣਵਾਈ ਵੀ ਹੈ। ਸੂਤਰਾਂ ਅਨੁਸਾਰ ਅੱਜ ਇਕ ਪਾਸੇ ਚੰਡੀਗੜ੍ਹ ਪ੍ਰਸ਼ਾਸਨ ਇਨ੍ਹਾਂ ਡੀਐਸਪੀਜ਼ ਸਬੰਧੀ ਹੋਰ ਕਾਨੂੰਨੀ ਚਾਰਾਜੋਈ ਕਰ ਰਿਹਾ ਸੀ, ਪਰ ਦੂਜੇ ਪਾਸੇ ਕੇਂਦਰੀ ਗ੍ਰਹਿ ਵਿਭਾਗ ਨੇ ਖੁਦ ਹੀ ਦਾਨਿਪਸ ਦੇ ਸਮੂਹ 8 ਡੀਐਸਪੀਜ਼ ਨੂੰ ਰਿਲੀਵ ਕਰਨ ਦੇ ਹੁਕਮ ਭੇਜ ਦਿੱਤੇ ਹਨ। ਕੇਂਦਰੀ ਅਧੀਨ ਗ੍ਰਹਿ ਸਕੱਤਰ ਹਿਟਲਰ ਸਿੰਘ ਵੱਲੋਂ ਅੱਜ ਜਾਰੀ ਹੁਕਮਾਂ (ਕਾਪੀ 'ਪੰਜਾਬੀ ਟ੍ਰਿਬਿਊਨ' ਕੋਲ ਮੌਜੂਦ ਹੈ) ਰਾਹੀਂ ਦਾਨਿਪਸ ਡੀਐਸਪੀਜ਼ ਚੈਪਾਲਿਆ ਅੰਜਿਤਾ, ਰਸ਼ਮੀ ਸ਼ਰਮਾ ਤੇ ਉਨ੍ਹਾਂ ਦੇ ਪਤੀ ਦੀਪਕ ਯਾਦਵ, ਸਤੀਸ਼ ਕੁਮਾਰ, ਪਵਨ ਕੁਮਾਰ, ਕ੍ਰਿਸ਼ਨ ਕੁਮਾਰ, ਸੁਖਰਾਜ ਕਟੇਵਾ ਅਤੇ ਰਾਜੀਵ ਕੁਮਾਰ ਅੰਬਾਸਟਾ ਨੂੰ ਫ਼ੌਰੀ ਤੌਰ 'ਤੇ ਰਿਲੀਵ ਕਰ



ਦਿੱਤਾ ਹੈ।
ਗ਼ੌਰਤਲਬ ਹੈ ਕਿ ਇਥੇ ਡੈਪੂਟੇਸ਼ਨ 'ਤੇ ਆਉਂਦੇ ਅਧਿਕਾਰੀਆਂ ਨੂੰ ਸਮੇਂ ਮੁਤਾਬਕ ਰਿਲੀਵ ਕਰਨ ਲਈ ਅਸੂਲਨ ਪ੍ਰਸ਼ਾਸਕ ਦੇ ਸਲਾਹਕਾਰ ਨੇ ਕਰਕੇ ਕੇਂਦਰੀ ਗ੍ਰਹਿ ਵਿਭਾਗ ਨੂੰ ਸੂਚਿਤ ਕਰਨਾ ਹੁੰਦਾ ਹੈ ਪਰ ਇਨ੍ਹਾਂ ਡੀਐਸਪੀਜ਼ ਦੇ ਨੂੰ ਫ਼ਾਰਗ ਕਰਨ ਦੇ ਹੁਕਮ ਉਲਟਾ ਕੇਂਦਰੀ ਗ੍ਰਹਿ ਵਿਭਾਗ ਨੇ ਜਾਰੀ ਕਰ ਕੇ ਸਲਾਹਕਾਰ ਨੂੰ ਮਹਿਜ਼ ਸੂਚਿਤ ਕੀਤਾ ਹੈ। ਸੂਤਰਾਂ ਅਨੁਸਾਰ ਅਚਨਚੇਤ ਆਏ ਇਨ੍ਹਾਂ ਹੁਕਮਾਂ ਤੋਂ ਪੁਲੀਸ ਅਤੇ ਪ੍ਰਸ਼ਾਸਨ ਦੇ ਅਧਿਕਾਰੀ ਹੈਰਾਨ ਰਹਿ ਗਏ ਅਤੇ ਉਚ ਅਧਿਕਾਰੀਆਂ ਨੇ ਮੀਟਿੰਗ ਕਰ ਕੇ ਹਾਲਾਤ ਉਪਰ ਚਰਚਾ ਕੀਤੀ ਹੈ।

# ਡਿੰਪਲ ਕਤਲ ਕਾਂਡ: ਮੁਲਜ਼ਮਾਂ ਖ਼ਿਲਾਫ਼ ਕੇਸ ਦਰਜ

ਦਸੂਹਾ- ਇਥੇ ਦਸੂਹਾ ਪੁਲੀਸ ਵੱਲੋਂ ਨੇੜਲੇ ਪਿੰਡ ਤਿਹਾੜਾ ਦੇ 18 ਸਾਲਾਂ ਨੌਜਵਾਨ ਲਵਪ੍ਰੀਤ ਸਿੰਘ ਉਰਫ ਡਿੰਪਲ ਪੁੱਤਰ ਕਮਲਜੀਤ ਸਿੰਘ ਦੇ ਹੋਏ ਕਤਲ ਮਾਮਲੇ ਸਬੰਧੀ ਮੁਲਜ਼ਮਾਂ ਖ਼ਿਲਾਫ਼ ਜੁਰਮ ਵਿੱਚ ਵਾਧਾ ਕਰਦਿਆਂ ਧਾਰਾ 302, 364, 361 ਤਹਿਤ ਮਾਮਲਾ ਦਰਜ ਕਰ ਲਿਆ ਹੈ। ਇਸ ਸਬੰਧ ਵਿੱਚ ਮ੍ਰਿਤਕ ਦੇ ਸਕੂਲ ਵਿੱਚ ਪੜ੍ਹਦੀ ਲੜਕੀ ਨਵਜੋਤ ਕੌਰ ਨੂੰ ਗ੍ਰਿਫ਼ਤਾਰ ਕੀਤਾ ਹੈ। ਗੌਰਤਲਬ ਹੈ ਕਿ ਪਿੰਡ ਜਲਾਲਪੁਰ ਦੀ ਵਸਨੀਕ ਨਵਜੋਤ ਕੌਰ ਨਾਲ ਕਥਿਤ ਪ੍ਰੇਮ ਸਬੰਧਾਂ ਦੇ ਚੱਲਦਿਆ ਲਵਪ੍ਰੀਤ ਸਿੰਘ 17 ਜਨਵਰੀ ਨੂੰ ਭੇਤਭਰੀ ਹਾਲਤ ਵਿੱਚ ਲਾਪਤਾ ਹੋ ਗਿਆ ਸੀ। ਇਸ ਮਗਰੋਂ ਉਸ ਦੇ ਮਾਪਿਆਂ ਨੂੰ 4-5 ਅਣਪਛਾਤੇ ਵਿਅਕਤੀਆਂ ਵੱਲੋਂ ਲਵਪ੍ਰੀਤ ਨੂੰ ਜਾਨੋ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ। ਇਸ ਸਬੰਧੀ ਪੁਲੀਸ ਨੂੰ ਸੂਚਿਤ ਕੀਤਾ ਗਿਆ ਪਰ ਪੁਲੀਸ ਵੱਲੋਂ ਮੁਲਜ਼ਮਾਂ ਖਿਲਾਫ਼ ਕੋਈ ਠੋਸ ਕਾਰਵਾਈ ਨਾ ਕੀਤੀ ਗਈ ਤੇ 27 ਜਨਵਰੀ ਨੂੰ ਲਵਪ੍ਰੀਤ ਦੀ ਲਾਸ਼ ਨੇੜਲੇ ਪਿੰਡ ਕਾਵਾਂਵਾਲੀ ਨਾਲ ਲੱਗਦੇ ਬਿਆਸ ਦਰਿਆ ਵਿੱਚੋਂ ਬਰਾਮਦ ਕੀਤੀ ਗਈ, ਜਿਸ ਮਗਰੋਂ ਪੁਲੀਸ ਵੱਲੋਂ ਵਰਤੀ ਢਿੱਲਮੱਠ ਖਿਲਾਫ਼ ਰੋਹ ਵਿੱਚ ਆਏ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਤੇ ਪਿੰਡ ਵਾਸੀਆਂ ਨੇ ਦਸੂਹਾ-ਮੁਕੇਰੀਆਂ ਕੌਮੀ ਮਾਰਗ ਉੱਤੇ ਦੋ ਘੰਟੇ ਚੱਕਾ ਜਾਮ ਕੀਤਾ ਜਿਸ ਦੌਰਾਨ ਪ੍ਰਦਰਸ਼ਨਕਾਰੀਆਂ ਨੇ ਥਾਣਾ ਮੁਖੀ ਪਲਵਿੰਦਰ ਸਿੰਘ ਤੇ ਏ.ਐਸ.ਆਈ ਸ਼ਲਵਿੰਦਰ ਸਿੰਘ ਨੂੰ ਕਥਿਤ ਤੌਰ 'ਤੇ ਲਾਪਰਵਾਹੀ ਵਰਤਣ ਦੇ ਦੋਸ਼ ਹੇਠ ਬਰਖ਼ਾਸਤ ਕਰਨ ਅਤੇ ਕਾਤਲਾਂ ਵਿਰੁੱਧ ਧਾਰਾ 302 ਤਹਿਤ ਮਾਮਲਾ ਦਰਜ ਕਰਨ ਦੀ ਮੰਗ ਕੀਤੀ ਸੀ। ਡੀ.ਐੱਸ.ਪੀ ਦਸੂਹਾ ਰਾਜਿੰਦਰ ਸਿੰਘ ਨੇ ਦੱਸਿਆ ਕਿ ਮਾਮਲੇ ਵਿੱਚ ਧਾਰਾ 302 ਦਾ ਵਾਧਾ ਕਰਕੇ ਇਸ ਸਬੰਧ ਵਿੱਚ ਮ੍ਰਿਤਕ ਦੇ ਸਕੂਲ ਵਿੱਚ ਪੜ੍ਹਦੀ ਨਵਜੋਤ ਕੌਰ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਸ ਤੋ ਪੁੱਛਗਿੱਛ ਕੀਤੀ ਜਾ ਰਹੀ ਹੈ ਅਤੇ ਜਲਦ ਹੀ ਮੁਲਜ਼ਮ ਪੁਲੀਸ ਦੀ ਗ੍ਰਿਫ਼ਤ ਵਿੱਚ ਹੋਣਗੇ। ਉਨ੍ਹਾਂ ਦੱਸਿਆ ਕਿ ਮੁੱਢਲੀ ਜਾਂਚ ਦੌਰਾਨ ਜੇ ਡਿਊਟੀ ਵਿੱਚ ਕੁਤਾਹੀ ਵਰਤਣ ਵਾਲੇ ਪੁਲੀਸ ਮੁਲਾਜ਼ਮ ਅਤੇ ਅਧਿਕਾਰੀ ਦੋਸ਼ੀ ਪਾਏ ਗਏ ਤਾਂ ਉਨ੍ਹਾਂ ਖਿਲਾਫ਼ ਵੀ ਸਖਤ ਕਾਰਵਾਈ ਕੀਤੀ ਜਾਵੇਗੀ।



# ਟਾਈਟਲਰ ਦੇ ਖ਼ੁਲਾਸੇ ਮਗਰੋਂ ਰਾਜੀਵ ਦੀ ਭੂਮਿਕਾ ਦੀ ਜਾਂਚ ਹੋਵੇ: ਫੂਲਕਾ

ਨਵੀਂ ਦਿੱਲੀ- ਆਮ ਆਦਮੀ ਪਾਰਟੀ ਦੇ ਦਾਖ਼ਾ (ਪੰਜਾਬ) ਤੋਂ ਵਿਧਾਇਕ ਅਤੇ ਸਿੱਖ ਕਤਲੇਆਮ ਦੇ ਪੀੜਤਾਂ ਦੇ ਵਕੀਲ ਐਚ ਐਸ ਫੂਲਕਾ ਨੇ ਮੰਗ ਕੀਤੀ ਹੈ ਕਿ ਜਗਦੀਸ਼ ਟਾਈਟਲਰ ਵੱਲੋਂ ਸਾਬਕਾ ਪ੍ਰਧਾਨ ਮੰਤਰੀ ਮਰਹੂਮ ਰਾਜੀਵ ਗਾਂਧੀ ਬਾਰੇ ਨਿੱਜੀ ਚੈਨਲ 'ਤੇ ਕੀਤੇ ਗਏ ਖੁਲਾਸਿਆਂ ਮਗਰੋਂ ਰਾਜੀਵ ਗਾਂਧੀ ਦੀ ਕਤਲੇਆਮ 'ਚ ਭੂਮਿਕਾ ਬਾਰੇ ਜਾਂਚ ਕੀਤੀ ਜਾਵੇ। ਇਥੇ ਪ੍ਰੈੱਸ ਕਾਨਫਰੰਸ ਦੌਰਾਨ ਸ੍ਰੀ ਫੂਲਕਾ ਨੇ ਕਿਹਾ ਕਿ ਕਾਂਗਰਸ ਨੇ ਪੱਖ ਰੱਖਿਆ ਹੈ ਕਿ ਰਾਜੀਵ ਗਾਂਧੀ ਭੀੜ ਨੂੰ ਸ਼ਾਂਤ ਕਰਨ ਲਈ ਕਈ ਇਲਾਕਿਆਂ 'ਚ ਗਏ ਸਨ। ਇਸ ਦਾ ਅਰਥ ਹੈ ਕਿ ਕਾਂਗਰਸ ਮੰਨਦੀ ਹੈ ਕਿ ਰਾਜੀਵ ਗਾਂਧੀ ਨੇ ਉਨ੍ਹਾਂ ਥਾਵਾਂ ਦਾ ਦੌਰਾ ਕੀਤਾ ਜਿਥੇ ਸਿੱਖਾਂ ਦਾ ਕਤਲੇਆਮ ਹੋ ਰਿਹਾ ਸੀ। ਉਨ੍ਹਾਂ ਕਿਹਾ ਕਿ ਹੁਣ ਕਾਂਗਰਸ ਨੂੰ ਸਾਬਿਤ ਕਰਨਾ ਹੋਵੇਗਾ ਕਿ ਸਾਬਕਾ ਪ੍ਰਧਾਨ ਮੰਤਰੀ ਨੇ ਭੀੜ ਨੂੰ ਸ਼ਾਂਤ ਕਰਨ ਲਈ ਕੀ ਕੀਤਾ ਸੀ ? ਸ੍ਰੀ ਫੂਲਕਾ ਨੇ ਕਿਹਾ ਕਿ ਗੜਬੜ ਵਾਲੇ ਇਲਾਕਿਆਂ ਵਿੱਚ ਜਾਣ ਦੌਰਾਨ ਅਤੇ ਮਗਰੋਂ ਹੋਏ ਕਤਲੇਆਮ ਤੋਂ ਸਪੱਸ਼ਟ ਹੁੰਦਾ ਹੈ ਕਿ ਤਤਕਾਲੀ ਪ੍ਰਧਾਨ ਮੰਤਰੀ ਦੀ ਪ੍ਰਵਾਨਗੀ ਅਤੇ ਸਹਿਮਤੀ ਨਾਲ ਹੀ ਸਿੱਖਾਂ ਨੂੰ ਕੋਹ-ਕੋਹ ਕੇ ਮਾਰਿਆ ਗਿਆ। ਉਨ੍ਹਾਂ ਟਾਈਟਲਰ ਦੇ ਹਵਾਲੇ ਨਾਲ ਦੱਸਿਆ ਕਿ ਸ੍ਰੀ ਗਾਂਧੀ ਕਿੰਗਜ਼ਵੇਅ ਕੈਂਪ ਪੁਲੀਸ ਸਟੇਸ਼ਨ ਇਲਾਕੇ ਵਿੱਚ ਗਏ ਸਨ। ਇਹ ਸਬਜ਼ੀ ਮੰਡੀ ਪੁਲੀਸ ਸਟੇਸ਼ਨ, ਅਸ਼ੋਕ ਵਿਹਾਰ ਪੁਲੀਸ ਥਾਣਾ ਅਤੇ ਆਦਰਸ਼ ਨਗਰ ਥਾਣਾ ਉਪਰੋਕਤ ਕੈਂਪ ਇਲਾਕੇ ਵਿੱਚ ਪੈਂਦਾ ਹੈ ਜਿੱਥੇ ਵੱਡਾ ਕਤਲੇਆਮ ਅਤੇ ਮਾਲੀ ਨੁਕਸਾਨ ਹੋਇਆ ਸੀ। ਟਾਈਟਲਰ ਨੇ ਇਹ ਵੀ ਦੱਸਿਆ ਸੀ ਕਿ ਰਾਜੀਵ ਗਾਂਧੀ, ਐਚ ਕੇ ਐਲ ਭਗਤ, ਸੱਜਣ ਕੁਮਾਰ ਦੇ ਵਿਧਾਨ ਸਭਾ ਹਲਕਿਆਂ ਵਿੱਚ ਵੀ ਗਏ ਸਨ। ਸ੍ਰੀ ਫੂਲਕਾ ਨੇ ਕਿਹਾ ਕਿ ਭਗਤ ਦੇ ਖੇਤਰ ਵਿੱਚ 1200 ਤੋਂ ਵਧ ਸਿੱਖ ਕਤਲ ਹੋਏ ਅਤੇ ਸੱਜਣ ਕੁਮਾਰ ਦੇ ਖੇਤਰ ਵਿੱਚ ਕਰੀਬ 1500 ਸਿੱਖ ਕਤਲ ਹੋਏ।



# ਸਫ਼ਾਈ ਰੈਂਕਿੰਗ: ਤਿੰਨ ਮੈਂਬਰੀ ਕੇਂਦਰੀ ਟੀਮ ਨੇ ਕੀਤੀ ਜਾਂਚ

ਪਟਿਆਲਾ- ਸਵੱਛਤਾ ਸਰਵੇਖਣ-2018 ਦੇ ਬੈਨਰ ਹੇਠ ਦੇਸ਼ ਦੇ ਪ੍ਰਮੁੱਖ ਸ਼ਹਿਰਾਂ ਦੀ ਸਫ਼ਾਈ ਸਬੰਧੀ ਪੜਚੋਲ ਕਰਨ ਤਹਿਤ ਤਿੰਨ ਰੋਜ਼ਾ ਦੌਰੇ 'ਤੇ ਪਟਿਆਲਾ ਪੁੱਜੀ ਤਿੰਨ ਮੈਂਬਰੀ ਕੇਂਦਰੀ ਟੀਮ ਨੇ ਦਿਨ ਭਰ ਨਗਰ ਨਿਗਮ ਦਫ਼ਤਰ ਵਿੱਚ ਦਸਤਾਵੇਜ਼ਾਂ ਦੀ ਜਾਂਚ ਕੀਤੀ। ਟੀਮ ਨੇ ਅੱਜ ਸਹਾਇਕ ਕਮਿਸ਼ਨਰ ਅੰਕੁਰ ਮਹਿੰਦਰਾ ਦੇ ਕਮਰੇ ਵਿੱਚ ਫਾਈਲਾਂ ਤੇ ਹੋਰ ਦਸਤਾਵੇਜ਼ ਚੈੱਕ ਕੀਤੇ। ਰਹਿੰਦੇ ਦਸਤਾਵੇਜ਼ਾਂ ਦੀ ਜਾਂਚ 30 ਜੂਨ ਨੂੰ ਵੀ ਜਾਰੀ ਰਹੇਗੀ ਤੇ ਇਸ ਮਗਰੋਂ ਬਾਅਦ ਦੁਪਹਿਰ ਟੀਮ ਸ਼ਹਿਰ ਦਾ ਦੌਰਾ ਕਰ ਕੇ ਸਫ਼ਾਈ ਦਾ ਜਾਇਜ਼ਾ ਲਵੇਗੀ। ਇਸ ਦੇ ਨਾਲ ਹੀ ਟੀਮ ਵੱਲੋਂ ਲੋਕਾਂ ਤੋਂ ਵੀ ਸ਼ਹਿਰ ਦੇ ਹਾਲਾਤ ਜਾਣੇ ਜਾਣਗੇ।ਪ੍ਰੋਗਰਾਮ ਕੋਆਰਡੀਨੇਟਰ ਅਮਨ ਸੇਖੋਂ ਤੇ ਮੈਡਮ ਮਨਪ੍ਰੀਤ ਕੌਰ ਦਾ ਕਹਿਣਾ ਸੀ ਕਿ ਟੀਮ ਵਿੱਚ ਵਿਸ਼ਾਲ ਕੁਮਾਰ ਅਤੇ ਸੀਜ਼ਨ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਇਹ ਸਰਵੇਖਣ 400 ਅੰਕਾਂ 'ਤੇ ਆਧਾਰਿਤ ਹੋਵੇਗਾ ਤੇ ਸ਼ਹਿਰ ਦੀ ਕਾਰਗੁਜ਼ਾਰੀ ਦੇ ਆਧਾਰ 'ਤੇ ਇਸ ਸਾਲ ਦੀ ਰੈਂਕਿੰਗ ਕੀਤੀ ਜਾਵੇਗੀ।



# ਪੰਜਾਬ ਲੋਕ ਸੇਵਾ ਕਮਿਸ਼ਨ ਨੂੰ 'ਬੈਸਟ ਈ-ਗਵਰਨੈਂਸ ਪ੍ਰਾਜੈਕਟ' ਪੁਰਸਕਾਰ

ਪਟਿਆਲਾ- ਪੰਜਾਬ ਲੋਕ ਸੇਵਾ ਕਮਿਸ਼ਨ ਨੇ ਆਪਣੀ ਕਾਰਗੁਜ਼ਾਰੀ ਵਿੱਚ ਸੁਧਾਰ ਕਰਦਿਆਂ 'ਬੈਸਟ ਈ-ਗਵਰਨੈਂਸ ਪ੍ਰਾਜੈਕਟ' ਪੁਰਸਕਾਰ ਪ੍ਰਾਪਤ ਕੀਤਾ ਹੈ। ਦੇਸ਼ ਦਾ ਇਹ ਵੱਕਾਰੀ ਐਵਾਰਡ ਕੰਪਿਊਟਰ ਸੁਸਾਇਟੀ ਆਫ਼ ਇੰਡੀਆ ਤੇ ਨਿਹਾਲੈਂਟ ਵੱਲੋਂ ਕਮਿਸ਼ਨ ਵਿੱਚ ਪਿਛਲੇ ਸਾਲਾਂ ਦੌਰਾਨ ਭਰਤੀ ਪ੍ਰਕਿਰਿਆ ਵਿੱਚ ਪਾਰਦਰਸ਼ੀ ਤੇ ਸਾਫ਼-ਸੁਥਰਾ ਮਾਹੌਲ ਹੋਣ ਦੇ ਇਵਜ਼ ਪ੍ਰਦਾਨ ਕੀਤਾ ਗਿਆ ਹੈ। ਇਸ ਦੇ ਨਾਲ ਹੀ ਦੇਸ਼ ਦੇ ਬਾਕੀ ਲੋਕ ਸੇਵਾ ਕਮਿਸ਼ਨਾਂ ਨੂੰ ਵੀ ਜ਼ੋਰ ਦਿੱਤਾ ਗਿਆ ਹੈ ਕਿ ਉਹ ਆਪਣੀ ਬਿਹਤਰ ਕਾਰਗੁਜ਼ਾਰੀ ਲਈ ਪੰਜਾਬ ਲੋਕ ਸੇਵਾ ਕਮਿਸ਼ਨ ਤੋਂ ਸੇਧ ਲੈਣ।



ਦੱਸਣਯੋਗ ਹੈ ਕਿ ਕਰੀਬ ਡੇਢ ਦਹਾਕਾ ਪਹਿਲਾਂ ਪੰਜਾਬ ਲੋਕ ਸੇਵਾ ਕਮਿਸ਼ਨ ਦੀ ਸਾਖ਼ ਨੂੰ ਭਰਤੀਆਂ ਵਿੱਚ ਕਥਿਤ ਧਾਂਦਲੀ ਤੇ ਭ੍ਰਿਸ਼ਟਾਚਾਰ ਕਾਰਨ ਕਾਫ਼ੀ ਖੋਰਾ ਲੱਗਾ ਸੀ। ਉਸ ਸਮੇਂ ਕਮਿਸ਼ਨ ਦੇ ਚੇਅਰਮੈਨ ਰਹੇ ਰਵਿੰਦਰਪਾਲ ਸਿੰਘ ਸਿੱਧੂ ਉਰਫ਼ ਰਵੀ ਸਿੱਧੂ ਨੂੰ ਭਰਤੀਆਂ ਵਿੱਚ ਘਪਲੇ ਅਤੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਕਾਰਨ ਵਿਜੀਲੈਂਸ ਬਿਊਰੋ ਪੰਜਾਬ ਦੀ ਕਾਰਵਾਈ ਦਾ ਸਾਹਮਣਾ ਕਰਨਾ ਪਿਆ ਸਨ। ਆਖ਼ਰਕਾਰ, ਦੇਸ਼ ਦੇ ਰਾਸ਼ਟਰਪਤੀ ਨੇ ਚੇਅਰਮੈਨ ਰਵੀ ਸਿੱਧੂ ਨੂੰ ਬਰਖ਼ਾਸਤ ਕਰ ਦਿੱਤਾ ਸੀ।
ਅਜਿਹੇ ਲੰਮੇ ਮਾੜੇ ਦੌਰ ਮਗਰੋਂ ਹੁਣ ਪੰਜਾਬ ਲੋਕ ਸੇਵਾ ਕਮਿਸ਼ਨ ਨੇ ਵੱਕਾਰੀ ਪੁਰਸਕਾਰ ਹਾਸਲ ਕਰਕੇ ਆਪਣੇ ਦਾਗ ਧੋ ਲਏ ਹਨ। ਮਾਹਿਰਾਂ ਤੇ ਚਿੰਤਕਾਂ ਦਾ ਕਹਿਣਾ ਹੈ ਕਿ 'ਬੈਸਟ ਈ-ਗਵਰਨੈਂਸ ਪ੍ਰਾਜੈਕਟ' ਪੁਰਸਕਾਰ ਸਿੱਧੇ ਤੌਰ 'ਤੇ ਕਮਿਸ਼ਨ ਦੇ ਸਹੀ ਤੇ ਪਾਰਦਰਸ਼ੀ ਢੰਗ ਨਾਲ ਰਿਕਰੂਟਮੈਂਟ ਕਰਨ ਦੇ ਉੱਦਮ ਦੀ ਪੁਸ਼ਟੀ ਕਰਦਾ ਹੈ। ਦੱਸਣਯੋਗ ਹੈ ਕਿ ਦੇਸ਼ ਦੇ ਲੋਕ ਸੇਵਾ ਕਮਿਸ਼ਨਾਂ 'ਚ ਉੱਤਮ ਕਾਰਜ ਕੁਸ਼ਲਤਾ ਲਿਆਉਣ ਲਈ ਪ੍ਰਸ਼ਾਸਕੀ ਸੁਧਾਰ ਕਮੇਟੀ ਦੇ ਹੁਕਮਾਂ ਨਾਲ 'ਅਜੀਮ ਪ੍ਰੇਮਜੀ ਯੂਨੀਵਰਸਿਟੀ' ਬੰਗਲੌਰ ਤੋਂ ਇੱਕ ਅਧਿਐਨ ਟੀਮ ਵੱਲੋਂ ਪੰਜਾਬ ਲੋਕ ਸੇਵਾ ਕਮਿਸ਼ਨ ਦੇ ਕੰਮਕਾਜ ਅਤੇ ਪ੍ਰਕਿਰਿਆ ਬਾਰੇ ਆਡਿਟ ਕੀਤੀ ਗਈ ਸੀ। ਇਹ ਪੁਰਸਕਾਰ ਕਲੱਕਤਾ ਵਿੱਚ ਪਿਛਲੇ ਦਿਨੀਂ ਹੋਏ ਸਨਮਾਨ ਸਮਾਰੋਹ ਦੌਰਾਨ ਕਮਿਸ਼ਨ ਨੇ ਪ੍ਰਾਪਤ ਕਰ ਲਿਆ ਹੈ। ਕਮਿਸ਼ਨ ਦੀ ਸਕੱਤਰ ਜਸਲੀਨ ਕੌਰ ਸੰਧੂ ਨੇ ਦੱਸਿਆ ਕਿ ਕਮਿਸ਼ਨ ਨੇ ਪਿਛਲੇ ਸਾਲ 2017 ਵਿੱਚ 1561 ਵੱਖ-ਵੱਖ ਭਰਤੀਆਂ ਕੀਤੀਆਂ ਸਨ। ਇਹ ਭਰਤੀ ਪ੍ਰਕਿਰਿਆ ਪੂਰੀ ਤਰ੍ਹਾਂ ਪਾਰਦਰਸ਼ੀ ਰਹੀ ਅਤੇ ਕਮਿਸ਼ਨ ਵੱਲੋਂ ਮੈਰਿਟ ਆਧਾਰਿਤ ਚੋਣ ਨੂੰ ਅਮਲ ਵਿੱਚ ਲਿਆਂਦਾ ਗਿਆ ਤਾਂ ਕਿ ਨੌਜਵਾਨ ਪੀੜ੍ਹੀ ਦਾ ਸਿਸਟਮ ਵਿੱਚ ਭਰੋਸਾ ਬਣਿਆ ਰਹੇ।

# ਚੋਣ ਮਨੋਰਥ ਪੱਤਰ ਲਾਗੂ ਨਾ ਕਰਨ ਵਾਲੀ ਪਾਰਟੀ ਦੀ ਮਾਨਤਾ ਰੱਦ ਹੋਵੇ: ਭਗਵੰਤ ਮਾਨ

ਭਵਾਨੀਗੜ੍ਹ- ਬਲਾਕ ਦੇ ਪਿੰਡਾਂ ਵਿੱਚ ਆਪਣੇ ਦੋ ਰੋਜ਼ਾ ਦੌਰੇ ਦੌਰਾਨ ਆਮ ਆਦਮੀ ਪਾਰਟੀ ਦੇ ਸੰਗਰੂਰ ਤੋਂ ਸੰਸਦ ਮੈਂਬਰ ਭਗਵੰਤ ਮਾਨ ਨੇ ਆਪਣੇ ਕੋਟੇ ਵਿੱਚੋਂ ਵਿਕਾਸ ਕਾਰਜਾਂ ਤਹਿਤ ਸਕੂਲਾਂ ਲਈ ਆਰ ਓ, ਸਬਮਰਸੀਬਲ ਅਤੇ ਸੋਲਰ ਲਾਈਟਾਂ ਲਈ ਗਰਾਂਟਾਂ ਵੰਡੀਆਂ। ਵੱਖ-ਵੱਖ ਪਿੰਡਾਂ ਵਿੱਚ ਰੈਲੀਆਂ ਨੂੰ ਸੰਬੋਧਨ ਕਰਦਿਆਂ 'ਆਪ' ਦੇ ਪੰਜਾਬ ਕਨਵੀਨਰ ਭਗਵੰਤ ਮਾਨ ਨੇ ਕਿਹਾ ਕਿ ਉਨ੍ਹਾਂ ਵੱਲੋਂ ਹੁਣ ਤੱਕ ਹਲਕੇ ਦੇ 600 ਪਿੰਡਾਂ ਵਿੱਚ ਮੀਟਿੰਗਾਂ ਕਰ ਕੇ 17 ਕਰੋੜ ਰੁਪਏ ਤੋਂ ਵੱਧ ਗਰਾਂਟਾਂ ਵੰਡੀਆਂ ਜਾ ਚੁੱਕੀਆਂ ਹਨ ਅਤੇ ਲੋਕ ਸਭਾ ਵਿੱਚ ਹਲਕੇ ਦੇ ਲੋਕਾਂ ਦੇ ਮਸਲੇ ਉਠਾਉਣ ਵਾਲੇ ਦੇਸ਼ ਦੇ ਪਹਿਲੇ ਪੰਜ ਸੰਸਦ ਮੈਂਬਰਾਂ ਵਿੱਚ ਉਨ੍ਹਾਂ ਦਾ ਨਾਂ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਚੋਣਾਂ ਮੌਕੇ ਸਿਆਸੀ ਪਾਰਟੀਆਂ ਵੱਲੋਂ ਜਾਰੀ ਕੀਤੇ ਜਾਂਦੇ ਚੋਣ ਮਨੋਰਥ ਪੱਤਰ ਨੂੰ ਕਾਨੂੰਨੀ ਦਸਤਾਵੇਜ਼ ਮੰਨਣ ਅਤੇ ਲਾਗੂ ਨਾ ਕਰਨ ਵਾਲੀ ਪਾਰਟੀ ਦੀ ਰਜਿਸਟ੍ਰੇਸ਼ਨ ਖ਼ਤਮ ਕਰਨ ਦੀ ਮੰਗ ਸੰਸਦ ਵਿੱਚ ਉਠਾਉਣਗੇ।



ਭਗਵੰਤ ਮਾਨ ਨੇ ਪਿੰਡ ਕਪਿਆਲ ਵਿੱਚ ਨਵੇਂ ਬੱਸ ਸਟੈਂਡ ਦੀ ਉਸਾਰੀ ਲਈ ਤਿੰਨ ਲੱਖ, ਛੇ ਸੋਲਰ ਲਾਈਟਾਂ, ਝਨੇੜੀ ਅਰਸੀਸੀ ਬੈਂਚ ਅਤੇ ਸਕੂਲ ਲਈ ਫਰਨੀਚਰ, ਬਟਰਿਆਣਾ ਸਕੂਲ ਨੂੰ ਆਰ ਓ ਵਾਟਰ ਕੂਲਰ, ਰਾਮਪੁਰਾ ਦੇ ਪ੍ਰਾਇਮਰੀ ਸਕੂਲ ਨੂੰ ਆਰ ਓ ਵਾਟਰ ਕੂਲਰ, ਭੱਟੀਵਾਲ ਕਲਾਂ ਵਿੱਚ ਵਾਲਮੀਕਿ ਧਰਮਸ਼ਾਲਾ ਅਤੇ ਰਵਿਦਾਸ ਧਰਮਸ਼ਾਲਾ ਨੂੰ 50-50 ਹਜ਼ਾਰ ਰੁਪਏ, ਸਕੂਲ ਲਈ ਆਰ ਓ ਵਾਟਰ ਕੂਲਰ, ਥੰਮਨ ਸਿੰਘ ਵਾਲਾ ਦੀ ਸਾਂਝੀ ਸੱਥ ਲਈ ਗ੍ਰਾਂਟ, 14 ਸੋਲਰ ਲਾਈਟਾਂ, ਬਾਲਦ ਖੁਰਦ ਵਿੱਚ ਕਬਰਿਸਤਾਨ ਦੀ ਚਾਰਦੀਵਾਰੀ ਲਈ ਗ੍ਰਾਂਟ, ਸਬਮਰਸੀਬਲ ਮੋਟਰ ਅਤੇ 10 ਸੋਲਰ ਲਾਈਟਾਂ ਦੇਣ ਦਾ ਐਲਾਨ ਕੀਤਾ। ਇਸ ਮੌਕੇ ਦਿਨੇਸ਼ ਬਾਂਸਲ, ਹਰਪ੍ਰੀਤ ਸਿੰਘ ਬਾਜਵਾ, ਨਰਿੰਦਰ ਕੌਰ ਭਰਾਜ, ਪ੍ਰਦੀਪ ਸਿੰਘ, ਅਮਰਿੰਦਰ ਸਿੰਘ ਸੇਖੋਂ, ਜਸਵੀਰ ਸਿੰਘ, ਸੰਦੀਪ ਸਿੰਘ, ਮਨਦੀਪ ਸਿੰਘ ਅਤੇ ਮਨਿੰਦਰ ਸਿੰਘ ਹਾਜ਼ਰ ਸਨ।

# ਅੰਮ੍ਰਿਤਸਰ ਦੇ ਮੇਅਰ ਨੇ ਮੁਲਾਜ਼ਮਾਂ ਨਾਲ ਕੀਤੀ ਪਹਿਲੀ ਮੀਟਿੰਗ

ਅੰਮ੍ਰਿਤਸਰ- ਗੁਰੂ ਨਗਰੀ ਦੇ ਮੇਅਰ ਕਰਮਜੀਤ ਸਿੰਘ ਰਿੰਟੂ ਤੇ ਨਗਰ ਨਿਗਮ ਕਮਿਸ਼ਨਰ ਸ੍ਰੀਮਤੀ ਸੋਨਾਲੀ ਗਿਰੀ ਵੱਲੋਂ ਸਾਂਝੇ ਤੌਰ ਉੱਤੇ ਨਗਰ ਨਿਗਮ ਦੇ ਸਮੂਹ ਵਿਭਾਗਾਂ ਦੇ ਮੁਖੀਆਂ ਦੀ ਮੀਟਿੰਗ ਬੁਲਾਈ ਗਈ ਅਤੇ ਵੱਖ-ਵੱਖ ਵਿਭਾਗਾਂ ਦੇ ਕੰਮਾਂ ਦੀ ਸਥਿਤੀ ਬਾਰੇ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਨੇ ਅਧਿਕਾਰੀਆਂ ਨੂੰ ਕਿਹਾ ਕਿ ਵਿਕਾਸ ਦੇ ਜਿਹੜੇ ਕੰਮ ਚੱਲ ਰਹੇ ਹਨ, ਉਹਨਾਂ ਕੰਮਾਂ ਦੀ ਸੂਚੀ ਮੇਅਰ ਨੂੰ ਤੁਰੰਤ ਮੁਹੱਈਆ ਕਰਵਾਈ ਜਾਵੇ ਤਾਂ ਜੋ ਇਹਨਾਂ ਕੰਮਾਂ ਨੂੰ ਨਿਯਮਾਂ ਤਹਿਤ ਅਤੇ ਯੋਗ ਕਾਰਜ ਵਿਧੀ ਅਨੁਸਾਰ ਕਰਵਾਇਆ ਜਾ ਸਕੇ। ਮੇਅਰ ਕਰਮਜੀਤ ਸਿੰਘ ਨੇ ਅਧਿਕਾਰੀਆਂ ਨੂੰ ਵਾਰਡਾਂ ਵਿਚ ਸਟਰੀਟ ਲਾਈਟ, ਵਾਟਰ ਸਪਲਾਈ ਅਤੇ ਸੀਵਰੇਜ ਸਬੰਧੀ ਹਦਾਇਤਾਂ ਜਾਰੀ ਕੀਤੀਆਂ।



ਨਗਰ ਨਿਗਮ ਅੰਮ੍ਰਿਤਸਰ ਨਵ-ਨਿਯੁੱਕਤ ਸੀਨੀਅਰ ਡਿਪਟੀ ਮੇਅਰ ਰਮਨ ਬਖਸ਼ੀ ਨੇ ਅੱਜ ਅਹੁੱਦਾ ਸੰਭਾਲ ਲਿਆ ਹੈ। ਅੰਮ੍ਰਿਤਸਰ (ਪੱਛਮੀ) ਦੇ ਵਿਧਾਇਕ ਡਾਕਟਰ ਰਾਜਕੁਮਾਰ ਵੇਰਕਾ ਦੀ ਮੌਜੂਦਗੀ ਵਿੱਚ ਸਾਰੇ ਕੌਂਸਲਰ ਇਕੱਠੇ ਹੋਏ ਜਿੱਥੋਂ ਇੱਕ ਰੋਡ ਸ਼ੋਅ ਦੇ ਰੂਪ ਵਿੱਚ ਡਾਕਟਰ ਵੇਰਕਾ ਦੀ ਅਗਵਾਈ ਵਿੱਚ ਗੱਡੀਆਂ ਵਿੱਚ ਇਹ ਕਾਫਿਲਾ ਰਣਜੀਤ ਐਵਨਿਊ ਨਗਰ ਨਿਗਮ ਦੇ ਦਫਤਰ ਪਹੁੰਚਿਆ।

# ਦਵਾਈਆਂ ਦੇ ਗੁਦਾਮ ਨੂੰ ਲੱਗੀ ਅੱਗ, ਕਰੋੜਾਂ ਦਾ ਨੁਕਸਾਨ



ਲੁਧਿਆਣਾ- ਸਥਾਨਕ ਆਰਕੇ ਰੋਡ 'ਤੇ ਦਵਾਈਆਂ ਦੇ ਗੁਦਾਮ ਵਿੱਚ ਲੱਗੀ ਅੱਗ ਨੇ ਕਰੋੜਾਂ ਰੁਪਏ ਦੀਆਂ ਦਵਾਈਆਂ ਸਾੜ ਕੇ ਸੁਆਹ ਕਰ ਦਿੱਤੀਆਂ। ਤਿੰਨ ਮੰਜ਼ਿਲਾ ਇਸ ਇਮਾਰਤ ਵਿੱਚ ਰਹਿੰਦੇ ਇੱਕ ਪਰਿਵਾਰ ਦੇ ਜੀਆਂ ਨੇ ਪਾਈਪ ਰਾਹੀਂ ਨਾਲ ਲੱਗਦੀ ਇਮਾਰਤ 'ਤੇ ਉਤਰ ਕੇ ਮਸਾਂ ਆਪਣੀ ਜਾਨ ਬਚਾਈ। ਫਾਇਰ ਬ੍ਰਿਗੇਡ ਦੇ ਅਮਲੇ ਨੇ 12 ਘੰਟੇ ਤੋਂ ਵੀ ਵੱਧ ਸਮਾਂ ਜਦੋਜਹਿਦ ਕਰਕੇ ਅੱਗ 'ਤੇ ਕਾਬੂ ਪਾਇਆ।

ਇਸ ਗੁਦਾਮ ਵਿੱਚੋਂ ਚਾਰ ਕੰਪਨੀਆਂ ਦੀਆਂ ਦਵਾਈਆਂ ਇੱਥੋਂ ਹੀ ਪੂਰੇ ਪੰਜਾਬ ਵਿੱਚ ਸਪਲਾਈ ਕੀਤੀਆਂ ਜਾਂਦੀਆਂ ਸਨ। ਵੀਕੇ ਇੰਟਰਪ੍ਰਾਈਜ਼ ਨਾਂ ਦੇ ਇਸ ਗੁਦਾਮ ਵਿੱਚ ਅੱਗ ਲੱਗਣ ਸਬੰਧੀ ਉਸ ਸਮੇਂ ਪਤਾ ਲੱਗਾ ਜਦੋਂ ਇਸ ਇਮਾਰਤ ਦੀ ਉਪਰਲੀ ਮੰਜ਼ਿਲ 'ਤੇ ਸੁੱਤੇ ਇੱਕ ਪਰਿਵਾਰ ਨੂੰ ਸੇਕ ਲੱਗਣਾ ਸ਼ੁਰੂ ਹੋਇਆ। ਘਟਨਾ ਵਾਲੀ ਥਾਂ 'ਤੇ ਇਕੱਠੇ ਹੋਏ ਲੋਕਾਂ ਦਾ ਕਹਿਣਾ ਸੀ ਕਿ ਪਰਿਵਾਰ ਵਿੱਚ ਪਤੀ-ਪਤਨੀ ਅਤੇ ਉਨ੍ਹਾਂ ਦਾ ਕੁੱਝ ਕੁ ਮਹੀਨਿਆਂ ਦਾ ਬੱਚਾ ਸ਼ਾਮਲ ਸੀ। ਇਨ੍ਹਾਂ ਨੇ ਛੱਤ 'ਤੇ ਲੱਗੇ ਪਾਈਪ ਰਾਹੀਂ ਨਾਲ ਲੱਗਦੀ ਇਮਾਰਤ 'ਤੇ ਉਤਰ ਕੇ ਆਪਣੀ ਜਾਨ ਬਚਾਈ। ਇਸ ਵਿਅਕਤੀ ਵੱਲੋਂ ਹੀ ਮਾਲਕ ਨੂੰ ਗੁਦਾਮ ਵਿੱਚ ਅੱਗ ਲੱਗਣ ਬਾਰੇ ਸੂਚਿਤ ਕੀਤਾ ਗਿਆ। ਇਮਾਰਤ ਦੇ ਮਾਲਕ ਗੌਰੀ ਨੰਦ ਬਾਂਸਲ ਨੇ ਦੱਸਿਆ ਕਿ ਗੁਦਾਮ ਵਿੱਚ ਦਵਾਈਆਂ ਬਣਾਉਣ ਵਾਲੀਆਂ ਚਾਰ ਵੱਡੀਆਂ ਕੰਪਨੀਆਂ ਦੀਆਂ ਦਵਾਈਆਂ ਸਟੋਰ ਕਰਕੇ ਰੱਖੀਆਂ ਹੋਈਆਂ ਸਨ। ਅੱਗ ਲੱਗਣ ਨਾਲ ਕਰੀਬ 20 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਫਾਇਰ ਬ੍ਰਿਗੇਡ ਦੇ ਸਬ ਅਫਸਰ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਅੱਗ ਬੁਝਾਉਣ ਲਈ 10 ਗੱਡੀਆਂ ਲੱਗੀਆਂ ਹੋਈਆਂ ਸਨ ਜਦਕਿ ਇੱਥੇ 30-40 ਗੱਡੀਆਂ ਦਾ ਪਾਣੀ ਲੱਗਾ ਹੈ। ਇਮਾਰਤ ਵਿੱਚ ਵੱਖ ਵੱਖ ਦਵਾਈਆਂ ਵੱਖ ਵੱਖ ਕੈਬਿਨ ਬਣਾ ਕੇ ਰੱਖੀਆਂ ਹੋਣ ਕਰਕੇ ਅੱਗ 'ਤੇ ਕਾਬੂ ਪਾਉਣ ਲਈ ਮੁਲਾਜ਼ਮਾਂ ਨੂੰ ਕਾਫੀ ਮਿਹਨਤ ਕਰਨੀ ਪਈ। ਉਨ੍ਹਾਂ ਕਿਹਾ ਕਿ ਇਸ ਇਮਾਰਤ ਦੇ ਸਾਹਮਣੇ ਵਾਲੀ ਫੈਕਟਰੀ ਵਿੱਚ ਪਾਣੀ ਦਾ ਪੂਰਾ ਪ੍ਰਬੰਧ ਹੋਣ ਕਰਕੇ ਕਈ ਗੱਡੀਆਂ ਨੂੰ ਇੱਥੋਂ ਹੀ ਪਾਣੀ ਸਪਲਾਈ ਕੀਤਾ ਗਿਆ ਸੀ। ਅੱਗ ਬੁਝਾਉਣ ਲਈ ਵਿਭਾਗ ਦੇ 30-35 ਮੁਲਾਜ਼ਮ ਸਵੇਰੇ 4.30 ਤੋਂ ਲੱਗੇ ਹੋਏ ਸਨ।

# ਨਗਰ ਕੌਂਸਲ ਮਾਨਸਾ ਦੀ ਪ੍ਰਧਾਨਗੀ ਦਾ ਮਾਮਲਾ ਮੁੜ ਉਲਝਿਆ

ਮਾਨਸਾ- ਸ਼੍ਰੋਮਣੀ ਅਕਾਲੀ ਦਲ ਦੀ ਜ਼ਿਲ੍ਹਾ ਯੂਥ ਪ੍ਰਧਾਨਗੀ ਛੱਡ ਕੇ ਕਾਂਗਰਸ ਵਿੱਚ ਸ਼ਾਮਲ ਹੋ ਕੇ ਨਗਰ ਕੌਂਸਲ ਮਾਨਸਾ ਦੇ ਪ੍ਰਧਾਨ ਬਣੇ ਮਨਦੀਪ ਸਿੰਘ ਗੋਰਾ ਦੀ ਪ੍ਰਧਾਨਗੀ 'ਤੇ ਵਿਰੋਧੀਆਂ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚੋਂ 16 ਦਿਨ ਦੀ ਸਟੇਅ ਲੈ ਲਈ ਹੈ। ਪ੍ਰਧਾਨਗੀ ਦਾ ਇਹ ਮਾਮਲਾ ਉਲਝਣ ਕਾਰਨ ਜ਼ਿਲ੍ਹਾ ਕਾਂਗਰਸ ਵਿੱਚ ਫੁੱਟ ਸਾਹਮਣੇ ਆਈ ਹੈ ਕਿਉਂਕਿ ਮਾਨਸਾ ਦੇ ਇੱਕ ਵੱਡੇ ਕਾਂਗਰਸੀ ਨੇਤਾ ਦੀ ਅਗਵਾਈ ਹੇਠ ਹੀ ਮਨਦੀਪ ਸਿੰਘ ਗੋਰਾ ਨੇ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋ ਕੇ ਖ਼ਜ਼ਾਨਾ ਮੰਤਰੀ ਮਨਪ੍ਰੀਤ ਬਾਦਲ ਤੋਂ ਸਿਰੋਪਾ ਹਾਸਲ ਕੀਤਾ ਸੀ।



ਮਨਦੀਪ ਸਿੰਘ ਗੋਰਾ ਨੇ 15 ਜਨਵਰੀ ਨੂੰ ਨਗਰ ਕੌਂਸਲ ਦੀ ਪ੍ਰਧਾਨਗੀ ਵਾਲੀ ਕੁਰਸੀ 'ਤੇ ਸੁਸ਼ੋਭਿਤ ਹੋ ਕੇ ਇੱਕ ਵੱਡੇ ਸਮਾਗਮ ਦੌਰਾਨ ਅਹੁਦਾ ਸੰਭਾਲਿਆ ਸੀ ਤੇ ਹੁਣ ਦੋ ਹਫ਼ਤਿਆਂ ਬਾਅਦ ਹੀ ਵਿਰੋਧੀ ਧਿਰ ਨੇ ਸਟੇਅ ਦੇ ਆਦੇਸ਼ ਹਾਸਲ ਕਰ ਲਏ ਹਨ। ਦੂਜੇ ਪਾਸੇ ਮਨਦੀਪ ਸਿੰਘ ਗੋਰਾ ਨੇ ਇਸ ਮਾਮਲੇ 'ਤੇ ਅਦਾਲਤ ਵਿੱਚ ਵਿਰੋਧੀਆਂ ਵੱਲੋਂ ਗ਼ਲਤ ਤੱਥ ਪੇਸ਼ ਕਰਨ ਦਾ ਤਰਕ ਦੇ ਕੇ ਇਸ ਨੂੰ ਚੁਣੌਤੀ ਦੇਣ ਦਾ ਫ਼ੈਸਲਾ ਲਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ 16 ਦਿਨ ਬਾਅਦ ਇਹ ਸਟੇਅ ਟੁੱਟ ਜਾਵੇਗੀ ਕਿਉਂਕਿ ਵਿਰੋਧੀਆਂ ਦੇ ਤਰਕ ਵਿੱਚ ਕੋਈ ਦਮ ਨਹੀਂ ਹੈ ਤੇ ਇਹ ਵਿਕਾਸ ਕੰਮਾਂ ਵਿੱਚ ਅੜਿੱਕਾ ਲਾਉਣ ਤੋਂ ਇਲਾਵਾ ਹੋਰ ਕੁਝ ਨਹੀਂ ਹੈ। ਦੂਜੇ ਪਾਸੇ ਪਟੀਸ਼ਨ ਕਰਤਾ ਕੌਂਸਲਰ ਅਨਿਲ ਕੁਮਾਰ ਜੋਨੀ ਨੇ ਕਿਹਾ ਕਿ ਗੋਰਾ ਦਾ ਨੋਟੀਫਿਕੇਸ਼ਨ ਪੂਰਨ ਤੌਰ 'ਤੇ ਗ਼ਲਤ ਸੀ। ਅਦਾਲਤ ਵਿੱਚ ਚੱਲਦੇ ਮਾਮਲੇ 'ਤੇ ਫ਼ੈਸਲੇ ਤੋਂ ਪਹਿਲਾਂ ਇਹ ਨੋਟੀਫਿਕੇਸ਼ਨ ਨਹੀਂ ਕੀਤਾ ਜਾ ਸਕਦਾ।

ਮਨਦੀਪ ਸਿੰਘ ਗੋਰਾ ਨੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ ਅਗਵਾਈ ਹੇਠ ਕਾਂਗਰਸ ਵਿੱਚ ਸ਼ਾਮਲ ਹੋ ਕੇ ਨਗਰ ਕੌਂਸਲ ਦੇ ਪ੍ਰਧਾਨ ਦੀ ਕੁਰਸੀ 'ਤੇ ਕਬਜ਼ਾ ਜਮਾਇਆ ਸੀ। ਉਨ੍ਹਾਂ ਨੇ ਸ਼ਹਿਰ ਵਿੱਚ ਅਨੇਕਾਂ ਕਾਰਜਾਂ ਦੇ ਟੈਂਡਰ ਵੀ ਲਾ ਦਿੱਤੇ ਸਨ। ਇਸ ਮਾਮਲੇ ਨੂੰ ਕੌਂਸਲਰ ਅਨਿਲ ਜੋਨੀ ਨੇ ਅਦਾਲਤ ਵਿੱਚ ਚੁਣੌਤੀ ਦਿੰਦਿਆਂ ਤਰਕ ਦਿੱਤਾ ਸੀ ਕਿ ਇਸ 'ਤੇ ਨੋਟੀਫਿਕੇਸ਼ਨ ਨਹੀਂ ਹੋ ਸਕਦਾ ਤੇ ਪੰਜਾਬ ਸਰਕਾਰ ਵੱਲੋਂ ਦਿੱਤਾ ਗਿਆ ਨੋਟੀਫਿਕੇਸ਼ਨ ਸਹੀ ਨਹੀਂ ਹੈ। ਉਨ੍ਹਾਂ ਦੱਸਿਆ ਕਿ ਸੋਮਵਾਰ ਨੂੰ ਹਾਈ ਕੋਰਟ ਨੇ ਨਗਰ ਕੌਂਸਲ ਦੀ ਪ੍ਰਧਾਨਗੀ ਸਬੰਧੀ ਕੀਤੇ ਗਏ ਨੋਟੀਫਿਕੇਸ਼ਨ ਦੇ ਮਾਮਲੇ 'ਤੇ ਸਟੇਅ ਆਰਡਰ ਜਾਰੀ ਕੀਤੇ ਹਨ ਅਤੇ ਇਸ ਮਾਮਲੇ 'ਤੇ ਅਗਲੀ ਸੁਣਵਾਈ 16 ਦਿਨ ਬਾਅਦ ਹੋਵੇਗੀ। ਪ੍ਰਾਪਤ ਜਾਣਕਾਰੀ ਅਨੁਸਾਰ ਪ੍ਰਧਾਨਗੀ ਦੀ ਕੁਰਸੀ ਖਾਲੀ ਹੋਣ ਮਗਰੋਂ ਭਲਕੇ 30 ਜਨਵਰੀ ਤੋਂ ਨਗਰ ਕੌਂਸਲ ਦੇ ਸੀਨੀਅਰ ਮੀਤ ਪ੍ਰਧਾਨ ਮਨਜੀਤ ਸਿੰਘ ਮੀਤਾ ਕੋਲ ਹੀ ਨਗਰ ਕੌਂਸਲ ਦੇ ਕੰਮਕਾਜ ਦੀ ਜ਼ਿੰਮੇਵਾਰੀ ਮੁੜ ਆ ਜਾਵੇਗੀ। ਮਨਦੀਪ ਗੋਰਾ ਦੀ ਪ੍ਰਧਾਨਗੀ 'ਤੇ ਸਟੇਅ ਮਿਲਣ ਪਿੱਛੋਂ ਸ਼ਹਿਰ ਦੇ ਕੁਝ ਲੋਕਾਂ ਵੱਲੋਂ ਲੱਡੂ ਵੰਡੇ ਗਏ।

# ਸੁਨਾਮ ਵਿੱਚ ਨੌਜਵਾਨ ਦਾ ਭੇਤਭਰੀ ਹਾਲਤ 'ਚ ਕਤਲ

ਸੁਨਾਮ- ਸ਼ਹਿਰ ਵਿੱਚ ਬੀਤੀ ਰਾਤ ਇੱਕ ਨੌਜਵਾਨ ਦਾ ਭੇਤਭਰੀ ਹਾਲਤ ਵਿੱਚ ਕਤਲ ਹੋ ਗਿਆ ਹੈ। ਮ੍ਰਿਤਕ ਦੇ ਪਰਿਵਾਰਕ ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਲਾਡੀ ਸਿੰਘ (19) ਨਾਮੀ ਨੌਜਵਾਨ ਕੱਲ੍ਹ ਸ਼ਾਮ ਛੇ ਕੁ ਵਜੇ ਘਰੋਂ ਗਿਆ ਸੀ। ਜਦੋਂ ਉਹ ਦੇਰ ਰਾਤ ਤੱਕ ਘਰ ਨਾ ਮੁੜਿਆ ਤਾਂ ਪਰਿਵਾਰਕ ਮੈਂਬਰਾਂ ਵੱਲੋਂ ਉਸ ਦੀ ਭਾਲ ਸ਼ੁਰੂ ਕੀਤੀ ਗਈ। ਦੇਰ ਰਾਤ ਤੱਕ ਲੱਭਣ 'ਤੇ ਵੀ ਉਸ ਸਬੰਧੀ ਕੋਈ ਥਹੁ-ਪਤਾ ਨਾ ਲੱਗਾ।



ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਸਵੇਰੇ ਲਗਭਗ 9 ਕੁ ਵਜੇ ਉਨ੍ਹਾਂ ਨੂੰ ਕਿਸੇ ਨੇ ਸੂਚਨਾ ਦਿੱਤੀ ਕਿ ਨਵੀਂ ਅਨਾਜ ਮੰਡੀ ਦੇ ਪਿਛਲੇ ਪਾਸੇ ਰੇਲਵੇ ਲਾਈਨ ਨੇੜਲੇ ਖਤਾਨਾਂ ਵਿੱਚ ਇੱਕ ਲਾਸ਼ ਪਈ ਹੈ। ਜਦੋਂ ਉਨ੍ਹਾਂ ਨੇ ਜਾ ਕੇ ਵੇਖਿਆ ਤਾਂ ਲਾਸ਼ ਲਾਡੀ ਸਿੰਘ ਦੀ ਸੀ। ਘਟਨਾ ਦਾ ਪਤਾ ਲੱਗਦਿਆਂ ਹੀ ਸੁਨਾਮ ਦੇ ਡੀਐੱਸਪੀ ਵਿਲੀਅਮ ਜੇਜੀ ਅਤੇ ਥਾਣਾ ਸ਼ਹਿਰੀ ਦੇ ਮੁਖੀ ਇੰਸਪੈਕਟਰ ਭਰਪੂਰ ਸਿੰਘ ਤੇ ਜੀਆਰਪੀ ਦੇ ਸਹਾਇਕ ਥਾਣੇਦਾਰ ਹਰਦੇਵ ਸਿੰਘ ਮੌਕੇ 'ਤੇ ਪਹੁੰਚ ਗਏ। ਇਸ ਮੌਕੇ ਡੀਐੱਸਪੀ ਜੇਜੀ ਨੇ ਦੱਸਿਆ ਕਿ ਪੰਜਾਬ ਪੁਲੀਸ ਅਤੇ ਜੀਆਰਪੀ ਵੱਲੋਂ ਮਾਮਲੇ ਦੀ ਬਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਜਲਦੀ ਹੀ ਕਤਲ ਦਾ ਸੁਰਾਗ ਲੱਭ ਲਿਆ ਜਾਵੇਗਾ।

## ਕਰਜ਼ੇ ਤੋਂ ਤੰਗ ਮਜ਼ਦੂਰ ਵੱਲੋਂ ਖ਼ੁਦਕੁਸ਼ੀ

ਦਿੜ੍ਹਬਾ ਮੰਡੀ- ਪਿੰਡ ਮੌੜਾਂ ਦੇ ਇੱਕ ਨੌਜਵਾਨ ਮਜ਼ਦੂਰ ਨੇ ਆਪਣੇ ਸਿਰ ਚੜ੍ਹੇ ਕਰਜ਼ੇ ਤੋਂ ਪ੍ਰੇਸ਼ਾਨ ਹੋ ਕੇ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ। ਜਾਣਕਾਰੀ ਅਨੁਸਾਰ ਜੱਗਾ ਸਿੰਘ ਵਾਸੀ ਪਿੰਡ ਮੌੜਾਂ ਵਿੱਚ ਮਜ਼ਦੂਰੀ ਕਰਕੇ ਆਪਣਾ ਪਰਿਵਾਰ ਪਾਲ ਰਿਹਾ ਸੀ। ਉਹ 7 ਭੈਣਾਂ ਦਾ ਭਰਾ ਅਤੇ ਤਿੰਨ ਬੱਚਿਆਂ ਦਾ ਪਿਤਾ ਸੀ। ਉਸ ਦੇ ਇੱਕ ਭਰਾ ਦੀ ਪਹਿਲਾਂ ਟੀਬੀ ਦੀ ਬਿਮਾਰੀ ਕਾਰਨ ਮੌਤ ਹੋ ਗਈ ਸੀ। ਜੱਗਾ ਸਿੰਘ ਦੀ ਮਜ਼ਦੂਰੀ ਤੋਂ ਕਿਤੇ ਵੱਧ ਉਸ ਦੀ ਦੇਣਦਾਰੀ ਸੀ, ਜਿਸ ਕਰਕੇ ਉਹ ਕਾਫੀ ਸਮੇਂ ਤੋਂ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਰਹਿੰਦਾ ਸੀ, ਜਿਸ ਦੇ ਚੱਲਦਿਆਂ ਬੀਤੇ ਦਿਨ ਉਸ ਨੇ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ। ਜ਼ਿਕਰਯੋਗ ਹੈ ਕਿ ਮ੍ਰਿਤਕ ਦੀ ਪਤਨੀ ਸਰਬਜੀਤ ਕੌਰ ਵੀ ਲੰਮੇ ਸਮੇਂ ਤੋਂ ਬਿਮਾਰ ਚੱਲ ਰਹੀ ਹੈ, ਜੋ ਲੋਕਾਂ ਦੇ ਘਰਾਂ ਵਿੱਚ ਕੰਮ ਕਰਦੀ ਸੀ। ਪੁਲੀਸ ਚੌਕੀ ਮਹਿਲਾਂ ਦੇ ਇੰਚਾਰਜ ਕਰਮਜੀਤ ਸਿੰਘ ਨੇ ਦੱਸਿਆ ਕਿ ਇਸ ਸਬੰਧੀ 174 ਦੀ ਕਾਰਵਾਈ ਕਰਕੇ ਲਾਸ਼ ਵਾਰਸਾਂ ਦੇ ਸਪੁਰਦ ਕਰ ਦਿੱਤੀ ਹੈ, ਜਿਸ ਦਾ ਅੱਜ ਪਿੰਡ ਮੌੜਾਂ ਵਿੱਚ ਸਸਕਾਰ ਕੀਤਾ ਗਿਆ।

## ਗੈਂਗਸਟਰਾਂ ਨੂੰ ਅਪਰਾਧ ਦਾ ਰਾਹ ਛੱਡਣ ਦੀ ਅਪੀਲ

ਚੰਡੀਗੜ੍ਹ - ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਗੈਂਗਸਟਰਾਂ ਨੂੰ ਅਪਰਾਧ ਦਾ ਰਾਹ ਤਿਆਗਣ ਦੀ ਅਪੀਲ ਕਰਦਿਆਂ ਕਿਹਾ ਕਿ ਮਾੜੀ ਰਾਹ 'ਤੇ ਚੱਲਣ ਵਾਲਿਆਂ ਦਾ ਭਵਿੱਖ ਹਨੇਰਾ ਹੀ ਰਹੇਗਾ। ਉਨ੍ਹਾਂ ਨੇ ਵਿੱਕੀ ਗੌਂਡਰ ਅਤੇ ਉਸ ਦੇ ਸਾਥੀਆਂ ਵਿਰੁੱਧ ਝੂਠਾ ਮੁਕਾਬਲਾ ਕੀਤੇ ਜਾਣ ਦੇ ਦੋਸ਼ਾਂ ਨੂੰ ਰੱਦ ਕਰਦਿਆਂ ਆਖਿਆ ਕਿ ਸੁਭਾਵਿਕ ਤੌਰ 'ਤੇ ਗੈਂਗਸਟਰਾਂ ਦੇ ਪਰਿਵਾਰ ਦੁੱਖ ਦੀ ਹਾਲਤ ਵਿੱਚ ਹਨ। ਉਨ੍ਹਾਂ ਕਿਹਾ ਕਿ ਅਪਰਾਧੀਆਂ ਨੂੰ ਇਸ ਗੱਲ ਦਾ ਅਹਿਸਾਸ ਹੋਣਾ ਚਾਹੀਦਾ ਹੈ ਕਿ ਕੋਈ ਕਾਨੂੰਨ ਤੋਂ ਉਪਰ ਨਹੀਂ ਹੈ ਅਤੇ ਉਹ ਬਹੁਤਾ ਸਮਾਂ ਕਾਨੂੰਨ ਤੋਂ ਬਚ ਨਹੀਂ ਸਕਦੇ। ਉਨ੍ਹਾਂ ਦੱਸਿਆ ਕਿ ਜਦੋਂ ਤੋਂ ਸੂਬੇ ਵਿੱਚ ਕਾਂਗਰਸ ਸਰਕਾਰ ਆਈ ਹੈ, ਏ-ਕੈਟੇਗਰੀ ਦੇ 47 ਅਤੇ ਬੀ-ਕੈਟੇਗਰੀ ਦੇ 42 ਫੀਸਦੀ ਗੈਂਗਸਟਰਾਂ ਨੇ ਜਾਂ ਤਾਂ ਆਤਮ ਸਮਰਪਣ ਕੀਤਾ ਹੈ ਜਾਂ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਹ ਪੰਜਾਬ ਪੁਲੀਸ ਵੱਲੋਂ ਗੈਂਗਸਟਰਾਂ ਖ਼ਿਲਾਫ਼ ਚਲਾਈ ਮੁਹਿੰਮ ਦੇ ਠੋਸ ਯਤਨਾਂ ਦਾ ਨਤੀਜਾ ਹੈ।

# ਪਰਾਲੀ ਨੂੰ ਅੱਗ ਨਾ ਲਾਉਣ ਵਾਲੇ ਕਿਸਾਨਾਂ ਦਾ ਵਿਸ਼ੇਸ਼ ਸਨਮਾਨ



ਫ਼ਤਹਿਗੜ੍ਹ ਸਾਹਿਬ- ਪੰਜਾਬ ਦੇ ਲੋਕ ਨਿਰਮਾਣ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਰਾਜ ਮੰਤਰੀ ਰਜ਼ੀਆ ਸੁਲਤਾਨਾ ਨੇ ਗਣਤੰਤਰ ਦਿਵਸ ਮੌਕੇ ਮਾਤਾ ਗੁਜਰੀ ਕਾਲਜ ਵਿਖੇ ਕਰਵਾਏ ਗਏ ਜ਼ਿਲ੍ਹਾ ਪੱਧਰੀ ਸਮਾਗਮ ਵਿੱਚ ਵਿਧਾਇਕ ਕੁਲਜੀਤ ਸਿੰਘ ਨਾਗਰਾ ਦੇ ਨਾਲ ਵੱਖ-ਵੱਖ ਖੇਤਰਾਂ ਵਿੱਚ ਸ਼ਲਾਘਾਯੋਗ ਪ੍ਰਾਪਤੀਆਂ ਕਰਨ ਵਾਲੇ 103 ਵਿਅਕਤੀਆਂ ਦਾ ਸਨਮਾਨ ਕੀਤਾ ਅਤੇ 3.50 ਕਰੋੜ ਰੁਪਏ ਦੀਆਂ ਚੋਰੀ ਕੀਤੀਆਂ ਲਗਜ਼ਰੀ ਗੱਡੀਆਂ ਬਰਾਮਦ ਕਰਨ ਵਾਲੇ ਸੀਆਈਏ ਸਟਾਫ ਸਰਹਿੰਦ ਦੇ ਏਐੱਸਆਈ ਵੇਦ ਪ੍ਰਕਾਸ਼ ਤੇ ਸੀ.ਟੂ ਰਣਦੀਪ ਸਿੰਘ ਨੂੰ ਡੀਜੀਪੀ ਡਿਸਕ ਨਾਲ ਸਨਮਾਨ ਵੀ ਕੀਤਾ।

ਉਨ੍ਹਾਂ ਇਸ ਮੌਕੇ ਅਗਾਂਹਵਧੂ ਕਿਸਾਨਾਂ ਗੁਰਭੇਜ ਸਿੰਘ, ਰੁਪਿੰਦਰ ਸਿੰਘ ਪਿੰਡ ਨੌਗਾਵਾਂ, ਸਰਬਜੀਤ ਸਿੰਘ ਪਿੰਡ ਹਵਾਰਾ ਕਲਾਂ ਵੱਲੋਂ ਜ਼ਮੀਨ ਵਿੱਚ ਖੇਤੀ ਸੰਦਾਂ ਨਾਲ ਪਰਾਲੀ ਦੇ ਕੁਤਰੇ ਕਰ ਕੇ ਜ਼ਮੀਨ ਵਿੱਚ ਹੀ ਵਾਹੁਣ ਅਤੇ ਪਰਾਲੀ ਨੂੰ ਬਿਨਾਂ ਅੱਗ ਲਗਾਏ ਕਣਕ ਦੀ ਬਿਜਾਈ ਕਰਨ, ਕੰਬਾਇਨਾਂ ਪਿੱਛੇ ਐਸਐਮਐਸ ਅਤੇ ਪਰਾਲੀ ਨੂੰ ਉਲਟਾਵੇਂ ਹੱਲ ਨਾਲ ਖੇਤਾਂ ਵਿੱਚ ਹੀ ਰਲਾਉਣ ਕਰਕੇ ਸਨਮਾਨਤ ਕੀਤਾ ਗਿਆ। ਉਨ੍ਹਾਂ ਪਿੰਡ ਪੰਡਰਾਲੀ ਦੀ ਗ੍ਰਾਮ ਪੰਚਾਇਤ ਨੂੰ ਤਿੰਨ ਸਾਲਾਂ ਤੋਂ ਲੜਕੀਆਂ ਦੀ ਜਨਮ ਦਰ ਵਿੱਚ ਵਾਧਾ ਹੋਣ ਲਈ ਸਨਮਾਨਿਆ। ਸਮਾਗਮ ਵਿੱਚ ਦੋ ਭੈਣਾਂ ਪ੍ਰਦੀਪ ਕੌਰ ਤੇ ਕੁਲਦੀਪ ਕੌਰ ਨੂੰ ਬਹਾਦਰੀ ਲਈ ਸਨਮਾਨਤ ਕੀਤਾ ਗਿਆ। ਸਰਕਾਰੀ ਮਿਡਲ ਸਕੂਲ ਚੋਰਵਾਲਾ ਦੀ ਵਿਦਿਆਰਥਣ ਹਰਜੀਤ ਕੌਰ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਵਿਦਿਅਕ ਮੁਕਾਬਲਿਆਂ ਦੇ ਭਾਸ਼ਣ ਮੁਕਾਬਲੇ ਵਿੱਚ ਰਾਜ ਵਿੱਚੋਂ ਪਹਿਲੇ ਸਥਾਨ 'ਤੇ ਆਉਣ ਲਈ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੁਲੇਪੁਰ ਦੀ ਵਿਦਿਆਰਥਣ ਰੇਨੂੰ ਰਾਣੀ ਨੂੰ ਲੇਖ ਮੁਕਾਬਲਿਆਂ ਵਿੱਚ ਕੌਮੀ ਪੱਧਰ 'ਤੇ ਤੀਜਾ ਤੇ ਸਟੇਟ ਪੱਧਰ 'ਤੇ ਪਹਿਲਾ ਸਥਾਨ ਹਾਸਲ ਕਰਨ ਲਈ, ਜਗਤਾਰ ਸਿੰਘ ਮਨੈਲਾ ਨੂੰ ਸਕੂਲ ਦੀ ਇਮਾਰਤ ਲਈ 30 ਲੱਖ ਰੁਪਏ ਇਕੱਤਰ ਕਰਨ ਲਈ, ਚਮਕੌਰ ਸਿੰਘ ਹੈਡ ਟੀਚਰ ਸਰਕਾਰੀ ਸਕੂਲ ਭਰਪੂਰਗੜ੍ਹ ਨੂੰ ਸਕੂਲ ਦੀ ਨਵੀਂ ਇਮਾਰਤ ਬਣਾਉਣ ਕਾਰਨ ਸਨਮਾਨਤ ਕੀਤਾ ਗਿਆ।ਉਨ੍ਹਾਂ ਪਰੇਡ ਕਮਾਂਡਰ ਏ.ਐਸ.ਪੀ. ਫ਼ਤਹਿਗੜ੍ਹ ਸਾਹਿਬ ਡਾ. ਰਵਜੋਤ ਆਈ.ਪੀ.ਐਸ. ਨੂੰ ਵੀ ਸਨਮਾਨਿਤ ਕੀਤਾ।

# ਬੋਰਡ ਵੱਲੋਂ ਦਸਵੀਂ ਤੇ ਬਾਰ੍ਹਵੀਂ ਦੀ ਪ੍ਰੀਖਿਆ ਲਈ 2707 ਪ੍ਰੀਖਿਆ ਕੇਂਦਰ ਸਥਾਪਿਤ

ਐਸ.ਏ.ਐਸ. ਨਗਰ (ਮੁਹਾਲੀ)- ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਸਵੀਂ ਅਤੇ ਬਾਰ੍ਹਵੀਂ ਦੀਆਂ ਸਾਲਾਨਾ ਪ੍ਰੀਖਿਆਵਾਂ ਨੂੰ ਨਕਲ ਰਹਿਤ ਅਤੇ ਸੁਚਾਰੂ ਢੰਗ ਨਾਲ ਕਰਵਾਉਣ ਲਈ ਸੂਬੇ ਵਿੱਚ 27107 ਪ੍ਰੀਖਿਆ ਕੇਂਦਰ ਸਥਾਪਤ ਕੀਤੇ ਗਏ ਹਨ। ਇਨ੍ਹਾਂ ਪ੍ਰੀਖਿਆ ਕੇਂਦਰਾਂ ਵਿੱਚ ਦੋਵੇਂ ਜਮਾਤਾਂ ਦੇ 7 ਲੱਖ 42 ਹਜ਼ਾਰ ਵਿਦਿਆਰਥੀ ਅਪੀਅਰ ਹੋਣਗੇ। ਇਸ ਗੱਲ ਦਾ ਖ਼ੁਲਾਸਾ ਸਿੱਖਿਆ ਵਿਭਾਗ ਦੇ ਸਕੱਤਰ-ਕਮ-ਸਕੂਲ ਬੋਰਡ ਦੇ ਚੇਅਰਮੈਨ ਕ੍ਰਿਸ਼ਨ ਕੁਮਾਰ ਨੇ ਕੀਤਾ। ਉਨ੍ਹਾਂ ਦੱਸਿਆ ਕਿ ਪ੍ਰੀਖਿਆ ਭੈਅ ਰਹਿਤ ਤੇ ਪਾਰਦਰਸ਼ੀ ਢੰਗ ਨਾਲ ਕਰਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਨਕਲ ਦੇ ਕੋਹੜ ਨੂੰ ਜੜ੍ਹੋਂ ਖ਼ਤਮ ਕਰਨ ਲਈ ਸਰਹੱਦੀ ਇਲਾਕੇ ਵਿੱਚ ਉਡਣ ਦਸਤਿਆਂ ਵੱਲੋਂ ਤਿੱਖੀ ਨਜ਼ਰ ਰੱਖੀ ਜਾਵੇਗੀ। ਉਨ੍ਹਾਂ ਸਪੱਸ਼ਟ ਆਖਿਆ ਕਿ ਪ੍ਰੀਖਿਆ ਡਿਊਟੀ ਵਿੱਚ ਲਾਪਰਵਾਹੀ ਅਤੇ ਨਕਲ ਕਰਵਾਉਣ ਵਾਲੇ ਅਮਲੇ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਦੱਸਿਆ ਕਿ ਬਾਰ੍ਹਵੀਂ ਦੀ ਸਾਲਾਨਾ ਪ੍ਰੀਖਿਆ (ਸਮੇਤ ਓਪਨ ਸਕੂਲ) ਸ਼ਾਮ ਦੇ ਸੈਸ਼ਨ ਵਿੱਚ 28 ਫਰਵਰੀ ਤੋਂ 24 ਮਾਰਚ ਤੱਕ ਲਈ ਜਾਵੇਗੀ। ਪ੍ਰੀਖਿਆ ਦਾ ਸਮਾਂ ਦੁਪਹਿਰ 2 ਵਜੇ ਤੋਂ ਸ਼ਾਮ 5.15 ਵਜੇ ਤੱਕ ਹੋਵੇਗਾ ਜਦੋਂਕਿ ਦਸਵੀਂ ਜਮਾਤ (ਸਮੇਤ ਓਪਨ ਸਕੂਲ) ਸਵੇਰ ਦੇ ਸੈਸ਼ਨ ਵਿੱਚ 12 ਮਾਰਚ ਤੋਂ 31 ਮਾਰਚ ਤੱਕ ਹੋਵੇਗੀ। ਪ੍ਰੀਖਿਆ ਦਾ ਸਮਾਂ ਸਵੇਰੇ 10 ਵਜੇ ਤੋਂ ਦੁਪਹਿਰ 1.15 ਵਜੇ ਤੱਕ ਦਾ ਹੋਵੇਗਾ।

ਉਨ੍ਹਾਂ ਦੱਸਿਆ ਕਿ ਸਾਰੇ ਪ੍ਰੀਖਿਆ ਕੇਂਦਰ ਸਰਕਾਰੀ ਅਤੇ ਸਿੱਖਿਆ ਬੋਰਡ ਨਾਲ ਐਫੀਲੀਏਟਿਡ ਸਕੂਲਾਂ ਦੇ ਕੈਂਪਸ ਵਿੱਚ ਹੀ ਬਣਾਏ ਗਏ ਹਨ। ਉਨ੍ਹਾਂ ਕਿਹਾ ਕਿ ਇਸ ਵਰ੍ਹੇ ਹੁਣ ਤੱਕ ਦਸਵੀਂ ਦੀ ਪ੍ਰੀਖਿਆ ਲਈ ਸਰਕਾਰੀ, ਓਪਨ ਸਕੂਲ ਅਤੇ ਪ੍ਰਾਈਵੇਟ ਤੌਰ 'ਤੇ ਪ੍ਰੀਖਿਆ ਵਿੱਚ ਲਗਭਗ 4 ਲੱਖ 5 ਹਜ਼ਾਰ ਵਿਦਿਆਰਥੀ ਪ੍ਰੀਖਿਆ ਵਿੱਚ ਬੈਠਣਗੇ। ਬਾਰ੍ਹਵੀਂ ਦੀ ਪ੍ਰੀਖਿਆ ਵਿੱਚ 3 ਲੱਖ 37 ਹਜ਼ਾਰ ਵਿਦਿਆਰਥੀ ਪ੍ਰੀਖਿਆ ਦੇਣਗੇ। ਉਨ੍ਹਾਂ ਦੱਸਿਆ ਕਿ ਐਤਕੀਂ ਦਸਵੀਂ ਅਤੇ ਬਾਰ੍ਹਵੀਂ ਦੀਆਂ ਫਰਵਰੀ ਅਤੇ ਮਾਰਚ ਵਿੱਚ ਹੋਣ ਵਾਲੀਆਂ ਪ੍ਰੀਖਿਆਵਾਂ ਲਈ 'ਸੈਲਫ ਸੈਂਟਰ' ਨਹੀਂ ਬਣਾਏ ਜਾ ਰਹੇ ਹਨ।ਚੇਅਰਮੈਨ ਨੇ ਦੱਸਿਆ ਕਿ ਪੰਜਾਬ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਵੱਲੋਂ ਪ੍ਰਾਪਤ ਸੂਚੀਆਂ ਦੇ ਆਧਾਰ 'ਤੇ ਹੀ ਪ੍ਰੀਖਿਆ ਕੇਂਦਰਾਂ ਦੀ ਸੂਚੀ ਤਿਆਰ ਕੀਤੀ ਗਈ ਹੈ ਅਤੇ ਇਸ ਗੱਲ ਦਾ ਪੂਰਾ ਧਿਆਨ ਵਿੱਚ ਰੱਖਿਆ ਗਿਆ ਹੈ ਕਿ ਕੋਈ ਵੀ ਪ੍ਰੀਖਿਆ ਕੇਂਦਰ 5-7 ਕਿਲੋਮੀਟਰ ਦੇ ਘੇਰੇ ਵਿੱਚ ਹੋਵੇ ਤਾਂ ਜੋ ਵਿਦਿਆਰਥੀਆਂ ਨੂੰ ਆਉਣ ਜਾਣ ਵਿੱਚ ਕੋਈ ਮੁਸ਼ਕਲ ਨਾ ਹੋਵੇ।

# ਬੇ.ਗਮਪੁਰਾ ਸ਼ਹਿਰ ਦੇ ਨਿਰਮਾਤਾ
# ਸਤਿਗੁਰੂ ਰਵਿਦਾਸ ਜੀ ਮਹਾਰਾਜ

***ਗੁਰੂ ਜੀ ਅਨੁਸਾਰ ਬੇਗਮਪੁਰਾ ਇੱਕ ਐਸਾ ਸ਼ਹਿਰ ਹੈ, ਜਿਥੇ ਕੋਈ ਵੀ ਦੁੱਖ ਤਕਲੀਫ ਨਹੀਂ ਹੈ। ਜਿੱਥੋਂ ਦੇ ਲੋਕਾਂ ਨੂੰ ਕਿਸੇ ਨੂੰ ਕਿਸੇ ਕਿਸਮ ਦਾ ਟੈਕਸ ਨਾ ਦੇਣਾ ਪਵੇ। ਹਰ ਇੱਕ ਦੇ ਮਾਲ ਸੰਪਤੀ ਦੀ ਸੁਰੱਖਿਅਤ ਹੋਵੇ। ਜਿੱਥੇ ਕੋਈ ਵੀ ਉੱਚਾ ਜਾਂ ਨੀਵਾਂ ਨਹੀਂ। ਸਭ ਲੋਕ ਬਰਾਬਰ ਹਨ। ਸਭ ਨੂੰ ਪ੍ਰਭੂ ਭਗਤੀ ਦਾ ਅਧਿਕਾਰ ਹੈ। ਕਿਸੇ ਉੱਪਰ ਕੋਈ ਵੀ ਬੰਦਸ਼ ਨਹੀਂ।***

***ਆਪ ਜੀ ਦੀ ਬਾਣੀ ਤੋਂ ਪ੍ਰਭਾਵਿਤ ਹੋ ਕੇ ਬਹੁਤ ਸਾਰੇ ਰਾਜੇ ਤੇ ਰਾਣੀਆਂ ਨੇ ਆਪ ਜੀ ਨੂੰ ਆਪਣਾ ਗੁਰੂ ਬਣਾਇਆ। ਜਿਨਾਂ ਵਿੱਚੋਂ ਰਾਜਾ ਪੀਪਾ, ਰਾਜਾ ਨਾਗਰ ਮਲ, ਰਾਣੀ ਝਾਲਾਂ ਬਾਈ ਅਤੇ ਮੀਰਾਂ ਬਾਈ ਪ੍ਰਮੁੱਖ ਹਨ। ਗੁਰੂ ਰਵਿਦਾਸ ਜੀ ਮਹਾਰਾਜ ਜੀ ਨੇ ਬਹੁਤ ਥਾਵਾਂ ਦਾ ਭਮਣ ਕੀਤਾ ਜਿਵੇਂ ਕਿ ਮਥੁਰਾ, ਪ੍ਰਯਾਗ, ਹਰਿਦੁਆਰ, ਕੁਰਕੁਸ਼ੇਤਰ, ਗੋਦਾਵਰੀ, ਸੁਲਤਾਨਪੁਰ, ਝਾਂਸੀਂ ਆਦਿ ਹਨ। ਜਿੱਥੇ ਕਿਤੇ ਵੀ ਉਹ ਗਏ ਉਨਾਂ ਤੋਂ ਪ੍ਰਭਾਵਿਤ ਹੋ ਕੇ ਬਹੁਤ ਸਾਰੇ ਲੋਕ ਉਸ ਦੇ ਚੇਲੇ ਬਣ ਗਏ......***

**ਪਰਸ਼ੋਤਮ ਲਾਲ ਸਰੋਏ, ਜਲੰਧਰ**

ਸ਼੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦਾ ਜਨਮ 14ਵੀਂ ਸ਼ਤਾਵਦੀ ਵਿੱਚ 15 ਮਾਘ ਬਿਕਰਮੀਂ ਸੰਮਤ 1433 – ਜੋ ਕਿ 15 ਜਨਵਰੀ ਦਿਨ ਐਤਵਾਰ ਆਉਂਦਾ ਹੈ – ਨੂੰ ਕਾਂਸ਼ੀਂ ਬਨਾਰਸ ਵਿੱਚ ਹੋਇਆ ਮੰਨਿਆ ਜਾਂਦਾ ਹੈ। ਇਹ ਭਾਰਤ ਵਿੱਚ ਉੱਤਰ ਪ੍ਰਦੇਸ ਵਿੱਚ ਸਥਿਤ ਹੈ। ਪਿਤਾ ਸੰਤੋਖ ਦਾਸ ਅਤੇ ਮਾਤਾ ਕਲਸਾਂ ਦੇਵੀ ਜੀ ਦੇ ਘਰ ਹੋਇਆ। ਉਹਨਾਂ ਦਾ ਜਨਮ ਚਮਾਰ ਜਾਤੀ ਵਿੱਚ ਹੋਇਆ, ਜਿਸ ਨੂੰ ਕੁਟਬੰਧਲਾ ਵੀ ਕਿਹਾ ਜਾਂਦਾ ਹੈ। ਜਨਮ ਸਮੇਂ ਹੀ ਆਪ ਦੇ ਮੁੱਖ ਉੱਤੇ ਸੂਰਜ ਰੂਪੀ ਤੇਜ਼ ਸੀ। ਆਪ ਜੀ ਦਾ ਕੰਮ ਲੋਕਾਂ ਦੀਆਂ ਜੁੱਤੀਆਂ ਗੰਢਣਾ ਸੀ। ਨਾ ਕੇਵਲ ਆਪ ਜੀ ਨੇ ਜੁੱਤੀਆਂ ਗੰਢਣ ਦਾ ਹੀ ਕੰਮ ਕੀਤਾ ਬਲਕਿ ਲੋਕਾਂ ਦੀਆਂ ਟੁੱਟੀਆਂ ਹੋਈਆਂ ਤਕਦੀਰਾਂ ਗੰਢਣ ਦਾ ਕੰਮ ਵੀ ਕੀਤਾ।

ਆਪ ਜੀ ਦਾ ਪ੍ਰਮਾਤਮਾਂ ਪ੍ਰਤੀ ਅਥਾਹ ਪਿਆਰ ਹੋਣ ਕਰਕੇ ਆਪ ਖੁਦ ਹੀ ਰੱਬ ਦਾ ਰੂਪ ਸਨ। ਆਪ ਜੀ ਦਾ ਵਿਆਹ ਮਾਤਾ ਲੂਣਾਂ ਨਾਲ ਹੋਇਆ। ਆਪ ਜੀ ਦੇ ਘਰ ਇੱਕ ਪੁੱਤਰ ਨੇ ਜਨਮ ਲਿਆ। ਗੁਰੂ ਰਵਿਦਾਸ ਪੁਰਾਨ ਅਨੁਸਾਰ ਆਪ ਜੀ ਦੇ ਪੁੱਤਰ ਦਾ ਨਾਂ ਵਿਜੇਦਾਸ ਮੰਨਿਆਂ ਗਿਆ ਹੈ। ਜਦ ਗੁਰੂ ਰਵਿਦਾਸ ਜੀ ਮਹਾਰਾਜ ਜੀ ਦਾ ਜਨਮ ਹੋਇਆ, ਉਸ ਸਮੇਂ ਦੀ ਸਮਾਜਿਕ ਵਿਵਸਥਾ ਬੜੀ ਬੁਰੀ ਤਰਾਂ ਨਾਲ ਤਹਿਸ-ਨਹਿਸ ਹੋ ਚੁੱਕੀ ਸੀ। ਛੋਟੀ ਜਾਤ ਦੇ ਲੋਕਾਂ ਨੂੰ ਮੰਦਰਾਂ 'ਚ ਜਾ ਕੇ ਪੂਜਾ ਕਰਨ ਦੀ ਮਨਾਹੀ ਸੀ। ਸਕੂਲਾਂ ਵਿੱਚ ਜਾਣ ਦੀ ਮਨਾਹੀ ਸੀ। ਦਿਨ ਵੇਲੇ ਪਿੰਡਾਂ ਵਿੱਚ ਘੁੰਮਣ ਦੀ ਮਨਾਹੀ ਸੀ। ਜ਼ਿਆਦਾਤਰ ਲੋਕ ਪਿੰਡ ਤੋਂ ਬਾਹਰ ਝੁੱਗੀਆਂ 'ਚ ਰਹਿ ਰਹੇ ਸਨ। ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਅਨੁਸਾਰ ਸਾਰੇ ਮਨੁੱਖ ਸਮਾਨ ਸਨ। ਉਹ ਊਚ ਨੀਚ ਦੇ ਭੇਦ ਨੂੰ ਖਤਮ ਕਰਨ ਦਾ ਉਪਦੇਸ ਦਿੰਦੇ ਸਨ।

ਗੁਰੂ ਜੀ ਦੀਆਂ ਸਿੱਖਿਆਵਾਂ ਤੋਂ ਪ੍ਰਭਾਵਿਤ ਹੋ ਕੇ ਹੀ ਚਿਤੌੜਗੜ ਦੇ ਮਹਾਰਾਜਾ ਤੇ ਮਹਾਰਾਣੀ ਆਪ ਜੀ ਦੇ ਚੇਲੇ ਬਣ ਗਏ ਸਨ। ਗੁਰੂ ਜੀ ਦੇ ਚੇਲਿਆਂ ਵਿੱਚੋਂ ਮੀਰਾਂ ਬਾਈ ਵੀ ਇੱਕ ਸੀ। ਗੁਰੂ ਗ੍ਰੰਥ ਸਹਿਬ ਵਿੱਚ ਆਪ ਜੀ ਦੇ 40 ਸ਼ਬਦ ਤੇ ਇੱਕ ਸਲੋਕ ਸ਼ਾਮਿਲ ਹਨ। ਜਿਵੇਂ ਕਿ ਸਿਰੀਰਾਗ, ਰਾਗ ਗਉੜੀ, ਆਸਾ, ਗੂਜ਼ਰੀ, ਰਾਗੁ ਸੋਰਠਿ, ਧਨਾਸਰੀ, ਜੈਤਸਿਰੀ, ਰਾਗੁ ਸੂਹੀ, ਬਿਲਾਵਲੁ, ਰਾਗੁ ਗੋਂਡ, ਰਾਮ ਕਲੀ, ਰਾਗੁ ਮਾਰੂ, ਰਾਗੁ ਕੇਦਾਰਾ, ਭੈਰਉ ਬਾਣੀ, ਬਸੰਤੁ ਬਾਣੀ, ਮਲਾਰ ਬਣੀ।

ਗੁਰੂ ਜੀ ਦੇ ਸਮੇਂ ਉਸ ਰਾਜ ਵਿੱਚ ਇੱਕ ਰਾਜਾ ਰਹਿੰਦਾ ਸੀ। ਉਸ ਰਾਜ ਵਿੱਚ ਇੱਕ ਰਾਜਾ ਸੀ ਜਿਸ ਕੋਲ ਧੰਨ-ਦੌਲਤ ਤਾਂ ਬਹੁਤ ਸੀ ਪਰ ਉਸ ਨੂੰ ਮਾਨਸਿਕ ਸ਼ਾਂਤੀ ਦੀ ਘਾਟ ਸੀ। ਰਾਜ ਦਾ ਕੋਈ ਆਦਮੀ ਰਾਜੇ ਨੂੰ ਦੱਸਦਾ ਹੈ ਕਿ ਇਸ ਸ਼ਹਿਰ ਵਿੱਚ ਇੱਕ ਮਹਾਨ ਸੰਤ ਰਹਿੰਦਾ ਹੈ। ਜੋ ਉਸ ਨੂੰ ਮਾਨਸਿਕ ਸ਼ਾਂਤੀ ਦੇ ਸਕਦਾ ਹੈ। ਜਦ ਰਾਜਾ ਨੂੰ ਪਤਾ ਲਗਦਾ ਹੈ ਕਿ ਉਹ ਇੱਕ ਮੋਚੀ ਦਾ ਕੰਮ ਕਰਦਾ ਹੈ ਤਾਂ ਰਾਜਾ ਨੂੰ ਬੜਾ ਹੀ ਕ੍ਰੋਧ ਆਉਂਦਾ ਹੈ। ਉਹ ਕਹਿੰਦਾ ਹੈ ਕਿ ਮੈਂ ਤਾਂ ਇੱਕ ਰਾਜਾ ਹਾਂ ਤੇ ਉਹ ਇੱਕ ਮੋਚੀ ਹੈ। ਲੇਕਿਨ ਉਹ ਬੰਦਾ ਉਸ ਨੂੰ ਸਮਝਾਉਂਦਾ ਹੈ ਤਾਂ ਅੰਤਕਾਰ ਊਹ ਰਾਜਾ ਗੁਰੂ ਜੀ ਪਾਸ ਜਾਣ ਨੂੰ ਤਿਆਰ ਹੋ ਜਾਂਦਾ ਹੈ।

ਉਹ ਰਾਜਾ ਗੁਰੂ ਜੀ ਨੂੰ ਨਮਸਕਾਰ ਕਰ ਕੇ ਆਤਮਿਕ ਸ਼ਾਤੀ ਪ੍ਰਾਪਤੀ ਦੇ ਲਈ ਅਰਦਾਸ ਕਰਦਾ ਹੈ। ਗੁਰੂ ਜੀ ਆਪਣੇ ਪੱਥਰ ਦੇ ਬਰਤਨ ਜਿਸ ਵਿੱਚ ਕਿ ਉਹ ਚਮੜਾ ਭਿਓਂ ਕੇ ਜੁੱਤੀਆਂ ਗੰਢਦੇ ਹਨ, ਉਹ ਪਾਣੀ ਰਾਜੇ ਨੂੰ ਇੱਕ ਕਟੋਰੇ ਵਿੱਚ ਪਾ ਕੇ ਦਿੰਦੇ ਹਨ ਤੇ ਪੀਣ ਲਈ ਕਹਿੰਦੇ ਹਨ। ਰਾਜਾ ਉਸ ਅਮ੍ਰਿਤ ਰੂਪੀ ਪਾਣੀ ਨੂੰ ਗੰਦਾ ਸਮਝ ਕੇ ਉਸ ਨੂੰ ਪੀਣ ਤੋਂ ਇਨਕਾਰ ਕਰ ਦਿੰਦਾ ਹੈ। ਇਸ ਤੇ ਪਾਣੀ ਉਸ ਦੇ ਕੱਪੜਿਆਂ ਉੱਪਰ ਡੁੱਲ ਜਾਂਦਾ ਹੈ ਤੇ ਰਾਜਾ ਕ੍ਰੋਧਵਸ ਹੋ ਕੇ ਵਾਪਸ ਆਪਣੇ ਦਰਵਾਰ ਚਲਾ ਜਾਂਦਾਂ ਹੈ। ਉਹ ਸ਼ਾਹੀ ਧੋਬੀ ਨੂੰ ਉਹ ਦਾਗ਼ ਮਿਟਾਉਣ ਲਈ ਦਿੰਦਾ ਹੈ। ਉਹ ਦੇਖਦਾ ਹੈ ਕਿ ਇਹ ਨਿਸ਼ਾਨ ਤਾਂ ਗੁਰੂ ਰਵਿਦਾਸ ਜੀ ਦੇ ਕੂੰਨ ਦੇ ਪਾਣੀ ਦਾ ਹੈ। ਉਹ ਸ਼ਾਹੀ ਧੋਬੀ ਉਹ ਕੱਪੜੇ ਆਪਣੀ ਕੁੜੀ ਨੂੰ ਧੋਣ ਨੂੰ ਦਿੰਦਾ ਹੈ। ਉਸ ਧੋਬੀ ਦੀ ਲੜਕੀ ਬੜੀ ਸਿਆਣੀ ਹੈ ਉਹ ਪਾਣੀ ਦਾ ਸਾਰਾ ਦਾਗ਼ ਨੂੰ ਚੂਸ ਲੈਂਦੀ ਹੈ ਤੇ ਤਦ ਉਹ ਉਸ ਕੱਪੜੇ ਨੂੰ ਧੋਂਦੀ ਹੈ ਤੇ ਵਾਪਸ ਆਪਣੇ ਪਿਤਾ ਨੂੰ ਦੇ ਦਿੰਦੀ ਹੈ। ਉਸ ਨੂੰ ਆਤਮਿਕ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਤਦ ਤੋਂ ਉਹ ਲੜਕੀ ਬੜੀ ਸੂਝਵਾਨ ਬਣ ਜਾਂਦੀ ਹੈ।



ਲੜਕੀ ਦੀ ਦਿਨੋਂ ਦਿਨ ਬਹੁਤ ਮੰਨਤ ਹੋਣ ਲੱਗ ਜਾਂਦੀ ਹੈ। ਲੋਕ ਉਸ ਕੋਲ ਵੀ ਗੁਰੂ ਜੀ ਦੀ ਤਰਾਂ ਅਸ਼ੀਰਵਾਦ ਲੈਣ ਆਉਣ ਲੱਗਦੇ ਹਨ। ਰਾਜ ਦਾ ਇੱਕ ਆਦਮੀ ਵੀ ਉਸ ਲੜਕੀ ਕੋਲ ਆਉਂਦਾ ਹੈ ਅਤੇ ਜਾ ਕੇ ਰਾਜੇ ਨੂੰ ਦੱਸਦਾ ਹੈ ਕਿ ਤੁਸੀਂ ਅਜੇ ਵੀ ਬੜੇ ਦੁਖੀ ਅਤੇ ਆਸ਼ਾਂਤ ਹੋ। ਇਸ ਦੁੱਖ ਅਤੇ ਆਸ਼ਾਤੀ ਦਾ ਨਿਵਾਰਨ ਤੁਸੀਂ ਉਸ ਲੜਕੀ ਕੋਲੋਂ ਕਰਾ ਸਕਦੇ ਹੋ। ਰਾਜੇ ਦਾ ਮਨ ਉਸ ਸ਼ਾਹੀ ਧੋਬੀ ਦੀ ਲੜਕੀ ਕੋਲ ਜਾਣ ਨੂੰ ਨਹੀਂ ਕਰਦਾ, ਅੰਤ ਨੂੰ ਉਹ ਉਸ ਲੜਕੀ ਕੋਲ ਜਾਣ ਦਾ ਮਨ ਬਣਾ ਲੈਂਦਾ ਹੈ ਅਤੇ ਉਸ ਕੋਲ ਜਾ ਕੇ ਆਪਣੀ ਦੁਬਿਧਾ ਨੂੰ ਦੂਰ ਕਰਨ ਦੀ ਬੇਨਤੀ ਕਰਦਾ ਹੈ। ਉਹ ਰਾਜੇ ਨੂੰ ਦੱਸਦੀ ਹੈ ਕਿ ਜੋ ਕੁਝ ਵੀ ਅੱਜ ਉਸ ਕੋਲ ਹੈ ਉਹ ਗੁਰੂ ਰਵਿਦਾਸ ਜੀ ਦੇ ਕੂੰਨ ਦੇ ਪਾਣੀ ਦੇ ਦਾਗ ਦਾ ਹੀ ਪ੍ਰਤਾਪ ਹੈ ਜੋ ਉਸ ਦੇ ਪਿਤਾ ਨੇ ਤੁਹਾਡੇ ਕੱਪੜੇ ਤੋਂ ਮਿਟਾਉਣ ਨੂੰ ਦਿੱਤੇ ਸਨ।

ਇੱਕ ਵਾਰ ਇੱਕ ਬ੍ਰਾਹਮਣ ਗੰਗਾ ਇਸ਼ਨਾਨ ਲਈ ਜਾ ਰਿਹਾ ਹੁੰਦਾ ਹੈ, ਗੁਰੂ ਰਵਿਦਾਸ ਜੀ ਮਹਾਰਾਜ ਉਸ ਨੂੰ ਇੱਕ ਦਮੜੀ ਗੰਗਾ ਮਾਈ ਨੂੰ ਭੇਂਟ ਕਰਨ ਲਈ ਦਿੰਦੇ ਹਨ। ਨਾਲ ਹੀ ਇਹ ਵੀ ਕਹਿੰਦੇ ਹਨ ਕਿ ਜੇਕਰ ਗੰਗਾ ਮਾਈ ਹੱਥ ਕੱਢ ਕੇ ਦਮੜੀ ਸਵੀਕਾਰ ਕਰੇਗੀ ਤਾਂ ਦਮੜੀ ਉਸ ਨੂੰ ਦੇ ਦੇਣਾ। ਬ੍ਰਾਹਮਣ ਨੇ ਗੁਰੂ ਜੀ ਦੀ ਗੱਲ ਨੂੰ ਇੱਕ ਮਜ਼ਾਕ ਦੇ ਤੌਰ ਤੇ ਲਿਆ। ਪਰ ਜਦੋਂ ਗੰਗਾ ਮਾਤਾ ਨੇ ਆਪਣੇ ਹੱਥ ਬਾਹਰ ਗੁਰੂ ਜੀ ਦੀ ਭੇਜੀ ਗਈ ਦਮੜੀ ਨੂੰ ਸਵੀਕਾਰ ਕੀਤਾ ਤਾਂ ਉਸ ਬ੍ਰਾਹਮਣ ਨੂੰ ਬੜੀ ਹੈਰਾਨੀ ਹੋਈ। ਉਸ ਦਮੜੀ ਦੇ ਬਦਲੇ ਵਿੱਚ ਗੰਗਾ ਮਾਈ ਨੇ ਉਸ ਬ੍ਰਾਹਮਣ ਕੋਲ ਇੱਕ ਸੋਨੇ ਦਾ ਕੰਗਣ ਭੇਜਿਆ। ਇਹ ਕੰਗਣ ਦੇਖ ਕੇ ਉਸ ਦਾ ਦਿਲ ਬੇਈਮਾਨ ਹੋ ਗਿਆ।

ਉਸ ਨੇ ਧੰਨ ਦੀ ਪ੍ਰਾਪਤੀ ਲਈ ਊਹ ਕੰਗਣ ਰਾਜੇ ਨੂੰ ਦੇ ਦਿੱਤਾ। ਰਾਣੀ ਨੇ ਜਦ ਇਹ ਕੰਗਣ ਦੇਖਿਆ ਤਾਂ ਉਸ ਨੇ ਇਸ ਦੇ ਨਾਲ ਦੇ ਦੂਜੇ ਹੋਰ ਕੰਗਣ ਦੀ ਮੰਗ ਕੀਤੀ ਤਾਂ ਹੁਣ ਬ੍ਰਾਹਮਣ ਦੁਬਿਧਾ ਵਿੱਚ ਫਸ ਗਿਆ। ਆਖਿਰਕਾਰ ਉਹ ਗੁਰੂ ਰਵਿਦਾਸ ਜੀ ਕੋਲ ਗਿਆ ਤੇ ਸਾਰੀ ਵਿਥਿਆ ਬਿਆਨ ਕੀਤੀ। ਗੁਰੂ ਜੀ ਨੇ ਉਸ ਬ੍ਰਾਹਮਣ ਦੀ ਦੁਬਿਧਾ ਨੂੰ ਦੂਰ ਕੀਤੀ। ਇਸ ਤਰਾਂ ਉਸ ਬ੍ਰਾਹਮਣ ਨੂੰ ਗੁਰੂ ਜੀ ਦੇ ਆਤਮਿਕ ਗਿਆਨ ਬਾਰੇ ਚਾਨਣਾ ਹੋਇਆ। ਝੂਠੇ ਪਖੰਡੀ ਲੋਕਾਂ ਦਾ ਹੰਕਾਰ ਤੋੜਨ ਲਈ ਆਪ ਜੀ ਨੇ ਆਪਣੀ ਛਾਤੀ ਵਿੱਚ ਚੋਹਾਂ ਜ਼ੁਗਾਂ ਦੇ ਜੰਜੂ ਦਿਖਾਏ ਤੇ ਦੁਨੀਆਂ ਨੂੰ ਸੱਚ ਦਾ ਚਾਨਣਾ ਕਰਾਉਣ ਲਈ ਗੰਗਾ ਨਦੀ ਵਿੱਚ ਪੱਥਰ ਵੀ ਤਾਰ ਕੇ ਦਿਖਾਇਆ।

ਡਾਕਟਰ ਲੇਖ ਰਾਜ ਨੇ ਆਪਣੀ ਪੁਸਤਕ 'ਗੁਰੂ ਰਵਿਦਾਸ ਜੀ ਦਾ ਜੀਵਨ ਅਤੇ ਲਿਖਤਾਂ' ਦਾ ਪਹਿਲਾ ਐਡੀਸ਼ਨ 1993 ਵਿੱਚ ਲਿਖਿਆ ਹੈ ਕਿ ਗੁਰੂ ਰਵਿਦਾਸ ਜੀ ਉੱਤਰ ਭਾਰਤ ਵਿੱਚ ਦੋ ਤੋਂ ਜ਼ਿਆਦਾ ਵਾਰ ਆਏ। ਪਹਿਲੀ ਵਾਰ ਤਾਂ ਉਨਾਂ ਦੇ ਨਾਲ ਕਬੀਰ ਜੀ, ਤ੍ਰਿਲੋਚਨ ਜੀ, ਭਗਤ ਸੈਨ ਜੀ, ਅਤੇ ਭਗਤ ਧੰਨਾਂ ਜੀ ਸਨ। ਉਨਾਂ ਦੀ ਭੇਂਟਾ ਗੁਰੂ ਨਾਨਕ ਦੇਵ ਜੀ ਨਾਲ ਚੂਹੜਕਾਣਾ, ਜੋ ਕਿ ਹੁਣ ਨਨਕਾਣਾ ਸਾਹਿਬ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਜਿੱਥੇ ਗੁਰੂ ਨਾਨਕ ਦੇਵ ਜੀ ਨੇ ਇਨਾਂ ਮਹਾਨ ਸੰਤਾਂ ਮਹਾਂ ਪੁਰਖਾਂ ਨੂੰ ਭੋਜਨ ਛਕਾ ਕੇ ਸੱਚਾ ਸੌਦਾ ਕੀਤਾ ਸੀ। ਦੂਜੀ ਵਾਰ ਗੁਰੂ ਰਵਿਦਾਸ ਜੀ ਦੀ ਗੁਰੂ ਨਾਨਕ ਦੇਵ ਜੀ ਨਾਲ ਭੇਟਾ ਕਾਲੀ ਬੇਈਂ ਦੀ ਸੰਤ ਘਾਟ ਸੁਲਤਾਨਪੁਰ ਲੋਧੀ ਵਿਖੇ ਹੋਈ। ਤੀਜੀ ਵਾਰੀ ਆਪ ਜੀ ਗੁਰੂ ਕਾ ਬਾਗ਼, ਬਨਾਰਸ ਵਿਖੇ ਗੁਰੂ ਨਾਨਕ ਦੇਵ ਜੀ ਨਾਲ ਭੇਟਾ ਹੋਈ ਅਤੇ ਧਾਰਮਿਕ, ਸਮਾਜਿਕ ਵਿਵਸਥਾ ਅਤੇ ਮਨੁੱਖੀ ਸੁਤੰਤਰਤਾ ਨੂੰ ਲੈ ਕੇ ਵਿਚਾਰ ਗੋਸਟੀ ਹੋਈ।

ਗੁਰੂ ਰਵਿਦਾਸ ਜੀ ਮਹਾਰਾਜ ਨੇ ਐਸੇ ਸੰਸਾਰ ਦੀ ਕਲਪਨਾ ਕੀਤਾ ਜਿਸ ਵਿੱਚ ਕਿਸੇ ਨੂੰ ਵੀ ਕੋਈ ਵੀ ਦੁੱਖ ਤਕਲੀਫ ਨਾ ਹੋਵੇ, ਕਿਸੇ 'ਤੇ ਕਿਸੇ ਕਿਸਮ ਦਾ ਟੈਕਸ ਨਾ ਲਗਾਇਆ ਜਾਵੇ। ਉਨਾਂ ਨੇ ਆਪਣੇ ਸ਼ਬਦ 'ਬੇ.ਗਮਪੁਰਾ' ਵਿੱਚ ਕੁਝ ਇਸ ਤਰਾਂ ਲਿਖਿਆ ਹੈ:

*ਬੇ.ਗਮਪੁਰਾ ਸ਼ਹਿਰ ਕੋ ਨਾਉ, ਦੂਖ ਅਨਦੋਹ ਨਾਹੀ ਤਹਿ ਠਾਉ ।*
*ਨਾ ਤਸਵੀਸੁ ਖਿਰਾਸ ਨਾ ਮਾਲੁ, ਖਾਉਫ ਨਾ ਖਤਾ, ਨਾ ਤਰਸ ਜਵਾਲੁ ॥*
*ਅਬ ਮੋਹਿ ਖੂਬ ਵਤਨ ਗਹਿ ਪਾਈ, ਊਹਾਂ ਖੈਰ ਸਦਾ ਮੇਰੇ ਭਾਈ 1 ਰਹਾਉ 1*
*ਕਾਇਮ ਦਾਇਮ ਸਦਾ ਪਾਤਸ਼ਾਹਿ, ਦੋਮ ਨਾ ਸੇਮ ਏਕ ਸੋ ਆਹੀ ।*
*ਆਬਾਦਾਨ ਸਦਾ ਮਸ਼ਹੂਰ, ਊਹਾਂ ਗਨਿ ਵਸਹਿ ਮਾਮੂਰ ।*
*ਤਿਉ ਤਿਉ ਸੈਲ ਕਰੇ ਜਿਉ ਭਾਵੇ, ਮਹਿਰਮ ਮਹਿਲ ਨਾ ਕੋ ਅਟਕਾਵੇ ।*
*ਕਹੁ ਰਵਿਦਾਸ ਖ਼ਲਾਸ ਚਮਾਰਾ, ਜੋ ਹਮ ਸ਼ਹਿਰੀ ਸੋ ਮੀਤ ਹਮਾਰਾ ।*

ਅਰਥਾਰ ਗੁਰੂ ਜੀ ਅਨੁਸਾਰ ਬੇਗਮਪੁਰਾ ਇੱਕ ਐਸਾ ਸ਼ਹਿਰ ਹੈ, ਜਿਥੇ ਕੋਈ ਵੀ ਦੁੱਖ ਤਕਲੀਫ ਨਹੀਂ ਹੈ। ਜਿੱਥੋਂ ਦੇ ਲੋਕਾਂ ਨੂੰ ਕਿਸੇ ਨੂੰ ਕਿਸੇ ਕਿਸਮ ਦਾ ਟੈਕਸ ਨਾ ਦੇਣਾ ਪਵੇ। ਹਰ ਇੱਕ ਦੇ ਮਾਲ ਸੰਪਤੀ ਦੀ ਸੁਰੱਖਿਅਤ ਹੋਵੇ। ਜਿੱਥੇ ਕੋਈ ਵੀ ਉੱਚਾ ਜਾਂ ਨੀਵਾਂ ਨਹੀਂ। ਸਭ ਲੋਕ ਬਰਾਬਰ ਹਨ। ਸਭ ਨੂੰ ਪ੍ਰਭੂ ਭਗਤੀ ਦਾ ਅਧਿਕਾਰ ਹੈ। ਕਿਸੇ ਉੱਪਰ ਕੋਈ ਵੀ ਬੰਦਸ਼ ਨਹੀਂ।

ਆਪ ਜੀ ਦੀ ਬਾਣੀ ਤੋਂ ਪ੍ਰਭਾਵਿਤ ਹੋ ਕੇ ਬਹੁਤ ਸਾਰੇ ਰਾਜੇ ਤੇ ਰਾਣੀਆਂ ਨੇ ਆਪ ਜੀ ਨੂੰ ਆਪਣਾ ਗੁਰੂ ਬਣਾਇਆ। ਜਿਨਾਂ ਵਿੱਚੋਂ ਰਾਜਾ ਪੀਪਾ, ਰਾਜਾ ਨਾਗਰ ਮਲ, ਰਾਣੀ ਝਾਲਾਂ ਬਾਈ ਅਤੇ ਮੀਰਾਂ ਬਾਈ ਪ੍ਰਮੁੱਖ ਹਨ। ਗੁਰੂ ਰਵਿਦਾਸ ਜੀ ਮਹਾਰਾਜ ਜੀ ਨੇ ਬਹੁਤ ਥਾਵਾਂ ਦਾ ਭਮਣ ਕੀਤਾ ਜਿਵੇਂ ਕਿ ਮਥੁਰਾ, ਪ੍ਰਯਾਗ, ਹਰਿਦੁਆਰ, ਕੁਰਕੁਸ਼ੇਤਰ, ਗੋਦਾਵਰੀ, ਸੁਲਤਾਨਪੁਰ, ਝਾਂਸੀਂ ਆਦਿ ਹਨ। ਜਿੱਥੇ ਕਿਤੇ ਵੀ ਊਹ ਗਏ ਉਨਾਂ ਤੋਂ ਪ੍ਰਭਾਵਿਤ ਹੋ ਕੇ ਬਹੁਤ ਸਾਰੇ ਲੋਕ ਉਸ ਦੇ ਚੇਲੇ ਬਣ ਗਏ। ਕਿਹਾ ਜ ਸਕਦਾ ਹੈ :

*ਗੰਗਾ ਕਿਨਾਰੇ ਬੈਠ ਕੇ ਗੁਰੂ ਰਵਿਦਾਸ ਜੀ, ਸਤਿਨਾਮ ਦਾ ਹੋਕਾ ਲਾਇਆ ।*
*ਮਾਂ ਕਲਸਾਂ ਨੇ ਉਸ ਰੱਬ ਰੂਪ ਨੂੰ, ਆਪਣੀ ਗੋਦ ਖਿਡਾਇਆ ।*
*ਪਿਤਾ ਸੰਤੋਖ ਵੀ ਜ਼ਸ਼ਨ ਮਨਾਏ, ਪਰੀਆਂ ਵੀ ਮੰਗਲ ਗਾਇਆ ।*
*ਦੁਨੀਆਂ ਉੱਤੇ ਲਤਾੜੇ ਗਿਆਂ ਲਈ, ਉਹ ਖੁਦ ਬਣ ਮਸੀਹਾ ਆਇਆ ।*
*ਝੂਠੇ ਕਰਮਾਂ ਕਾਂਢਾਂ 'ਚ ਫਸੀ ਲੋਕਾਈ ਨੂੰ, ਉਨਾਂ ਸੱਚ ਦਾ ਸਬਕ ਸਿਖਾਇਆ ।*
*ਝਾਲਾਂ ਤੇ ਮੀਰਾਂ ਬਾਈ ਨੇ, ਉਨਾਂ ਤੋਂ ਦਾਤ ਅਮ੍ਰਿਤ ਦੀ ਪਾਈ ।*
*ਰਾਜੇ ਰਾਣਿਆਂ ਨੇ ਵੀ ਆਪ ਨੂੰ, ਆਪਣਾ ਗੁਰੂ ਬਣਾਇਆ ।*
*ਪੀ.ਐਲ. ਕਰਾਂ ਵੀ ਸਿਫਤ ਉਨਾਂ ਦੀ, ਉਨਾਂ ਊਚ ਨੀਚ ਦਾ ਭੇਦ ਮਿਟਾਇਆ ।*

ਸੰਸਾਰ ਵਿੱਚ ਲਗਭਗ 3000 ਸਾਲ ਤੱਕ ਵਿਗੜੀ ਹੋਈ ਸਮਾਜਿਕ ਅਤੇ ਧਾਰਮਿਕ ਸਥਿਤੀ ਵਿੱਚ ਸੁਧਾਰ ਲਿਆਉਣ ਵਿੱਚ ਉਨਾਂ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਈ। ਉਨਾਂ ਦੀ ਵਿਚਾਰਧਾਰਾ ਸੀ:

*ਐਸਾ ਚਾਹੂੰ ਰਾਜ ਮੈਂ, ਜਹਾਂ ਮਿਲੇ ਸਭਨ ਕੋ ਅੰਨ ,*
*ਛੋਟ ਬੜੇ ਸਭ ਸਮ ਵਸੇ, ਰਵਿਦਾਸ ਰਹੇ ਪ੍ਰਸੰਨ ।*

ਸੋ ਉਨਾਂ ਨੇ ਇੱਕ ਐਸੇ ਰਾਜ ਦੀ ਸਥਾਪਨਾ ਕੀਤੀ ਜਿੱਥੇ ਕੋਈ ਵੀ ਉੱਚਾ ਜਾਂ ਨੀਵਾਂ, ਛੋਟਾ ਜਾਂ ਵੱਡਾ ਨਹੀਂ । ਇਸ ਵਿੱਚ ਹੀ ਉਨਾਂ ਦੀ ਖ਼ੁਸ਼ੀ ਵੀ ਸੀ । ਬਹੁਤ ਸਾਰੇ ਵਿਦਵਾਨਾਂ ਅਨੁਸਾਰ ਉਹ ਲਗਭਗ 151 ਸਾਲ ਤੱਕ ਇਸ ਸੰਸਾਰ ਉੱਪਰ ਰਹੇ ਅਤੇ ਲੋਕਾਂ ਨੂੰ ਰੌਸ਼ਨੀ ਦਿਖਾਉਣ ਦਾ ਕੰਮ ਕੀਤਾ ।

# ਆਸਟ੍ਰੇਲੀਆ ਦੇ ਪਹਿਲੇ ਗੁਰਦੁਆਰਾ ਸਾਹਿਬ ਵਿਚ ਦਸਮੇਸ਼ ਪ੍ਰਕਾਸ਼ ਪੁਰਬ ਮਨਾਇਆ

ਸਿਡਨੀ (ਸੁਖਜੀਤ ਸਿੰਘ)–ਆਸਟ੍ਰੇਲੀਆ ਦੀ ਸਟੇਟ, ਨਿਊ ਸਾਊਥ ਵਿਚਲੇ ਮਿਨੀ ਪੰਜਾਬ ਕਰਕੇ ਜਾਣੇ ਜਾਂਦੇ ਕਸਬੇ, ਵੂਲਗੂਲਗਾ ਵਿਖੇ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ੩੫੧ਵਾਂ ਪ੍ਰਕਾਸ਼ ਦਿਵਸ, ਬੜੇ ਉਤਸ਼ਾਹ ਸਹਿਤ ਮਨਾਇਆ ਗਿਆ। ਸ਼ੁੱਕਰਵਾਰ ਵਾਲ਼ੇ ਦਿਨ ਸ਼ਬਦ ਸਰੂਪ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡਪਾਠ ਦਾ ਆਰੰਭ ਕੀਤਾ ਗਿਆ। ਐਤਵਾਰ ਭੋਗ ਉਪਰੰਤ ਧਾਰਮਿਕ ਦੀਵਾਨ ਸਜਿਆ। ਆਰੰਭ ਵਿਚ ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਹਰਜਿੰਦਰ ਸਿੰਘ ਹੰਬੜਾਂ ਜੀ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ। ਗਿਆਨੀ ਜੀ ਤੋਂ ਬਾਅਦ ਇਸ ਸਮਾਗਮ ਵਾਸਤੇ, ਸਿਡਨੀ ਤੋਂ ਉਚੇਚੇ ਤੌਰ ਤੇ ਪਹੁੰਚੇ ਪੰਥਕ ਵਿਦਵਾਨ ਗਿਆਨੀ ਸੰਤੋਖ ਸਿੰਘ ਜੀ ਨੇ ਦਸਮ ਪਿਤਾ ਜੀ ਦੇ ਜੀਵਨ ਬਾਰੇ ਸੰਗਤਾਂ ਨਾਲ਼ ਸਾਂਝ ਪਾਈ।



ਪੰਜਾਬ ਤੋਂ ਆਏ ਹੋਏ ਬੀਬੀ ਜਸਵੀਰ ਕੌਰ ਜਸ ਦੀ ਅਗਵਾਈ ਵਾਲ਼ੇ ਬੀਬੀਆਂ ਦੇ ਢਾਡੀ ਜਥੇ ਨੇ ਜੋਸ਼ੀਲੀਆਂ ਵਾਰਾਂ ਸੁਣਾ ਕੇ ਰੰਗ ਬੰਨ੍ਹਿਆਂ। ਕਵੀਸ਼ਰ ਭਾਈ ਪਰਮਜੀਤ ਸਿੰਘ ਨੂਰਪੁਰੀ ਜੀ ਨੇ ਕਵੀਸ਼ਰੀ ਦੁਆਰਾ ਹਾਜਰੀ ਲਵਾਈ।

ਦੀਵਾਨ ਦੀ ਸਮਾਪਤੀ ਤੇ, ਗੁਰਦੁਆਰਾ ਕਮੇਟੀ ਦੇ ਪ੍ਰਧਾਨ ਡਾ. ਅਮਰਜੀਤ ਸਿੰਘ ਮੋਰ ਜੀ ਨੇ ਗੁਰਦੁਆਰਾ ਸਾਹਿਬ ਦੀ ਨਵੀ ਇਮਾਰਤ ਬਾਰੇ ਸੰਗਤਾਂ ਨੂੰ ਦੱਸਿਆ। ਡਾਕਟਰ ਸਾਹਿਬ ਨੇ ਦੱਸਿਆ ਕਿ ਇਮਾਰਤ ਲੱਗ ਭਗ ਮੁਕੰਮਲ ਹੋਣ ਦੇ ਨੇੜੇ ਹੈ। ਲੰਗਰ ਵਾਲ਼ਾ ਫਲੋਰ ਪੂਰਾ ਹੋ ਚੁਕਿਆ ਹੈ। ਸੁਨਹਿਰੀ ਗੁੰਬਦ ਵਗੈਰਾ ਬਣ ਚੁੱਕੇ ਹਨ। ਇਸ ਗੁਰਦੁਆਰਾ ਸਾਹਿਬ ਦੀ ਸਥਾਪਨਾ ਦੇ ਪੰਜਾਹਵੇਂ ਸਾਲ, ਜੋ ਕਿ ੨੦੧੯ ਹੈ, ਸਮੇ ਨਵੀ ਇਮਾਰਤ ਦਾ ਉਦਘਾਟਨ ਹੋ ਜਾਵੇਗਾ। ਇਸ ਵਾਸਤੇ ਜੁਲਾਈ ਵਿਚ ਕੋਈ ਦਿਨ ਨਿਸਚਿਤ ਕੀਤਾ ਜਾਵੇਗਾ ਜਦੋਂ ਕਿ ਆਸਟ੍ਰੇਲੀਆ ਵਿਚ ਹੋਰ ਕਿਸੇ ਸਿੱਖ ਸਮਾਗਮ ਨਾਲ਼ ਤਰੀਕਾਂ ਦਾ ਮੇਲ਼ ਨਾ ਖਾਵੇ।

ਯਾਦ ਰਹੇ ਕਿ ਵੂਲਗੂਲਗਾ ਨਾਮੀ ਕਸਬਾ ਸਿਡਨੀ ਤੋਂ ਸਵਾ ਛੇ ਸੌ ਕਿਲੋ ਮੀਟਰ ਬ੍ਰਿਸਬਿਨ ਵੱਲ ਜਾਂਦੇ ਪੈਸੇਫ਼ਿਕ ਹਾਈਵੇ ਉਪਰ ਹੈ। ਇਸ ਕਸਬੇ ਵਿਚ ਪੰਜ ਪੀਹੜੀਆਂ ਤੋਂ ਸਿੱਖ ਵੱਸ ਰਹੇ ਹਨ। ਪਹਿਲਾਂ ਇਹਨਾਂ ਦਾ ਕਾਰੋਬਾਰ ਕੇਲਿਆਂ ਦੀ ਖੇਤੀ ਹੁੰਦੀ ਸੀ ਤੇ ਅੱਜ ਕਲ੍ਹ ਵਧੇਰੇ ਜੋਰ ਬਲਿਊ ਬੇਰੀ ਦੀ ਖੇਤੀ ਉਪਰ ਹੈ। ਆਸਟ੍ਰੇਲੀਆ ਵਿਚ ਸਭ ਤੋਂ ਪਹਿਲੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਏਥੇ ਹੋਈ ਸੀ ਜਿਸ ਨੂੰ 'ਫਸਟ ਸਿੱਖ ਟੈਂਪਲ' ਕਰਕੇ ਜਾਣਿਆ ਜਾਂਦਾ ਹੈ। ਇਸ ਸਮੇ ਇਸ ਗੁਰਦੁਆਰਾ ਸਾਹਿਬ ਦੀ ਵਿਸ਼ਾਲ ਇਮਾਰਤ ਦੀ ਉਸਾਰੀ ਹੋ ਰਹੀ ਹੈ।

ਵੂਲਗੂਲਗੇ ਤੋਂ ਪੰਝੀ ਕਿਲੋ ਮੀਟਰ ਸਿਡਨੀ ਵਾਲ਼ ਪਾਸੇ ਵਡੇਰੇ ਕਸਬੇ ਕਫ਼ਸ ਹਾਰਬਰ ਵਿਚ, ਆਸਟ੍ਰੇਲੀਆ ਦੇ ਸਭ ਤੋਂ ਪਹਿਲੇ ਚੌਵੀ ਘੰਟੇ ਸੱਤੇ ਦਿਨ ਚੱਲਣ ਵਾਲ਼ੇ ਪੰਜਾਬੀ ਰੇਡੀਉ ਦਾ ਹੈਡ ਕੁਆਰਟਰ ਹੈ। ਇਸ ਰੇਡੀਉ ਨੂੰ, ਸਫ਼ਲ ਫਾਰਮਰ ਸ. ਜਰਨੈਲ ਸਿੰਘ ਜੀ ਦੇ ਹੋਣਹਾਰ ਸਪੁੱਤਰ, ਸਿੱਖ ਚਿੰਤਕ ਅਮਨਦੀਪ ਸਿੰਘ ਸਿਧੂ ਚਲਾ ਰਹੇ ਹਨ। ਸ. ਅਮਨਦੀਪ ਸਿੰਘ ਆਸਟ੍ਰੇਲੀਅਨ ਸਿੱਖ ਖੇਡਾਂ ਦੀ ਨੈਸ਼ਨਲ ਕਮੇਟੀ ਦੇ ਪ੍ਰਧਾਨ ਵੀ ਹਨ.।

ਤਿੰਨੇ ਦਿਨ ਲੰਗਰ ਦੀ ਸੇਵਾ, ਸੰਗਤਾਂ ਦੇ ਸਹਿਯੋਗ ਨਾਲ਼, ਸ. ਜਸਵਿੰਦਰ ਸਿੰਘ ਸਹੋਤਾ ਜੀ ਦੇ ਪਰਵਾਰ ਨੇ ਪ੍ਰੇਮ ਅਤੇ ਸ਼ਰਧਾ ਸਹਿਤ ਕੀਤੀ।

ਗੁਰਦੁਆਰਾ ਸਾਹਿਬ ਵੱਲੋਂ ਗਿਆਨੀ ਸੰਤੋਖ ਸਿੰਘ ਜੀ ਨੂੰ, ਉਹਨਾਂ ਦੀਆਂ ਪੰਥਕ ਸੇਵਾਵਾਂ ਦੇ ਮਾਣ ਵਜੋਂ, ਗੁਰਦੁਆਰਾ ਕਮੇਟੀ ਵੱਲੋਂ ਸਿਰੋਪਾ ਬਖ਼ਸ਼ ਕੇ ਸਨਮਾਨਿਆ ਗਿਆ। ਸਿਰੋਪਾ ਸ. ਨਿਰਮਲ ਸਿੰਘ ਕੰਦੋਲਾ, ਸ ਪਰਦੀਪ ਸਿੰਘ ਸ਼ੇਰਗਿੱਲ ਅਤੇ ਗਿ. ਹਰਜਿੰਦਰ ਸਿੰਘ ਹੰਬੜਾਂ ਦੁਆਰਾ ਬਖ਼ਸ਼ਿਆ ਗਿਆ।

# ਨਾਨਕੇ ਜਾਣ ਦਾ ਚਾਅ

ਸਿਮਰਨ ਜੋਤ ਕੌਰ



ਬਚਪਨ ਵਿੱਚ ਨਾਨਕੇ ਜਾਣ ਦਾ ਬਹੁਤ ਚਾਅ ਹੁੰਦਾ ਸੀ। ਜੂਨ ਦੀਆਂ ਛੁਟੀਆਂ ਪੈਣ ਦਾ ਇੰਤਜ਼ਾਰ ਹੁੰਦਾ ਸੀ। ਛੁਟੀਆਂ ਸ਼ੁਰੂ ਫੇਰ ਨਾਨਕੇ ਜਾਣ ਦੀ ਤਿਆਰੀ ਸ਼ੁਰੂ। ਮੈਂ ਤੇ ਮੇਰੀ ਭੈਣ ਆਪਣਾ ਸਮਾਨ ਆਪ ਪਸੰਦ ਕਾਰਕੇ ਰਖਦੇ ਜੋ ਨਾਨਕੇ ਲੈ ਕੇ ਜਾਣਾ ਹੁੰਦਾ। ਨਾਨਕੇ ਜਾਣ ਦਾ ਰਸਤਾ ਭਾਵੇਂ 20 ਮਿੰਟ ਦਾ ਹੁੰਦਾ ਪਰ ਸਾਨੂੰ ਬਹੁਤ ਲੰਬਾ ਲੱਗਣਾ। ਪੱਖੋਵਾਲ, ਮੇਰਾ ਨਾਨਕਾ ਸੀ, ਰਸਤੇ ਚ ਇੱਕ ਨਹਿਰ ਆਉਂਦੀ ਜਿਸ ਨੂੰ ਪਾਰ ਕਾਰਕੇ ਸਿਰਫ 5 ਮਿੰਟ ਦਾ ਰਸਤਾ ਰਹਿ ਜਾਂਦਾ। ਨਹਿਰ ਕੋਲ ਆਕੇ ਚਾਅ ਹੋਰ ਵੱਧ ਜਾਂਦਾ।

ਪਾਪਾ ਨੇ ਸਕੂਟਰ ਤੇ ਸਾਨੂੰ ਨਾਨਕੇ ਛੱਡਣ ਜਾਣਾ। ਚਾਰ ਜਾਣੇ ਅਸੀਂ ਸਕੂਟਰ ਤੇ ਨਾਲ ਸਾਡੇ ਬੈਗ ਹੁੰਦੇ ਜੋ ਬਹੁਤ ਸ਼ੌਂਕ ਨਾਲ਼ ਪੈਕ ਕੀਤੇ ਹੁੰਦੇ। ਉਸ ਸਮੇਂ ਮੋਬਾਇਲ ਦਾ ਬਹੁਤ ਰੁਝੇਵਾਂ ਨਹੀਂ ਸੀ ਲੋਕਾਂ ਨੂੰ, ਨਾ ਹੀ ਮੇਰੇ ਪਾਪਾ ਕੋਲ਼ ਸੀ, ਨਾ ਹੀ ਨਾਨਕੇ ਕਿਸੇ ਕੋਲ। ਪਰ ਨਾਨਕੇ ਹਰ ਕਮਰੇ ਵਿੱਚ ਫੋਨ ਹੁੰਦਾ ਸੀ, ਜੋ ਅਸੀਂ ਖੇਡਣ ਵੇਲੇ ਵਰਤ ਲੈਂਦੇ। ਬਿਨਾਂ ਦਸੇ ਜਾਣਾ, ਆਪਣੇ ਆਪ ਵਿੱਚ ਹੀ ਬਹੁਤ ਖ਼ੁਸ਼ੀ ਵਾਲੀ ਹੁੰਦੀ ਸੀ। ਨਾਨਕੇ ਪਹੁੰਚ ਕੇ ਸਭ ਤੋਂ ਪਹਿਲਾਂ ਨਾਨੀ ਜੀ ਨੂੰ ਜਾ ਕੇ ਮਿਲਣਾ। ਉਹਨਾਂ ਨੇ ਗਲੇ ਲਗਾਣਾ ਅਤੇ ਕਹਿਣਾ ਆ ਗਏ ਪੁਤੂ ਮੇਰੇ। ਰੋਲਾ ਬਹੁਤ ਪਾ ਦੇਣਾ ਅਸੀਂ ਦੋਨਾਂ ਨੇ, ਫੇਰ ਪੌੜੀਆਂ ਭੱਜ ਕੇ ਚੜਨੀਆਂ। ਉਪਰ ਮਾਮੀ ਆਪਣਾ ਕੰਮ ਕਰਦੇ ਹੁੰਦੇ, ਸਤਿ ਸ਼੍ਰੀ ਅਕਾਲ ਕਰਕੇ ਉਹਨਾਂ ਦੇ ਬੱਚਿਆਂ ਨਾਲ਼ ਖੇਲਣਾ ਸ਼ੁਰੂ ਕਰਨਾ। ਬੱਚਿਆਂ ਨਾਲ਼ ਮਿਲਕੇ ਰੌਲਾ ਚਾਰ ਗੁਣਾ ਹੋ ਜਾਂਦਾ। ਕਈ ਵਾਰ ਇੰਦਾ ਹੁੰਦਾ ਕੇ ਮਾਮੀ ਬੱਚਿਆਂ ਨੂੰ ਉਹਨਾਂ ਦੇ ਨਾਨਕੇ ਲੈ ਜਾਂਦੇ ਫੇਰ ਖ਼ੁਸ਼ੀ ਘੱਟ ਹੋ ਜਾਂਦੀ। ਉਪਰ ਸਭ ਨੂੰ ਮਿਲਕੇ ਨਾਨੀ ਜੀ ਦੇ ਕੋਲ ਆ ਜਾਣਾ। ਉਹਨਾ ਨੇ ਨਿੰਬੂ ਪਾਣੀ ਪਿਆਣਾ ਜੋ ਬਹੁਤ ਹੀ ਸਵਾਦ ਹੋਣਾ। ਓਦਾਂ ਦਾ ਸਵਾਦਿਸ਼ਟ ਨਿੰਬੂ ਪਾਣੀ ਮੈਂ ਹੁਣ ਤੱਕ ਵੀ ਨਹੀਂ ਬਣਾ ਸਕਦੀ। ਬਸ ਫੇਰ ਅਸੀਂ ਸਭ ਮਿਲ ਕੇ ਲੁਕਨ ਮੀਚੀ ਯਾ ਬਰਫ਼ ਪਾਣੀ ਖੇਡਦੇ, ਟੀ ਵੀ ਦੇਖਦੇ ਅਤੇ ਰੋਲਾ ਰੱਪਾ ਪਾਈ ਰੱਖਦੇ। ਸ਼ਾਮ ਨੂੰ ਨਾਨਾ ਜੀ ਨੇ ਨੌਕਰੀ ਖ਼ਤਮ ਕਾਰਕੇ ਘਰ ਆਣਾ, ਫੇਰ ਉਹਨਾ ਨੂੰ ਭੱਜ ਕੇ ਜਾ ਕੇ ਗਲੇ ਮਿਲਨਾ। ਨਾਨਾ ਜੀ ਦੇ ਸਕੂਟਰ ਤੇ ਇਕ ਬੋਰੀ ਹੋਣੀ ਜਿਸ ਵਿੱਚ ਤਰ੍ਹਾਂ-ਤਰ੍ਹਾਂ ਦੇ ਫਲ ਹੋਣੇ। ਰਾਤ ੯ ਵਜੇ ਤੱਕ ਦੋਨੋ ਮਾਮਾ ਜੀ ਘਰ ਆ ਜਾਂਦੇ। ਉਹਨਾਂ ਦੇ ਆਣ ਤੇ, ਮੈਂ ਅਤੇ ਮੇਰੀ ਭੈਣ ਨੇ ਦਰਵਾਜ਼ੇ ਪਿੱਛੇ ਲੁੱਕ ਜਾਣਾ ਅਤੇ ਨਾਨੀ ਜੀ ਨੇ ਕਹਿਣਾ ਸਿਰਫ ਪੰਮੀ ਹੀ ਆਈ ਹੈ, ਬੱਚੇ ਨਹੀਂ ਆਏ। ਦੋਨੋ ਮਾਮਾ ਜੀ ਨੇ ਮਨ ਜਾਣਾ ਸ਼ਾਇਦ ਉਹ ਵੀ ਸਾਨੂੰ ਖ਼ੁਸ਼ ਕਰਨ ਲਈ ਮਨ ਜਾਂਦੇ ਹੋਣ, ਫੇਰ ਅਸੀਂ ਦੋਨੋ ਆਕੇ ਮਾਮਾ ਜੀ ਨੂੰ ਡਰਾ ਦਿੰਦੇ, ਫੇਰ ਬਹੁਤ ਚਾਅ ਨਾਲ ਮਿਲਣਾ ਅਤੇ ਉਹਨਾਂ ਨੇ ਬੜਾ ਪਿਆਰ ਕਰਨਾ। ਰਾਤ ਨੂੰ ਖਾਣੇ ਵੇਲੇ ਸਭ ਇੱਕਠੇ ਹੋ ਜਾਂਦੇ, ਪਹਿਲਾਂ ਬੱਚਿਆਂ ਨੂੰ ਖਾਣਾ ਮਿਲਣਾ ਅਤੇ ਅੰਬ ਜ਼ਰੂਰ ਮਿਲਣਾ। ਮੇਰੇ ਨਾਨੀ ਜੀ ਦੇ ਮੰਨਪਸੰਦ ਨੇ ਅੰਬ ਤਾਂ ਉਹ ਸਾਨੂੰ ਹਰ ਵਾਰ ਖਾਣ ਨੂੰ ਮਿਲਦੇ। ਸਾਨੂੰ ਚਟਾਈ ਤੇ ਬਿਠਾ ਕੇ ਰੋਟੀ ਮਿਲਦੀ। ਜਦੋਂ ਵੱਡੇ ਰੋਟੀ ਖਾਂਦੇ ਅਸੀਂ ਖੇਡਣ ਲੱਗ ਜਾਂਦੇ। 11-12 ਵੱਜੇ ਤੱਕ ਖੇਡਦੇ ਰਹਿਣਾ, ਅਮੀ ਦੇ ਗੁੱਸੇ ਹੋਣ ਤੇ ਮਜਬੂਰਨ ਸੋਣਾ ਪੈਂਦਾ। ਕਦੇ-ਕਦੇ ਅਮੀਂ ਪੜ੍ਹਾਈ ਕਰਨ ਲਈ ਵੀ ਕਿਹਾ ਕਰਦੇ, ਬਹੁਤ ਗੁੱਸਾ ਆਉਂਦਾ ਪਰ ਅਸੀਂ ਕੁਝ ਨਾ ਕਹਿ ਪਾਉਂਦੇ, ਮਜਬੂਰੀ ਚ ਕਿਤਾਬਾਂ ਵੱਲ ਦੇਖਦੇ ਰਹਿਣਾ ਪੈਂਦਾ। ਹੁਣ ਨਾਨਕੇ ਜਾਣ ਦੀ ਇਨੀ ਖ਼ੁਸ਼ੀ ਨਹੀਂ ਹੁੰਦੀ ਜੋ ਪਹਿਲਾਂ ਹੁੰਦੀ ਸੀ। ਬਹੁਤ ਕੁੱਝ ਬਦਲ ਗਿਆ ਸਮੇਂ ਨਾਲ। ਨਾਨਾ ਜੀ ਹੁਣ ਸਾਡੇ ਨਾਲ਼ ਨਹੀਂ, ਬਾਬਾ ਜੀ ਕੋਲ ਨੇ। ਬੱਚੇ ਹੁਣ ਸਭ ਵੱਡੇ ਹੋ ਗਏ, ਆਪਈਆਂ ਚ ਰੁੱਝੇ ਹੋਏ। ਘਰ ਚ ਬਹੁਤ ਕੁੱਝ ਨਵਾਂ ਬਣ ਗਿਆ, ਪਰ ਨਾਨੀ ਜੀ ਦੇ ਹੋਣ ਨਾਲ਼ ਨਾਨਕਾ ਘਰ ਹੁਣ ਵੀ ਖ਼ੁਸ਼ਨਸੀਬ ਹੈ।



# ਜਦੋਂ ਰੁਲ਼ ਗਿਆ ਬਰਕਤ ਵਾਲਾ ਏਕਾ....

**ਸੁਪਿੰਦਰ ਸਿੰਘ ਰਾਣਾ**

ਸਾਝਰੇ ਹੀ ਭਣੋਈਏ ਦਾ ਫੋਨ ਆ ਗਿਆ ਸੀ। ਰਾਜ਼ੀ-ਖੁਸ਼ੀ ਪੁੱਛਣ ਮਗਰੋਂ ਜਦੋਂ ਪੁੱਛਿਆ ਕਿ ਅੱਜ ਸੁਵਖਤੇ ਹੀ ਕਿਵੇਂ ? ਆਖਣ ਲੱਗਿਆ: ਐਤਵਾਰੀਂ ਸਾਡੇ ਵੱਲ ਆ ਜਾਓ; ਜ਼ਮੀਨ ਜਾਇਦਾਦ ਦੀ ਵੰਡ ਕਰਨੀ ਹੈ। ਬਾਕੀ ਭਰਾਵਾਂ ਦੇ ਵੀ ਸਾਰੇ ਰਿਸ਼ਤੇਦਾਰਾਂ ਨੇ ਆਉਣਾ ਹੈ। ਮੇਰੇ ਮੂੰਹੋਂ ਪੈਂਦੀ ਸੱਟੇ ਨਾਂਹ ਨਿਕਲ ਗਈ: ਤੁਹਾਡੀ ਭਰਾਵਾਂ ਦੀ ਵੰਡ ਵਿੱਚ ਭਾਈ ਅਸੀਂ ਕੀ ਲੈਣਾ, ਤੇ ਨਾ ਹੀ ਮੈਂ ਤੁਹਾਡਾ ਨਿੱਕ-ਸੁੱਕ ਵੰਡ ਹੁੰਦਾ ਦੇਖ ਸਕਦਾ ਹਾਂ। ਹੋਰ ਕੱਢ ਲਓ ਸਮਾਂ ਜੇ ਲੰਘਦਾ ਤਾਂ। ਇਕੱਠਿਆਂ ਵਰਗੀ ਮੌਜ ਨਹੀਂ। ਉਹ ਕਹਿਣ ਲੱਗਿਆ, ਹੁਣ ਹੱਦ ਹੋ ਗਈ ਹੈ, ਹੁਣ ਤਾਂ ਇੱਕ ਪਾਸੇ ਹੋ ਲੈਣ ਦਿਓ। ਦੋ-ਚਾਰ ਗੱਲਾਂ ਹੋਰ ਕਰਕੇ ਉਸ ਨੇ ਫੋਨ ਬੰਦ ਕਰ ਦਿੱਤਾ।



ਘਰੇ ਚਾਹ ਪੀਣ ਮਗਰੋਂ ਮੈਨੂੰ ਬੈਠੇ ਬੈਠੇ ਨੂੰ ਆਪਣੇ ਨਾਨਕੇ ਪਿੰਡ ਭੂਰੜੇ ਦੀ ਬਟਵਾਰੇ ਵਾਲੀ ਘਟਨਾ ਯਾਦ ਆ ਗਈ। ਜਦੋਂ ਅਸੀਂ ਪਿੰਡ ਪਲਸੌਰੇ ਰਹਿੰਦੇ ਸਾਂ, ਮਾਂ ਇੱਕ-ਦੋ ਹਫਤੇ ਮਗਰੋਂ ਬੱਸ ਚੜ੍ਹ ਕੇ ਆਪਣੇ ਪੇਕੀਂ ਚਲੇ ਜਾਂਦੀ ਸੀ। ਅਸੀਂ ਵੀ ਛੁੱਟੀਆਂ ਵਿੱਚ ਨਾਨਕੇ ਚਲੇ ਜਾਂਦੇ ਸਨ। ਨਾਨਕੇ ਘਰ ਖੁੱਲ੍ਹਾ ਵਿਹੜਾ ਸੀ। ਕੋਈ ਝਿੜਕਦਾ ਵੀ ਨਹੀਂ ਸੀ, ਸਭ ਹੱਥਾਂ 'ਤੇ ਚੁੱਕਦੇ ਸੀ। ਅਸੀਂ ਤਿੰਨੇ ਭੈਣ ਭਰਾ, ਵੱਡੇ ਮਾਮੇ ਦੇ ਚਾਰ ਤੇ ਛੋਟੇ ਦੇ ਵੀ ਚਾਰ ਨਿਆਣੇ ਸਨ। ਆਪਸ ਵਿੱਚ ਖੇਡਦਿਆਂ ਨੂੰ ਛੁੱਟੀਆਂ ਲੰਘਦੀਆਂ ਦਾ ਪਤਾ ਹੀ ਨਹੀਂ ਸੀ ਲਗਦਾ। ਵੱਡਾ ਵਿਹੜਾ ਵੀ ਉਸ ਵਕਤ ਛੋਟਾ ਜਾਪਦਾ ਸੀ। ਹੋਰ ਨੇੜਲੇ ਘਰਾਂ ਦੇ ਨਿਆਣੇ ਵੀ ਸਾਡੀ ਨਿੰਮ ਥੱਲੇ ਖੇਡਣ ਆ ਜਾਂਦੇ। ਉਹ ਸਾਡੀ ਗਿਣਤੀ ਅਤੇ ਏਕੇ ਕਰਕੇ ਸਾਥੋਂ ਭੈਅ ਖਾਂਦੇ। ਜਦੋਂ ਕਿਸੇ ਰਿਸ਼ਤੇਦਾਰ ਨੇ ਅੰਬ ਲੈ ਕੇ ਆਉਣਾ ਤਾਂ ਅੰਬ ਦੀ ਗੁੱਠਲੀ ਲਈ ਵੀ ਖੂਬ ਲੜਾਈ ਹੁੰਦੀ। ਦਰਜਨ ਕੇਲਿਆਂ ਦਾ ਤਾਂ ਪਤਾ ਵੀ ਨਾ ਲਗਦਾ, ਕਿੱਥੇ ਗਏ। ਕਿਸੇ ਨੂੰ ਮਿਲ ਗਿਆ ਤੇ ਕੋਈ ਰਹਿ ਗਿਆ। ਜਿਹਨੂੰ ਨਾ ਮਿਲਣਾ, ਨਾਨੀ ਤੇ ਮਾਮੀ ਨੇ ਉਹਨੂੰ ਹੋਰ ਕੋਈ ਚੀਜ਼ ਦੇ ਕੇ ਮਨਾ ਲੈਣਾ; ਜਾਂ ਫਿਰ ਤਵੇ ਉੱਤੇ ਆਟੇ ਦੀ ਚਿੜੀ ਬਣਾ ਦੇਣੀ। ਨਾਨੀ ਨੇ ਵਾਰੀਆਂ ਪਾ ਕੇ ਸਾਨੂੰ ਸਵੇਰੇ ਹੀ ਕੰਮ ਵੰਡ ਦੇਣੇ। ਕਿਸੇ ਦੀ ਖੇਤ ਜਾਣ ਦੀ ਵਾਰੀ ਲੱਗ ਜਾਣੀ ਤੇ ਕਿਸੇ ਨੇ ਡੰਗਰ ਚਾਰਨ ਲਈ ਤੁਰ ਪੈਣਾ। ਵਿਹਲੇ ਹੋਣਾ ਤਾਂ ਮਾਮੀਆਂ ਅਤੇ ਮਾਸੀਆਂ ਨਾਲ ਘਰ ਦਰੀਆਂ ਬੁਣਨ ਲੱਗ ਜਾਣਾ ਤੇ ਕਦੇ ਚਰਖੇ 'ਤੇ ਪੂਣੀਆਂ ਕੱਤਣ ਦੀ ਕੋਸ਼ਿਸ਼ ਕਰਨੀ। ਸ਼ਾਮ ਨੂੰ ਫਿਰ ਮਾਮੀ ਨੇ ਚਾਹ ਨਾਲ ਮੱਕੀ ਦੀ ਰੋਟੀ 'ਤੇ ਮੱਖਣ ਰੱਖ ਦੇਣਾ।

ਫਿਰ ਇੱਕ ਦਿਨ ਅਜਿਹਾ ਆਇਆ ਕਿ ਜਦੋਂ ਦੋਹਾਂ ਮਾਮਿਆਂ ਨੇ ਜ਼ਮੀਨ ਜਾਇਦਾਦ ਵੰਡ ਲਈ। ਘਰ ਦੇ ਖੁੱਲ੍ਹੇ ਵਿਹੜੇ ਵਿੱਚ ਕੰਧ ਕੱਢ ਲਈ। ਕੰਧ ਵੀ ਟੈਲੀਵਿਜ਼ਨ ਵਿੱਚ ਆਉਂਦੀ ਮਸ਼ਹੂਰੀ ਵਾਂਗ ਅੰਬੂਜਾ ਸੀਮਿੰਟ ਦੀ ਬਣ ਗਈ ਜੋ ਅੱਜ ਤੱਕ ਟੁੱਟੀ ਹੀ ਨਾ। ਚੀਜ਼ਾਂ-ਵਸਤਾਂ ਦੇ ਨਾਲ ਹੀ ਨਾਨਾ ਨਾਨੀ ਵੀ ਵੰਡੇ ਗਏ। ਨਾਨੀ ਵੱਡੇ ਮਾਮੇ ਦੇ ਹਿੱਸੇ ਆ ਗਈ ਤੇ ਨਾਨਾ ਛੋਟੇ ਮਾਮੇ ਦੇ। ਮਾਂ ਦਾ ਉਸ ਦਿਨ ਤੋਂ ਹੀ ਪੇਕੇ ਘਰ ਜਾਣਾ ਘਟ ਗਿਆ। ਪਹਿਲਾਂ ਜਿੱਥੇ ਮਾਂ ਆਪਣੇ ਭਰਾਵਾਂ ਤੇ ਮਾਪਿਆਂ ਦੀਆਂ ਸਿਫ਼ਤਾਂ ਕਰਦੀ ਨਹੀਂ ਸੀ ਥੱਕਦੀ, ਹੁਣ ਉਸ ਘਰ ਦਾ ਨਾਂ ਵੀ ਨਾ ਲੈਂਦੀ। ਉਹਨੇ ਦੋਹਾਂ ਮਾਮਿਆਂ ਨੂੰ ਬਥੇਰਾ ਵਾਸਤਾ ਪਾਇਆ- ਵੀਰ ਘਰ-ਬਾਰ ਨਾ ਵੰਡੋ, ਸਗੋਂ ਮਿਲ ਕੇ ਰਹੋ। ਚਲੋ ਹੋਰ ਨਹੀਂ ਤਾਂ ਜਦੋਂ ਤੱਕ ਬਾਈ ਜਿਊਂਦਾ, ਉਦੋਂ ਤੱਕ ਤਾਂ ਇਕੱਠੇ ਮਿਲ ਕੇ ਰਹੋ। ਸ਼ਰੀਕਾ ਭਾਈਚਾਰਾ ਕੀ ਆਖੇਗਾ। ਦੋਹਾਂ ਵਿੱਚੋਂ ਕੋਈ ਵੀ ਨਾ ਮੰਨਿਆ। ਹੁਣ ਅਸੀਂ ਵੀ ਨਾਨਕੇ ਘਰ ਜਾਣਾ ਘੱਟ ਕਰ ਦਿੱਤਾ। ਵਿਆਹਾਂ ਜਾਂ ਹੋਰ ਸਮਾਗਮਾਂ ਵਿੱਚ ਰੌਣਕਾਂ ਤਾਂ ਲਗਦੀਆਂ, ਪਰ ਪਹਿਲਾਂ ਵਰਗਾ ਮੇਲ ਮਿਲਾਪ ਨਾ ਰਿਹਾ। ਜੇ ਕਦੇ ਛੋਟੇ ਮਾਮੇ ਵੱਲ ਦੋ ਦਿਨ ਵੱਧ ਸੌਂ ਜਾਣਾ ਤਾਂ ਵੱਡੀ ਮਾਮੀ ਨੇ ਨਾਰਾਜ਼ ਹੋ ਜਾਣਾ। ਨਾਨਾ ਨਾਨੀ ਵੀ ਵਿਛੋੜਾ ਦੇ ਗਏ ਤੇ ਛੋਟੇ ਮਾਮੇ ਸਣੇ ਸਾਡੇ ਮਾਪੇ ਵੀ ਸਾਨੂੰ ਛੱਡ ਕੇ ਚਲੇ ਗਏ। ਪਰ ਅਜੇ ਵੀ ਜਦੋਂ ਨਾਨਕੇ ਘਰ ਜਾਈਦਾ, ਉਹ ਵੰਡ ਵਾਲੀ ਕੰਧ ਦੇਖ ਕੇ ਮਨ ਉਦਾਸ ਹੋ ਜਾਂਦਾ ਹੈ। ਦੋਵਾਂ ਪਰਿਵਾਰਾਂ ਵਿੱਚ ਤਰੇੜਾਂ ਇੰਨੀਆਂ ਵਧ ਗਈਆਂ ਕਿ ਹੁਣ ਮਿਲਣ ਦੀ ਗੱਲ ਛੱਡੋ, ਕੋਈ ਇੱਕ-ਦੂਜੇ ਦੀ ਤਾਰੀਫ਼ ਸੁਣ ਕੇ ਵੀ ਰਾਜ਼ੀ ਨਹੀਂ ਸੀ।

ਨਿਆਣੀ ਉਮਰੇ ਪੜ੍ਹੀ ਕਿਸਾਨ ਵਾਲੀ ਕਹਾਣੀ ਕਈ ਵਾਰ ਯਾਦ ਆਉਂਦੀ ਹੈ: ਕਿਸਾਨ ਨੇ ਆਪਣੇ ਚਾਰ ਪੁੱਤਰਾਂ ਨੂੰ ਲੱਕੜੀਆਂ ਰਾਹੀਂ ਏਕੇ ਦੀ ਬਰਕਤ ਬਾਰੇ ਸਮਝਾਇਆ ਸੀ। ਹੁਣ ਜਦੋਂ ਭਣੋਈਏ ਨੇ ਆ ਕੇ ਦੱਸਿਆ ਕਿ ਦੰਦ ਵੱਢੀ ਗਈ ਤੇ ਸਾਰਿਆਂ ਦਾ ਆਪੋ-ਆਪਣਾ ਚੁੱਲ੍ਹਾ ਹੋ ਗਿਆ, ਤੇ ਨਾ ਕਿਸੇ ਕੋਲੋਂ ਕੁਝ ਲੈਣਾ ਤੇ ਨਾ ਹੀ ਦੇਣਾ। ਮੈਂ ਸੋਚੀਂ ਪੈ ਗਿਆ ਕਿ ਹੁਣ ਸਾਡੇ ਵਾਂਗ ਇਨ੍ਹਾਂ ਦੇ ਭਾਣਜੇ-ਭਾਣਜੀਆਂ ਦਾ ਇਨ੍ਹਾਂ ਕੋਲ ਆਉਣਾ ਵੀ ਘਟ ਜਾਣਾ ਹੈ।

## ਕੈਪਟਨ ਨੂੰ ਉਡੀਕਦਿਆਂ ਮੁੱਕ ਗਈ ਚੈਰੀ ਪਾਲਿਸ਼

ਇੱਕ ਦਿਨ ਪੁੱਤਰ ਦੇ ਮੂੰਹੋਂ ਸਹਿਜ ਸੁਭਾਅ ਨਿਕਲੇ ਸ਼ਬਦ ਸੁਣਨ ਨੂੰ ਮਿਲੇ ਜਿਨ੍ਹਾਂ ਬਾਰੇ ਬੱਸ ਸੋਚਦਾ ਹੀ ਰਹਿ ਗਿਆ। ਪਹਿਲੀ ਕਲਾਸ ਵਿੱਚ ਪੜ੍ਹਦਾ ਪੁੱਤਰ ਉਸ ਦਿਨ ਸਕੂਲ ਜਾਣ ਲਈ ਤਿਆਰ ਹੋ ਰਿਹਾ ਸੀ। ਜਦੋਂ ਉਸ ਨੇ ਬੂਟ ਪਾਲਿਸ਼ ਕਰਨ ਲਈ ਚੈਰੀ ਬਲੌਂਜ਼ਮ ਪਾਲਿਸ਼ ਦੀ ਡੱਬੀ ਚੁੱਕੀ ਤਾਂ ਉਸ ਵਿੱਚ ਪਾਲਿਸ਼ ਖ਼ਤਮ ਸੀ। ਉਹ ਅਚਾਨਕ ਬੋਲ ਉਠਿਆ: ਕੈਪਟਨ ਅਮਰਿੰਦਰ ਸਿੰਘ ਆਏ ਵੀ ਨਹੀਂ, ਮੇਰੀ ਚੈਰੀ ਪਾਲਿਸ਼ ਵੀ ਮੁੱਕ ਗਈ।

ਇਸ ਗੱਲ ਦੀ ਪਹਿਲਾਂ ਤਾਂ ਕੋਈ ਸਮਝ ਨਾ ਲੱਗੀ, ਪਰ ਜਦੋਂ ਪੁੱਤਰ ਨੂੰ ਰਤਾ ਕੁ ਪਤਿਆ ਕੇ ਪੁੱਛਿਆ, ਤਾਂ ਉਸ ਦੱਸਿਆ: ਮੈਡਮ ਰੋਜ਼ ਕਹਿੰਦੇ, ਸਕੂਲ 'ਚ ਕੈਪਟਨ ਅਮਰਿੰਦਰ ਸਿੰਘ ਨੇ ਆਉਣਾ, ਇਸ ਲਈ ਸਾਰੇ ਬੱਚੇ ਚੰਗੀ ਤਰ੍ਹਾਂ ਤਿਆਰ ਹੋ ਕੇ, ਆਪਣੇ ਬੂਟ ਵਧੀਆ ਪਾਲਿਸ਼ ਕਰਕੇ ਆਉਣ। ਹੋ ਸਕਦਾ ਹੈ, ਅਧਿਆਪਕ ਨੇ ਬੱਚਿਆਂ ਨੂੰ ਵਧੀਆ ਤਿਆਰ ਹੋ ਕੇ ਆਉਣ ਲਈ ਪ੍ਰੇਰਨ ਹਿਤ ਇਹ ਢੰਗ ਅਪਣਾਇਆ ਹੋਵੇ, ਪਰ ਮੈਂ ਜੋ ਮਹਿਸੂਸ ਕੀਤਾ, ਉਹ ਇਹ ਕਿ ਬੱਚਿਆਂ ਵਿੱਚ ਕਿੰਨੀ ਉਤਸੁਕਤਾ ਹੁੰਦੀ ਹੈ, ਉਨ੍ਹਾਂ ਦੇ ਸਕੂਲ ਵਿੱਚ ਕਿਸੇ ਹਸਤੀ ਦੇ ਆਉਣ ਦੀ, ਉਸ ਨੂੰ ਦੇਖਣ ਦੀ ਅਤੇ ਉਸ ਨੂੰ ਮਿਲਣ ਦੀ। ਪੁੱਤਰ ਨਾਲ ਇਸ ਬਾਰੇ ਵਿਸਥਾਰ ਵਿੱਚ ਗੱਲ ਕੀਤੀ ਅਤੇ ਉਸ ਨੂੰ ਪੁੱਛਿਆ: ਤੈਨੂੰ ਪਤਾ, ਕੈਪਟਨ ਅਮਰਿੰਦਰ ਸਿੰਘ ਕੌਣ ਹੈ ? ਜਵਾਬ ਸੀ: ਪਤਾ ਨਹੀਂ।ਮੈਂ ਦੱਸਿਆ: ਕੈਪਟਨ ਅਮਰਿੰਦਰ ਸਿੰਘ ਪੰਜਾਬ ਦੇ ਮੁੱਖ ਮੰਤਰੀ ਹਨ। ਉਸ ਫਿਰ ਸਵਾਲ ਕੀਤਾ: ਪਹਿਲਾਂ ਤਾਂ ਤੁਸੀਂ ਕਹਿੰਦੇ ਸੀ, ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਹਨ।ਮੈਂ ਸਮਝਾਇਆ, ਕਿਸ ਤਰ੍ਹਾਂ ਵੋਟਾਂ ਪੈਂਦੀਆਂ ਨੇ, ਤੇ ਹੁਣ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਹਨ।

ਪੁੱਤਰ ਨਾਲ ਹੋਈ ਇਸ ਗੱਲਬਾਤ ਨੇ ਮੈਨੂੰ ਆਪਣੇ ਵਿਦਿਆਰਥੀ ਜੀਵਨ ਦੀ ਯਾਦ ਨਾਲ ਜੋੜ ਦਿੱਤਾ। ਸਾਨੂੰ ਪਤਾ ਲੱਗਾ ਕਿ ਸਾਡੇ ਸਕੂਲ ਦੇ ਸਾਲਾਨਾ ਸਮਾਗਮ ਵਿੱਚ ਸਰ ਐਡਮੰਡ ਹਿਲੇਰੀ ਨੇ ਆਉਣਾ ਹੈ। ਅਸੀਂ ਬਹੁਤ ਛੋਟੇ ਸੀ ਅਤੇ ਸਰ ਐਡਮੰਡ ਹਿਲੇਰੀ ਦੀ ਸ਼ਖ਼ਸੀਅਤ ਬਾਰੇ ਕੁਝ ਵੀ ਨਹੀਂ ਜਾਣਦੇ ਸੀ, ਪਰ ਬੱਚਿਆਂ ਵਿੱਚ ਉਨ੍ਹਾਂ ਬਾਰੇ ਜਾਣਨ ਲਈ ਉਤਸੁਕਤਾ ਸੀ, ਇਸ ਲਈ ਸਾਰੇ ਇੱਕ ਦੂਜੇ ਤੋਂ ਪੁੱਛਣ ਲੱਗੇ। ਹੌਲੀ ਹੌਲੀ ਪਤਾ ਲੱਗਿਆ ਕਿ ਉਹ ਪਹਾੜਾਂ 'ਤੇ ਚੜ੍ਹਨ ਵਾਲੇ (ਮਾਊਂਟੇਨੀਅਰ-ਪਰਬਤਾਰੋਹੀ) ਹਨ। ਉਹ ਪਹਿਲੇ ਸ਼ਖ਼ਸ ਸਨ, ਜਿਨ੍ਹਾਂ ਪਹਿਲੀ ਵਾਰ ਦੁਨੀਆਂ ਦਾ ਸਭ ਤੋਂ ਉੱਚਾ ਪਹਾੜ, ਮਾਊਂਟ ਐਵਰੈਸਟ (8,848 ਮੀਟਰ) ਸਰ ਕੀਤਾ ਸੀ। ਇਸ ਤੋਂ ਬਾਅਦ ਉਨ੍ਹਾਂ ਨੂੰ ਦੇਖਣ ਅਤੇ ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਮਾਊਂਟ ਐਵਰੈਸਟ ਸਰ ਕਰਨ ਵਿੱਚ ਕਿੰਨੀਆਂ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ,



ਪਰ ਜਦੋਂ ਉਨ੍ਹਾਂ ਇਹ ਮੁਕਾਮ ਹਾਸਲ ਕਰ ਲਿਆ ਤਾਂ ਉਨ੍ਹਾਂ ਦਾ ਨਾਮ ਦੁਨੀਆਂ ਭਰ ਵਿੱਚ ਮਕਬੂਲ ਹੋ ਗਿਆ।

ਇਹ ਸਾਡੇ ਲਈ ਬਹੁਤ ਪ੍ਰੇਰਨਾਦਾਇਕ ਸੀ ਕਿ ਕਦੇ ਵੀ ਨਾਕਾਮੀ ਤੋਂ ਨਾ ਡਰੋ ਅਤੇ ਜੋ ਲਗਾਤਾਰ ਮਿਹਨਤ ਕਰਦਾ ਰਹਿੰਦਾ ਹੈ, ਉਸ ਨੂੰ ਅਖੀਰ ਸਫਲਤਾ ਜ਼ਰੂਰ ਮਿਲਦੀ ਹੈ। ਸਕੂਲਾਂ ਵਿੱਚ ਸਮਾਗਮਾਂ ਦੌਰਾਨ ਸੱਦੇ ਜਾਣ ਵਾਲੇ ਮਹਿਮਾਨਾਂ ਬਾਰੇ ਅਕਸਰ ਬੱਚਿਆਂ ਵਿੱਚ ਉਨ੍ਹਾਂ ਨੂੰ ਜਾਣਨ ਦੀ ਕਿੰਨੀ ਜਗਿਆਸਾ ਹੁੰਦੀ ਹੈ। ਬੱਚਿਆਂ ਨੂੰ ਜਦੋਂ ਦੱਸਿਆ ਜਾਂਦਾ ਹੈ ਕਿ ਕੁਝ ਦਿਨਾਂ ਤਕ ਸਕੂਲ ਵਿੱਚ ਕਿਸੇ ਮਹਾਨ ਹਸਤੀ ਨੇ ਆਉਣਾ ਹੈ ਤਾਂ ਬੱਚੇ ਉਸ ਬਾਰੇ ਜਾਣਨ ਲਈ ਆਪਣੇ ਦੋਸਤਾਂ, ਮਾਪਿਆਂ ਅਤੇ ਕਿਤਾਬਾਂ ਤੋਂ ਜਾਣਨ ਦੀ ਕੋਸ਼ਿਸ਼ ਕਰਦੇ ਹਨ। ਹੁਣ ਤਾਂ ਇੰਟਰਨੈੱਟ ਦਾ ਜ਼ਮਾਨਾ ਹੈ, ਬੱਚੇ ਗੂਗਲ ਤੋਂ ਵੀ ਝੱਟ ਜਾਣਕਾਰੀ ਹਾਸਲ ਕਰਨ ਦੀ ਕੋਸ਼ਿਸ਼ ਕਰਦੇ ਹਨ ਅਤੇ ਬੱਚਿਆਂ ਦੀ ਇਹ ਜਗਿਆਸਾ ਅੱਜ ਕੱਲ੍ਹ ਖੰਭ ਲਾ ਕੇ ਅੰਬਰੀਂ ਉਡਾਣ ਭਰਦੀ ਜਾਪਦੀ ਹੈ। -ਗੁਰਮੀਤ ਸਿੰਘ ਖਹਿਰਾ

# ਰਾਮਦੇਵ ਦੀ ਆਰਥਿਕ ਆਜ਼ਾਦੀ ਦਾ ਚਿਹਰਾ-ਮੋਹਰਾ

**ਦਰਸ਼ਨ ਸਿੰਘ ਖਟਕੜ**

ਕੁਝ ਟੀਥਵੀਥ ਚੈਨਲਾਂ ਅਤੇ ਕੁਝ ਅਖ਼ਬਾਰਾਂ ਵਿੱਚ ਬਾਬਾ ਰਾਮਦੇਵ ਦੇ ਇਸ਼ਤਿਹਾਰ ਪ੍ਰਸਾਰਤ ਹੁੰਦੇ ਹਨ ਜਿਨ੍ਹਾਂ ਮੁਤਾਬਕ, ਮੁਲਕ ਦੀ 55 ਹਜ਼ਾਰ ਕਰੋੜ ਰੁਪਏ ਦੀ ਆਰਥਿਕਤਾ ਉਪਰ ਈਸਟ ਇੰਡੀਆ ਕੰਪਨੀ ਵਰਗੀਆਂ ਕੰਪਨੀਆਂ ਦਾ ਕਬਜ਼ਾ ਹੈ। ਸਾਨੂੰ ਇਨ੍ਹਾਂ ਦੀ ਆਰਥਿਕ ਲੁੱਟ-ਖਸੁੱਟ ਅਤੇ ਗ਼ੁਲਾਮੀ ਤੋਂ ਛੁਟਕਾਰਾ ਪਾਉਣ ਅਤੇ ਆਰਥਿਕ ਆਜ਼ਾਦੀ ਪ੍ਰਾਪਤ ਕਰਨ ਲਈ ਪ੍ਰਣ ਕਰਨਾ ਚਾਹੀਦਾ ਹੈ। ਇਸ ਇਸ਼ਤਿਹਾਰਬਾਜ਼ੀ ਤੋਂ ਇਹ ਸਵਾਲ ਉੱਠਣੇ ਲਾਜ਼ਮੀ ਹਨ: ਕੀ ਅਸੀਂ ਵਿਦੇਸ਼ੀ ਕੰਪਨੀਆਂ ਦੀਆਂ ਲੁੱਟ-ਖਸੁੱਟ ਤੋਂ ਪੀੜਤ ਹਾਂ ? ਕੀ ਸਾਡੀ ਆਰਥਿਕ ਆਜ਼ਾਦੀ, ਵਾਕਈ ਆਜ਼ਾਦੀ ਨਾ ਹੋ ਕੇ ਅਸਲ ਵਿੱਚ ਗ਼ੁਲਾਮੀ ਹੈ ? ਜੇ ਇਉਂ ਹੈ ਤਾਂ ਫਿਰ ਰਾਜਸੀ ਆਜ਼ਾਦੀ ਇੰਨੀ ਕਮਜ਼ੋਰ ਕਿਉਂ ਹੈ ਜਿਹੜੀ ਇਹ ਗੁਲਾਮੀ ਸਹਿ ਰਹੀ ਹੈ ? ਰਾਮਦੇਵ ਦਾ ਮਾਣ-ਸਨਮਾਨ ਦੇਖ ਕੇ ਇਸ ਤੱਥ ਨੂੰ ਸੱਚ ਹੀ ਮੰਨ ਲੈਣਾ ਚਾਹੀਦਾ ਹੈ ਅਤੇ ਇਸ ਦੇ ਅਰਥਾਂ 'ਤੇ ਵਿਚਾਰ ਕਰਨੀ ਚਾਹੀਦੀ ਹੈ। ਆਮ ਧਾਰਨਾ ਹੈ ਕਿ ਰਾਮਦੇਵ ਰਾਸ਼ਟਰੀ ਸਵੈਮਸੇਵਕ ਸੰਘ (ਆਰਐੱਸਐੱਸ) ਦੇ ਕਿਸੇ ਨਾ ਕਿਸੇ ਪੱਧਰ ਦੇ ਕਾਰਕੁਨ ਹਨ। ਉਨ੍ਹਾਂ ਦੇ ਕਈ ਬਿਆਨ ਇਸ ਸੱਚਾਈ ਦੀ ਪੁਸ਼ਟੀ ਵੀ ਕਰਦੇ ਹਨ। ਇਸ ਤੋਂ ਬਿਨਾਂ ਜਿਸ ਹੁਸ਼ਿਆਰੀ ਅਤੇ ਕਲਾਕਾਰੀ ਨਾਲ ਉਨ੍ਹਾਂ ਨੇ ਪਹਿਲਾਂ ਯੋਗ ਦਾ ਧਰਮ ਨਿਰਲੇਪ ਅਕਸ ਉਭਾਰਿਆ, ਤੇ ਫਿਰ ਇਸ ਨੂੰ ਸਨਾਤਨੀ ਹਿੰਦੂ ਧਰਮ ਨਾਲ ਜਾ ਨੱਥੀ ਕੀਤਾ, ਉਹ ਵੀ ਇਸ ਸਿੱਟੇ ਦੀ ਪੁਸ਼ਟੀ ਕਰਦਾ ਹੈ।

ਆਰਐੱਸਐੱਸ ਸਾਰੇ ਸੰਘ ਪਰਿਵਾਰ ਦੀ ਮਾਰਗ ਦਰਸ਼ਕ ਅਤੇ ਵਿਚਾਰਧਾਰਕ ਇਕਾਈ ਹੈ। ਭਾਜਪਾ ਇਸ ਦਾ ਸਿਆਸੀ ਵਿੰਗ ਹੈ। ਜਦੋਂ ਵੀ ਭਾਜਪਾ ਕੇਂਦਰ ਦੀ ਸੱਤਾ 'ਤੇ ਕਾਬਜ਼ ਹੋਈ ਹੈ, ਇਸ ਨੇ ਸਾਮਰਾਜੀ ਦੇਸ਼ਾਂ ਵੱਲੋਂ ਠੋਸੀਆਂ ਅਤੇ ਉਨ੍ਹਾਂ ਦੀਆਂ ਹਿੱਤਕਾਰੀ ਸੰਸਾਰੀਕਰਨ, ਉਦਾਰੀਕਰਨ ਤੇ ਨਿੱਜੀਕਰਨ ਦੀਆਂ ਨੀਤੀਆਂ ਨੂੰ ਕਾਂਗਰਸ ਨਾਲੋਂ ਵੀ ਦੋ ਕਦਮ ਅੱਗੇ ਜਾ ਕੇ ਲਾਗੂ ਕੀਤਾ ਹੈ। ਇਨ੍ਹਾਂ ਨੀਤੀਆਂ ਨੂੰ ਆਰਐੱਸਐੱਸ ਦੀ ਪ੍ਰਵਾਨਗੀ ਅਤੇ ਪੁਸ਼ਟੀ ਤੋਂ ਬਿਨਾਂ ਨਹੀਂ ਲਾਗੂ ਕੀਤਾ ਜਾ ਰਿਹਾ। ਵਿਦੇਸ਼ੀ ਸਰਮਾਇਆ ਆਰਥਿਕ ਖੇਤਰ 'ਚ ਲੁੱਟ-ਖਸੁੱਟ ਕਰ ਰਿਹਾ, ਭ੍ਰਿਸ਼ਟਾਚਾਰ ਵਧਾ ਰਿਹਾ, ਬੇਕਾਰੀ, ਮੰਦਹਾਲੀ ਤੇ ਗੁਰਬਤ ਵਧਾ ਰਿਹਾ ਹੈ। ਰਾਮਦੇਵ ਦੇ ਸ਼ਬਦਾਂ ਵਿੱਚ ਇਹ ਲੁੱਟ-ਖਸੁੱਟ ਅਤੇ ਗੁਲਾਮੀ ਹੈ। ਜੇ ਇਉਂ ਹੈ ਤਾਂ ਉਹ ਭਾਜਪਾ ਦੀ ਸਰਕਾਰ ਤੋਂ ਇਸ ਲੁੱਟ ਅਤੇ ਗੁਲਾਮੀ ਦਾ ਅੰਤ ਕਰਨ ਦੀ ਮੰਗ ਕਿਉਂ ਨਹੀਂ ਕਰਦੇ ? ਜਦ ਇਹ ਮੰਗ ਨਹੀਂ ਕਰਦੇ ਤਾਂ ਇਸ 'ਲੁੱਟ ਅਤੇ ਗੁਲਾਮੀ ਤੋਂ ਛੁਟਕਾਰਾ ਪਾਉਣ ਦੇ ਪ੍ਰਣ ਦਾ ਕੀ ਅਰਥ ਰਹਿ ਜਾਂਦਾ ਹੈ ?



ਇਨ੍ਹਾਂ ਸਵਾਲਾਂ ਦੇ ਜਵਾਬ ਦੇਣ ਤੋਂ ਪਹਿਲਾਂ ਇਕ ਹੋਰ ਤੱਥ ਵਿਚਾਰਨਾ ਜ਼ਰੂਰੀ ਹੈ। ਸੰਘ ਪਰਿਵਾਰ ਦਾ ਹੀ ਇੱਕ ਹੋਰ ਅੰਗ ਹੈ ਸਵਦੇਸ਼ੀ ਜਾਗਰਣ ਮੰਚ। ਇਹ ਮੰਚ ਸਵਦੇਸ਼ੀ ਦਾ ਨਾਅਰਾ ਉਭਾਰਦਾ ਹੈ ਅਤੇ ਵਿਦੇਸ਼ੀ ਸਰਮਾਏ ਤੇ ਵਿਦੇਸ਼ੀ ਮਾਲ ਖਿਲਾਫ ਵੀ ਆਵਾਜ਼ ਉਠਾਉਂਦਾ ਹੈ; ਕਦੇ ਕਦੇ ਕਰੜੇ ਸ਼ਬਦਾਂ ਵਿੱਚ ਵੀ ਇਉਂ ਕਰਦਾ ਹੈ। ਕਾਰਨ ਇਹ ਹੈ ਕਿ ਇਹ ਮੰਚ ਛੋਟੇ ਵਪਾਰੀਆਂ, ਕਾਰੋਬਾਰੀਆਂ ਦੀ ਆਵਾਜ਼ ਬਣਦਾ ਹੈ। ਇਹ ਨੀਤੀ ਉਸ ਨੀਤੀ ਦੀ ਹੀ ਲਗਾਤਾਰਤਾ ਹੈ ਜਿਹੜੀ ਜਨ ਸੰਘ ਦੇ ਦਿਨਾਂ ਤੋਂ ਚਲੀ ਆਉਂਦੀ ਹੈ। ਉਦੋਂ ਜਨ ਸੰਘ ਦਾ ਮੁੱਖ ਆਰਥਿਕ ਤੇ ਸਮਾਜੀ ਆਧਾਰ ਛੋਟੇ ਵਪਾਰੀਆਂ ਤੇ ਕਾਰੋਬਾਰੀਆਂ ਵਿੱਚ ਸੀ। ਇਹ ਉਨ੍ਹਾਂ ਦੇ ਹਿੱਤਾਂ ਦੀ ਪੈਰਵੀ ਕਰਦਾ ਹੁੰਦਾ ਸੀ ਅਤੇ ਅੱਜ ਇਹੀ ਕਾਰਜ ਸਵਦੇਸ਼ੀ ਜਾਗਰਣ ਮੰਚ ਕਰਦਾ ਹੈ; ਪਰ ਇਹ ਵੱਡੇ ਕਾਰਪੋਰੇਟਾਂ, ਦੇਸੀ ਤੇ ਵਿਦੇਸ਼ੀ, ਖਿਲਾਫ ਕਿਸੇ ਸੰਘਰਸ਼ ਵਿੱਚ ਨਹੀਂ ਪੈਂਦਾ, ਕਿਉਂਕਿ ਇੰਦਾਂ ਕਰਕੇ ਇਹ ਆਪਣੀ ਭਾਜਪਾ ਸਰਕਾਰ ਦੇ ਕੰਮਾਂ ਵਿੱਚ ਵਿਘਨ ਪਾ ਰਿਹਾ ਹੋਵੇਗਾ ਅਤੇ ਭਾਜਪਾ ਸਰਕਾਰ ਦੀਆਂ ਆਰਥਿਕ ਨੀਤੀਆਂ ਦਾ ਵਿਰੋਧ ਕਰਕੇ ਸਰਕਾਰ ਦੀ ਬਦਨਾਮੀ ਕਰਵਾ ਰਿਹਾ ਹੋਵੇਗਾ। ਇਸ ਕਰਕੇ ਇਹ ਸਿਰਫ਼ ਸਵਦੇਸ਼ੀ ਭਾਵਨਾਵਾਂ ਟੁੰਬਦਾ ਹੈ, ਉਕਸਾਂਦਾ ਹੈ ਅਤੇ ਇਨ੍ਹਾਂ ਨੂੰ ਨਰਮ ਤੇ ਕਾਗਜ਼ੀ ਵਿਰੋਧ ਰਾਹੀਂ ਖ਼ਾਰਿਜ ਕਰਵਾ ਕੇ, ਇਸ ਤਬਕੇ ਨੂੰ ਆਪਣੇ ਨਾਲ ਜੋੜੀ ਰੱਖਦਾ ਹੈ। ਇਹ ਵਿਰੋਧ-ਪ੍ਰਬੰਧਨ ਦੀ ਦਾਅਪੇਚਕ ਖੇਡ ਹੀ ਹੈ। ਇਸ ਕਰਕੇ ਇਸ ਮੰਚ ਦਾ ਸਵਦੇਸ਼ੀ, ਦੇਸ਼ ਭਗਤੀ ਅਤੇ ਕੌਮਵਾਦ ਸਿਰਫ਼ ਖੋਖਲਾ ਅਤੇ ਗੁੰਮਰਾਹ-ਕਰੂ ਨਾਅਰਾ ਹੈ।

ਰਾਮਦੇਵ ਦਾ ਪ੍ਰਚਾਰ ਵੀ ਦਬਾਅ-ਪਾਊ ਦਾਅਪੇਚ ਹੈ। ਉਹ ਕੁੱਲ ਸੰਘ ਪਰਿਵਾਰ ਦੇ ਅੰਗ ਵਜੋਂ ਵਿਦੇਸ਼ੀ ਕਾਰਪੋਰੇਟਾਂ ਦੀ ਆਰਥਿਕ 'ਲੁੱਟ ਤੇ ਗੁਲਾਮੀਂ ਨੂੰ ਉਛਾਲਦਾ ਹੈ ਤਾਂ ਕਿ ਉਸ ਦੀ ਭਾਜਪਾ ਸਰਕਾਰ ਵਿਦੇਸ਼ੀ ਕਾਰਪੋਰੇਟਾਂ ਨੂੰ ਇਹ ਦਬਾਅ ਦਿਖਾ ਕੇ, ਉਨ੍ਹਾਂ ਤੋਂ ਕੁੱਝ ਰਿਆਇਤਾਂ ਹਾਸਲ ਕਰ ਸਕੇ ਅਤੇ ਦੇਸੀ ਕਾਰਪੋਰੇਟਾਂ ਨੂੰ ਇਹ ਰਿਆਇਤਾਂ ਦਿਵਾ ਸਕੇ। 1925 ਤੋਂ ਬਾਅਦ ਭਾਰਤ ਦੇ ਕਾਰੋਬਾਰੀਆਂ ਅਤੇ ਵੱਡੇ ਸਨਅਤੀ ਘਰਾਣਿਆਂ ਦੀ ਨੀਤੀ ਅਤੇ ਹੋਣੀ ਵੀ ਇਹੀ ਰਹੀ ਹੈ। ਉਹ ਆਪਣੀ ਸਿਆਸੀ ਧਿਰ, ਕਾਂਗਰਸ ਰਾਹੀਂ ਵੀ, ਤੇ ਆਪ ਵੀ, ਬਰਤਾਨਵੀ ਸਰਕਾਰ ਨੂੰ ਲੋਕਾਂ ਦੇ ਗੁੱਸੇ ਦਾ ਡਰ ਦਿਖਾ ਕੇ, ਕੁੱਝ ਰੋਸ ਦਰਜ ਕਰਵਾ ਕੇ, ਆਖ਼ਿਰ ਸਮਝੌਤਾ ਕਰ ਲੈਂਦੇ ਸਨ। ਬਰਤਾਨਵੀ ਸਾਮਰਾਜੀ ਹਾਕਮ ਆਪਣੇ ਸਾਰੇ ਹਿੱਤਾਂ ਤੇ ਲੋੜਾਂ ਨੂੰ ਮਿਣ-ਗੱਠ ਕੇ ਅਜਿਹੀਆਂ ਰਿਆਇਤਾਂ ਦੇ ਦਿਆ ਕਰਦੇ ਸਨ। ਰਿਆਇਤਾਂ ਦੇ ਗੱਫਿਆਂ ਦਾ ਸੰਬੰਧ ਦੇਸ਼ ਦੇ ਅੰਦਰੂਨੀ ਅਤੇ ਕੌਮਾਂਤਰੀ ਹਾਲਾਤ ਨਾਲ ਵੀ ਰਿਹਾ ਹੈ। ਭਾਰਤ ਦਾ ਆਰਥਿਕ ਇਤਿਹਾਸ ਵਾਚਣ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਭਾਰਤ ਦੇ ਸਨਅਤਕਾਰਾਂ ਨੂੰ ਨਵੇਂ ਕਾਰੋਬਾਰ ਦੀ ਆਗਿਆ ਪਹਿਲੀ ਅਤੇ ਦੂਸਰੀ ਸੰਸਾਰ ਜੰਗ ਦੌਰਾਨ ਖਾਸ ਤੌਰ 'ਤੇ ਮਿਲੀ ਸੀ। ਲੁੱਕ ਦੇ ਡਰੰਮ ਬਣਾਉਣ, ਰੇਲ ਦੀਆਂ ਪਟੜੀਆਂ ਦੇ ਸਲੀਪਰ (ਲੱਕੜੀ ਦੇ ਫੱਟੇ) ਬਣਾਉਣ, ਸਰੀਆ, ਪੱਤੀ ਆਦਿ ਬਣਾਉਣ ਦੇ ਲਾਇਸੈਂਸ ਇਨ੍ਹਾਂ ਜੰਗਾਂ ਦੌਰਾਨ ਹੀ ਮਿਲੇ ਸਨ। ਕਾਰਨ ਸਪਸ਼ਟ ਸੀ। ਜੰਗ ਕਾਰਨ ਸਾਮਰਾਜੀ ਸਰਮਾਏਦਾਰ ਆਪਣਾ ਸਰਮਾਇਆ ਹਥਿਆਰਸਾਜ਼ ਸਨਅਤ, ਦਵਾਈ ਸਨਅਤ, ਬਾਰੂਦ ਸਨਅਤ ਵਿੱਚ ਲਾਉਣ ਲਈ ਮਜਬੂਰ ਸਨ, ਇਸ ਕਰ ਕੇ ਸਾਧਾਰਨ ਅਤੇ ਗ਼ੈਰ-ਜੰਗੀ ਸਾਜ਼ੋ-ਸਮਾਨ ਵਿੱਚ ਇਹ ਸਰਮਾਇਆ ਨਹੀਂ ਸੀ ਫਸਾਉਣਾ ਚਾਹੁੰਦੇ। ਇਹ ਸਨਅਤਾਂ ਵਧੇਰੇ ਜਾਂ ਉੱਕਾ ਹੀ ਉਨ੍ਹਾਂ ਸਾਮਰਾਜੀ ਦੇਸ਼ਾਂ ਦੇ ਅੰਦਰ ਹੀ ਹੁੰਦੀਆਂ ਸਨ, ਕਿਉਂਕਿ ਉੱਥੇ ਸੁਰੱਖਿਅਤ ਸਨ। ਸੜਕੀ ਤੇ ਰੇਲ ਆਵਾਜਾਈ ਲਈ ਲੋੜੀਂਦੇ ਸਾਜ਼ੋ-ਸਮਾਨ ਦੀ ਜ਼ਰੂਰਤ ਸੀ। ਤੇ ਉਸ ਨੂੰ ਬਣਾਉਣ ਦੀ ਆਗਿਆ ਦੇਸੀ ਸਮਝੌਤੇਬਾਜ਼ ਸਨਅਤਕਾਰਾਂ ਨੂੰ ਦੇ ਦਿੱਤੀ ਜਾਂਦੀ ਸੀ।

ਅੱਜ ਤੱਕ ਵੀ ਸਾਮਰਾਜ ਦੀ ਇਹ ਨੀਤੀ ਕਾਇਮ ਹੈ। ਉਹ ਆਪਣਾ ਸਰਮਾਇਆ ਅਤਿਆਧੁਨਿਕ ਤਕਨੀਕ 'ਤੇ ਆਧਾਰਿਤ ਸਨਅਤਾਂ ਵਿੱਚ ਲਾਉਂਦੇ ਹਨ ਅਤੇ ਬਚਦਾ ਸਨਅਤੀ ਖੇਤਰ ਜਾਂ ਇਸ ਦੀ ਕੋਈ ਸ਼ਾਖਾ ਦੇਸੀ ਕਾਰਪੋਰੇਟਾਂ ਲਈ ਛੱਡ ਦਿੰਦੇ ਹਨ। ਦੇਸੀ ਕਾਰਪੋਰੇਟ ਇਹ ਰਿਆਇਤਾਂ ਲੈ ਕੇ ਫੁੱਲੇ ਨਹੀਂ ਸਮਾਉਂਦੇ ਅਤੇ ਥਾਪੀਆਂ ਮਾਰ ਕੇ ਆਪਣੀ ਵਡੱਤਣ ਅਤੇ ਸ਼ਕਤੀ ਦਾ ਐਲਾਨ ਕਰਦੇ ਰਹਿੰਦੇ ਹਨ; ਬਹੁਤ ਵੱਡੀ ਆਰਥਿਕ ਸ਼ਕਤੀ ਬਣ ਜਾਣ ਦੇ ਦਮਗਜੇ ਮਾਰਨ ਲੱਗਦੇ ਹਨ। ਸਾਮਰਾਜੀ ਸਰਮਾਏ ਤੇ ਤਕਨੀਕ ਉੱਪਰ ਇਨ੍ਹਾਂ ਦੀ ਨਿਰਭਰਤਾ ਪੱਕੀ, ਸਥਾਈ ਅਤੇ ਅਬਦਲ ਰਹਿੰਦੀ ਹੈ। ਇਸ ਤਰ੍ਹਾਂ ਅਨਿਰਭਰਤਾ ਜਾਂ ਸਵੈ-ਨਿਰਭਰਤਾ ਛਲਾਵਾ, ਰੂਪਕ ਅਤੇ ਰਸਮੀ ਬਣੀ ਰਹਿੰਦੀ ਹੈ, ਪਰ ਨਿਰਭਰਤਾ ਸਥਾਈ ਅਤੇ ਹਕੀਕੀ ਬਣੀ ਪਈ ਹੈ। ਇਸ ਕਰਕੇ ਹੀ ਭਾਰਤ ਦੇ ਕਾਰਪੋਰੇਟਾਂ ਨੂੰ ਦਲਾਲ ਦਾ ਨਾਮ ਦਿੱਤਾ ਜਾਂਦਾ ਹੈ।

ਰਾਜਸੀ ਅਰਥ-ਸ਼ਾਸਤਰ ਦੇ ਮਾਹਿਰ ਜਾਣਦੇ ਹਨ ਕਿ ਆਰਥਿਕ ਖੇਤਰ ਅਜਿਹੀ ਨੀਂਹ ਹੁੰਦਾ ਹੈ ਜਿਸ ਉੱਪਰ ਸਿਆਸੀ, ਕਾਨੂੰਨੀ, ਸੰਵਿਧਾਨਕ, ਅਦਾਲਤੀ, ਸਭਿਆਚਾਰਕ ਢਾਂਚੇ ਦੇ ਕੰਧਾਂ, ਦਰਵਾਜ਼ੇ, ਤਾਕੀਆਂ ਆਦਿ ਖੜ੍ਹੇ ਹੁੰਦੇ ਹਨ। ਆਰਥਿਕ ਗੁਲਾਮੀ, ਸਿਆਸੀ ਗੁਲਾਮੀ ਤੋਂ ਬਿਨਾਂ ਨਹੀਂ ਟਿਕ ਸਕਦੀ ਅਤੇ ਸਿਆਸੀ ਗੁਲਾਮੀ (ਸਿੱਧੀ ਜਾਂ ਅਸਿੱਧੀ) ਆਰਥਿਕ ਗੁਲਾਮੀ (ਸਿੱਧੀ ਜਾਂ ਅਸਿੱਧੀ) ਤੋਂ ਬਿਨਾਂ ਹੋਂਦ ਵਿੱਚ ਨਹੀਂ ਆਉਂਦੀ। ਸਿੱਧੀ ਜਾਂ ਅਸਿੱਧੀ ਸਿਆਸੀ ਗੁਲਾਮੀ ਜਾਂ ਅੱਧ ਗੁਲਾਮੀ ਜਾਂ ਸਥਾਈ ਨਿਰਭਰਤਾ ਬਾਰੇ ਚੁੱਪ ਰਹਿ ਕੇ ਬਾਬਾ ਰਾਮਦੇਵ ਦਾ ਆਰਥਿਕ ਕੌਮਵਾਦ ਤੇ ਆਰਥਿਕ ਦੇਸ਼ਭਗਤੀ ਭਰਮਾਊ ਤੇ ਖੋਖਲਾ ਨਾਅਰਾ ਹੀ ਰਹਿ ਜਾਂਦੇ ਹਨ। ਅੱਜ ਕੌਮਾਂਤਰੀ ਪ੍ਰਸੰਗ ਵਿੱਚ ਸਾਮਰਾਜ ਦੀ ਖੁੱਲ੍ਹੀ ਮੁਖ਼ਾਲਫ਼ਤ ਤੋਂ ਬਗੈਰ ਕੋਈ ਕੌਮਪ੍ਰਸਤੀ ਕਲਪੀ ਨਹੀਂ ਜਾ ਸਕਦੀ। ਇਹੀ ਕਾਰਨ ਹੈ ਕਿ ਨਵ-ਬਸਤੀਵਾਦ ਦੇ ਦੌਰ ਵਿੱਚ, ਸਾਰਾ ਆਰਥਿਕ ਤੇ ਰਾਜਸੀ-ਤੰਤਰ ਇਸ ਦੇ ਮੱਕੜ ਜਾਲ ਵਿੱਚ ਛਟਪਟਾਉਂਦਾ ਰਹਿੰਦਾ ਹੈ ਅਤੇ ਸਾਰੀਆਂ ਸਿਆਸੀ ਪਾਰਟੀਆਂ ਇੱਕੋ ਗਾਡੀ ਰਾਹ ਦੀਆਂ ਰਾਹੀ ਸਾਬਤ ਹੋ ਜਾਂਦੀਆਂ ਹਨ।

# ਗੁੰਮ ਹੋ ਗਏ ਪੇਂਡੂ ਖੋਜੀ

**ਪਰਮਜੀਤ ਭੁੱਲਰ**

ਡਿਜੀਟਲ ਜ਼ਮਾਨੇ ਵਿੱਚ ਖੋਜੀਆਂ ਦੀ ਪੈੜ ਵੀ ਗੁਆਚ ਗਈ ਹੈ। ਕਿਸੇ ਜ਼ਮਾਨੇ ਵਿੱਚ ਪੈੜ ਲੱਭਣ ਦੀ ਕਲਾ ਦੀ ਪੂਰੀ ਪੈਂਠ ਹੁੰਦੀ ਸੀ ਜੋ ਹੁਣ ਵਕਤ ਦੀ ਗਰਦਿਸ਼ ਵਿੱਚ ਲੋਪ ਹੋ ਗਈ ਹੈ। ਬਹੁਤੇ ਖੋਜੀ ਅਨਪੜ੍ਹ ਹੁੰਦੇ ਸਨ ਜਿਨ੍ਹਾਂ ਦੀ ਕਲਾ ਲੋਹਾ ਲੈਂਦੀ ਸੀ। ਹੁਣ ਨਾ ਉਹ ਚੋਰ ਰਹੇ ਹਨ ਤੇ ਨਾ ਚੋਰੀ ਦੇ ਪੁਰਾਣੇ ਢੰਗ ਜਿਨ੍ਹਾਂ ਨੂੰ ਪੈੜ ਸਹਾਰੇ ਨੱਪ ਲਿਆ ਜਾਂਦਾ ਸੀ। ਉਨ੍ਹਾਂ ਯੁੱਗਾਂ ਦੇ ਖੋਜੀ ਅੱਜ ਦੇ ਫੋਰੈਂਸਿਕ ਮਾਹਿਰਾਂ ਨੂੰ ਵੀ ਮਾਤ ਪਾਉਂਦੇ ਸਨ। ਇਹ ਉਨ੍ਹਾਂ ਦੀ ਕਲਾ ਦਾ ਪ੍ਰਤਾਪ ਹੁੰਦਾ ਸੀ ਕਿ ਪੈੜ ਦੀ ਸ਼ਨਾਖ਼ਤ ਕਰਦੇ ਕਰਦੇ ਉਹ ਚੋਰ ਦੇ ਘਰ ਤਕ ਪੁੱਜ ਜਾਂਦੇ ਸਨ। ਇੱਥੋਂ ਤਕ ਕਿ ਪੈੜ ਦੇਖ ਕੇ ਚੋਰ ਦੀ ਸਰੀਰਿਕ ਬਣਤਰ ਬਾਰੇ ਵੀ ਖ਼ੁਲਾਸਾ ਕਰ ਦਿੰਦੇ ਸਨ।

ਬਦਲੇ ਵਿੱਚ ਇਨ੍ਹਾਂ ਖੋਜੀਆਂ ਨੂੰ ਸ਼ੁਕਰਾਨੇ ਵਜੋਂ ਲੋਕ ਕੁਝ ਰੁਪਏ ਦੇ ਦਿੰਦੇ ਸਨ। ਹੁਣ ਨਵੇਂ ਜ਼ਮਾਨੇ ਵਿੱਚ ਚੋਰ ਵੀ ਚਲਾਕ ਹੋ ਗਏ ਹਨ ਜਿਸ ਕਰਕੇ ਖੋਜੀ ਦੀ ਖ਼ੁਦ ਦੀ ਪੈੜ ਗੁਆਚਣ ਲੱਗੀ ਹੈ। ਪਿੰਡਾਂ ਅੰਦਰ ਹੁਣ ਖੋਜੀਆਂ ਦੀ ਕਲਾ ਖ਼ਤਮ ਹੋ ਰਹੀ ਹੈ। ਇਸ ਦੇ ਬਹੁਤ ਸਾਰੇ ਕਾਰਨ ਹਨ ਜਿਵੇਂ ਪਹਿਲਾਂ ਰਸਤੇ ਕੱਚੇ ਹੁੰਦੇ ਸਨ। ਜਦੋਂ ਕੋਈ ਘਟਨਾ ਵਾਪਰਦੀ ਸੀ ਤਾਂ ਪੈੜ ਪਛਾਣਨ ਦਾ ਕੰਮ ਵੀ ਸੁਖਾਲਾ ਹੁੰਦਾ ਸੀ। ਹੁਣ ਸੜਕਾਂ, ਰਸਤੇ, ਗਲੀਆਂ, ਫਿਰਨੀਆਂ ਪੱਕੀਆਂ ਹੋਣ ਕਾਰਨ ਪੈੜ ਦਾ ਪਤਾ ਲਗਾਉਣ ਵਿੱਚ ਵੀ ਮੁਸ਼ਕਿਲ ਆਉਂਦੀ ਹੈ। ਪਿੰਡਾਂ ਵਿੱਚ ਪਹਿਲਾਂ ਵਾਲੀ ਭਾਈਚਾਰਕ ਸਾਂਝ ਨਹੀਂ ਰਹੀ, ਹੁਣ ਖੋਜੀਆਂ ਦਾ ਪਹਿਲਾਂ ਨਾਲੋਂ



ਮਾਣ ਸਤਿਕਾਰ ਵੀ ਘੱਟ ਗਿਆ ਹੈ। ਹੁਣ ਭਾਵੇਂ ਬਹੁਤੇ ਖੋਜੀ ਰੱਬ ਨੂੰ ਪਿਆਰੇ ਹੋ ਗਏ ਹਨ, ਪਰ ਉਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਵੀ ਇਸ ਕਲਾ ਤੋਂ ਅਣਜਾਣ ਹਨ। ਮਹਿਰਾਜ ਵਾਲੇ ਗੁਰਦੀਪ ਸਿੰਘ ਸਿੱਧੂ ਦੇ ਪਰਿਵਾਰਾਂ ਨੂੰ ਅੱਜ ਵੀ ਖੋਜੀ ਦੀ ਅੱਲ ਪੈਂਦੀ ਹੈ। ਉਸ ਸਮੇਂ ਦੇ ਉੱਘੇ ਖੋਜੀ ਗੰਡਾ ਸਿੰਘ ਰੜ੍ਹ ਵਾਲਾ, ਮਹਿੰਦਰ ਸਿੰਘ ਕੋਟਸ਼ਮੀਰ ਵਾਲਾ, ਕੋਠਾ ਗੁਰੂ ਅਤੇ ਗੋਬਿੰਦਪੁਰੇ ਦੇ ਖੋਜੀ ਮਸ਼ਹੂਰ ਰਹੇ ਸਨ। ਹੁਣ ਪੈੜ ਪਛਾਣਨ ਦੀ ਕਲਾ ਵੀ ਖ਼ਤਮ ਹੋ ਰਹੀ ਹੈ। ਆਉਣ ਵਾਲੀਆਂ ਪੀੜ੍ਹੀਆਂ ਨੂੰ ਇਸ ਗੱਲ ਦਾ ਅੰਦਾਜ਼ਾ ਵੀ ਨਹੀਂ ਹੋਣਾ ਕਿ ਉਨ੍ਹਾਂ ਦੇ ਵੱਡੇ ਵਡੇਰੇ ਇੱਕ ਪੈੜ ਦਾ ਨਿਸ਼ਾਨ ਵੇਖਕੇ ਕਿਸੇ ਵੀ ਵਿਅਕਤੀ ਦੀ ਪਛਾਣ ਕਰ ਦਿੰਦੇ ਸਨ। ਪੁਰਾਣੇ ਜ਼ਮਾਨੇ ਦੇ ਖੋਜੀਆਂ ਨਾਲ ਅਜੀਬ ਤਰ੍ਹਾਂ ਦੀਆਂ ਘਟਨਾਵਾਂ ਵੀ ਵਾਪਰਦੀਆਂ ਸਨ। ਜਦ ਚੋਰਾਂ ਨੂੰ ਪਤਾ ਲੱਗਦਾ ਕਿ ਉਨ੍ਹਾਂ ਦੀ ਪੈੜ ਦੀ ਸ਼ਨਾਖ਼ਤ ਲਈ ਪੈੜੂ ਨੂੰ ਬੁਲਾਇਆ ਗਿਆ ਹੈ ਤਾਂ ਉਹ ਪਹਿਲਾਂ ਹੀ ਉਨ੍ਹਾਂ ਕੋਲ ਪਹੁੰਚ ਜਾਂਦੇ ਤੇ ਤਰਲੇ ਮਿੰਨਤਾਂ ਕਰਦੇ ਜਾਂ ਫੇਰ ਰੁਪਏ ਵਗੈਰਾ ਦਾ ਲਾਲਚ ਦਿੰਦੇ, ਪਰ ਖੋਜੀ ਸਿਦਕ ਦੇ ਪੱਕੇ ਹੁੰਦੇ ਸਨ। ਲਾਲਚ ਨੂੰ ਤਿਆਗ ਕੇ ਚੋਰਾਂ ਨੂੰ ਅੱਗੇ ਤੋਂ ਅਜਿਹੇ ਕੰਮ ਨਾ ਕਰਨ ਲਈ ਵਰਜਦੇ ਅਤੇ ਚਿਤਾਵਨੀ ਦੇ ਦਿੰਦੇ ਸਨ ਕਿ ਜੇਕਰ ਅੱਗੇ ਤੋਂ ਤੁਹਾਡੀ ਕੋਈ ਸ਼ਿਕਾਇਤ ਆਈ ਤਾਂ ਤੁਹਾਡੇ ਨਾਮ ਜੱਗ ਜ਼ਾਹਰ ਕਰ ਦਿੱਤੇ ਜਾਣਗੇ। ਉਨ੍ਹਾਂ ਦਿਨਾਂ ਵਿੱਚ ਚੋਰ ਵੀ ਇੰਨਾ ਕਹਿਣ ‘ਤੇ ਸਮਝ ਜਾਂਦੇ ਸਨ।

ਪੁਰਾਣੇ ਸਮਿਆਂ ਵੇਲੇ ਜ਼ਿਆਦਾਤਰ ਡਾਕੇ ਪੈਂਦੇ ਸਨ ਜਾਂ ਮੱਝਾਂ ਗਾਵਾਂ, ਸੋਨਾ, ਦਾਰੂ, ਲੱਕੜਾਂ, ਮਸ਼ੀਨਰੀ ਆਦਿ ਦੀ ਜ਼ਿਆਦਾ ਚੋਰੀ ਹੁੰਦੀ ਸੀ। ਅੱਜ ਵਾਂਗ ਕਤਲੇਆਮ ਨਹੀਂ ਹੁੰਦੇ ਸਨ। ਜਿੱਥੇ ਪਿੰਡਾਂ ਵਿੱਚ ਉਨ੍ਹਾਂ ਪੈੜ ਦੀ ਪਛਾਣ ਕਰਨੀ ਹੁੰਦੀ ਸੀ, ਉੱਥੇ ਪਿੰਡਾਂ ਵਿੱਚ ਪੀੜ੍ਹੀ ਦਰ ਪੀੜ੍ਹੀ ਜਾਣ ਪਛਾਣ ਹੋਣ ਕਾਰਨ ਇਹ ਵੀ ਪਤਾ ਹੁੰਦਾ ਸੀ, ਇਹ ਚੋਰ ਕੌਣ ਹਨ ? ਸਾਰੀਆਂ ਗੱਲਾਂ ਨੂੰ ਧਿਆਨ ਵਿੱਚ ਰੱਖਕੇ ਹੀ ਫ਼ੈਸਲੇ ਹੁੰਦੇ ਸਨ। ਪਰ ਅੱਜ ਕੱਲ੍ਹ ਚੋਰ ਵੀ ਨਵੀਂ ਕਿਸਮ ਦੇ ਹੋ ਗਏ ਹਨ। ਚੋਰੀਆਂ ਵੀ ਪਹਿਲਾਂ ਵਾਂਗ ਨਹੀਂ ਰਹੀਆਂ। ਹੁਣ ਜ਼ਿਆਦਾ ਚੋਰੀਆਂ ਹਾਈਟੈੱਕ ਹੋ ਗਈਆਂ ਹਨ ਅਤੇ ਲੁੱਟਾਂ ਖੋਹਾਂ ਵਧੇਰੇ ਨਸ਼ਿਆਂ ਕਾਰਨ ਹੀ ਹੁੰਦੀਆਂ ਹਨ। ਨਸ਼ੇੜੀਆਂ ਵੱਲੋਂ ਥੋੜ੍ਹੇ ਪੈਸਿਆਂ ਦੇ ਲਾਲਚ ਵਿੱਚ ਹੀ ਬੰਦੇ ਦਾ ਕਤਲ ਕਰ ਦਿੱਤਾ ਜਾਂਦਾ ਹੈ। ਖੇਤਾਂ ਵਿੱਚ ਕੋਈ ਸ਼ਿਕਾਰ ਖੇਡਦਾ ਸੀ ਤਾਂ ਖੋਜੀ ਜਾਨਵਰਾਂ ਤਕ ਦੀ ਵੀ ਖੋਜ ਕਰ ਦਿੰਦੇ ਸਨ ਕਿ ਜਾਨਵਰ ਭਾਰਾ ਹੈ ਜਾਂ ਪਤਲਾ ਅਤੇ ਪੈੜ ਦੇਖ ਕੇ ਇਹ ਵੀ ਅੰਦਾਜ਼ਾ ਲਗਾ ਦਿੰਦੇ ਸਨ ਕਿ ਸ਼ਿਕਾਰ ਖੇਡਣ ਵਾਲਾ ਵਿਅਕਤੀ ਕਿਹੜਾ ਹੈ, ਪਰ ਹੁਣ ਕਲਾ ਲੋਪ ਹੋ ਚੁੱਕੀ ਹੈ।

# ਤੂਤ ਛਾਂਗ ਕੇ ਬਣਾਉਣੇ ਟੋਕਰੇ

*ਸੁਖਰਾਜ ਚਹਿਲ ਧਨੌਲਾ*

ਤੂਤ ਦੇ ਦਰੱਖਤ ਦੀਆਂ ਛਟੀਆਂ ਨੂੰ ਛਾਂਗ ਕੇ ਟੋਕਰੇ ਬਣਾਉਣਾ ਕਲਾ ਅਤੇ ਲੋੜ ਦਾ ਸੁਮੇਲ ਹੈ। ਸਰਦੀ ਦੇ ਮੌਸਮ ਵਿੱਚ ਤੂਤ ਦੇ ਪੱਤੇ ਪੂਰੀ ਤਰ੍ਹਾਂ ਝੜ ਜਾਂਦੇ ਹਨ ਅਤੇ ਟਾਹਣੀਆਂ ਦੀਆਂ ਲੰ ਮੀਆਂ-ਲੰ ਮੀਆਂ



ਲਚਕਦਾਰ ਛਟੀਆਂ ਬਣ ਜਾਂਦੀਆਂ ਹਨ। ਇਨ੍ਹਾਂ ਨੂੰ ਇਸੇ ਮੌਸਮ ਵਿੱਚ ਕੱਟਿਆ ਜਾਂਦਾ ਹੈ। ਫਿਰ ਟੋਕਰੇ ਬਣਾਉਣ ਵਾਲੇ ਕਾਰੀਗਰ ਤੋਂ ਕੱਟੀਆਂ ਹੋਈਆਂ ਤੂਤ ਦੀਆਂ ਛਟੀਆਂ ਤੋਂ ਟੋਕਰੇ ਬਣਵਾ ਲਏ ਜਾਂਦੇ ਹਨ। ਇਸ ਤਰ੍ਹਾਂ ਪੰਜਾਬੀ ਸੱਭਿਆਚਾਰ ਵਿੱਚ ਟੋਕਰੇ ਬਣਾਉਣ ਦਾ ਸਿਲਸਿਲਾ ਲੰਮੇ ਸਮੇਂ ਤੋਂ ਚੱਲਦਾ ਆ ਰਿਹਾ ਹੈ। ਤੂਤ ਦੀਆਂ ਛਟੀਆਂ ਤੋਂ ਬਣਾਏ ਟੋਕਰੇ ਪੇਂਡੂ ਜੀਵਨ ਸ਼ੈਲੀ ਦਾ ਜ਼ਰੂਰੀ ਅੰਗ ਹਨ। ਜਿਨ੍ਹਾਂ ਘਰਾਂ ਵਿੱਚ ਪਸ਼ੂ ਆਦਿ ਰੱਖੇ ਹੁੰਦੇ ਹਨ, ਉਨ੍ਹਾਂ ਨੂੰ ਤੂਤ ਦੇ ਬਣਾਏ ਟੋਕਰਿਆਂ ਦੀ ਬਹੁਤ ਜ਼ਿਆਦਾ ਜ਼ਰੂਰਤ ਹੁੰਦੀ ਹੈ ਕਿਉਂਕਿ ਪਸ਼ੂਆਂ ਨੂੰ ਹਰਾ-ਚਾਰਾ, ਤੂੜੀ ਆਦਿ ਇਨ੍ਹਾਂ ਟੋਕਰਿਆਂ ਜ਼ਰੀਏ ਹੀ ਪਾਈ ਜਾਂਦੀ ਹੈ। ਇਸ ਤੋਂ ਇਲਾਵਾ ਪਸ਼ੂਆਂ ਦਾ ਗੋਹਾ ਕੂੜਾ ਰੂੜੀ ਉੱਤੇ ਸੁੱਟਣਾ ਹੋਵੇ ਤਾਂ ਟੋਕਰੇ ਰਾਹੀਂ ਇਹ ਕੰਮ ਜਲਦੀ ਅਤੇ ਸਹੀਂ ਢੰਗ ਨਾਲ ਨੇਪਰੇ ਚੜ੍ਹਦਾ ਹੈ।

ਟੋਕਰੇ ਦੀ ਅਸਲ ਮਹੱਤਤਾ ਕੀ ਹੈ ਇਹ ਹਰ ਇਨਸਾਨ ਨੂੰ ਵਿਆਹ-ਸ਼ਾਦੀਆਂ ਵਿੱਚ ਪਤਾ ਚੱਲਦੀ ਹੈ ਕਿਉਂਕਿ ਹਲਵਾਈ ਵੱਲੋਂ ਜੋ ਵੀ ਮਿਠਾਈ/ਪਕੌੜੇ ਆਦਿ ਬਣਾਏ ਜਾਂਦੇ ਹਨ, ਉਹ ਸਭ ਟੋਕਰਿਆਂ ਵਿੱਚ ਅਖ਼ਬਾਰ ਆਦਿ ਵਿਛਾ ਕੇ ਰੱਖੇ ਜਾਂਦੇ ਹਨ। ਇਸ ਤੋਂ ਬਿਨਾਂ ਸਬਜ਼ੀਆਂ ਧੋਣ ਲਈ ਵੀ ਟੋਕਰੇ ਦੀ ਵਰਤੋਂ ਕੀਤੀ ਜਾਂਦੀ ਹੈ। ਬੇਸ਼ੱਕ ਅੱਜਕੱਲ੍ਹ ਹੋਰ ਕਈ ਤਰ੍ਹਾਂ ਦੇ ਬਿਨਾਂ ਤੂਤ ਦੀਆਂ ਟਾਹਣੀਆਂ ਤੋਂ ਬਣਾਏ ਟੋਕਰੇ ਮਾਰਕੀਟ ਵਿੱਚ ਆ ਚੁੱਕੇ ਹਨ, ਪਰ ਇਨ੍ਹਾਂ ਵਿੱਚ ਉਹ ਮਜ਼ਬੂਤੀ ਨਹੀਂ ਹੁੰਦੀ ਜੋ ਤੂਤ ਦੀਆਂ ਟਾਹਣੀਆਂ ਵਾਲੇ ਟੋਕਰੇ ਵਿੱਚ ਹੁੰਦੀ ਹੈ।

ਟੋਕਰਿਆਂ ਨੂੰ ਕਾਰੀਗਰਾਂ ਵੱਲੋਂ ਆਪਣੇ ਹੱਥੀਂ ਬਣਾਇਆ ਜਾਂਦਾ ਹੈ। ਹੁਣ ਟੋਕਰੇ ਬਣਾਉਣ ਦਾ ਕੰਮ ਪੁਰਾਣੇ ਸਮਿਆਂ ਨਾਲੋਂ ਤਾਂ ਕਾਫ਼ੀ ਘਟ ਗਿਆ ਹੈ, ਪਰ ਕਈ ਪਿੰਡਾਂ ਵਿੱਚ ਫਿਰ ਵੀ ਜਾਰੀ ਹੈ। ਹੁਣ ਇਨ੍ਹਾਂ ਨੂੰ ਬਣਾਉਣਾ ਪਹਿਲਾਂ ਨਾਲੋਂ ਮਹਿੰਗਾ ਹੋ ਗਿਆ ਹੈ। ਹੁਣ ਇੱਕ ਟੋਕਰਾ 50 ਤੋਂ 60 ਰੁਪਏ ਵਿੱਚ ਪੈਂਦਾ ਹੈ। ਇਸ ਨੂੰ ਤਿਆਰ ਕਰਨ ਲਈ ਮਿਹਨਤ ਵੀ ਕਾਫ਼ੀ ਕਰਨੀ ਪੈਂਦੀ ਹੈ ਕਿਉਂਕਿ ਪਹਿਲਾਂ ਤਾਂ ਤੂਤ ਦੀਆਂ ਕੱਟੀਆਂ ਹੋਈਆਂ ਟਾਹਣੀਆਂ ਵਿੱਚੋਂ ਚੰਗੀਆਂ ਅਤੇ ਲੰਮੀਆਂ ਟਾਹਣੀਆਂ ਦੀ ਛਾਂਟੀ ਕਰਕੇ ਵੱਢ-ਢੁੱਕ ਕੀਤੀ ਜਾਂਦੀ ਹੈ, ਫਿਰ ਧਰਤੀ ਵਿੱਚ ਛੋਟਾ ਟੋਇਆ ਪੁੱਟ ਕੇ ਉਸ ਵਿੱਚ ਇੱਕ ਬੋਰੀ ਵਿਛਾ ਕੇ ਟੋਕਰਾ ਬਣਾਉਣਾ ਸ਼ੁਰੂ ਕੀਤਾ ਜਾਂਦਾ ਹੈ। ਟੋਕਰੇ ਬਣਾਉਣ ਤੋਂ ਇਲਾਵਾ ਘਰੇਲੂ ਖਾਣ-ਪੀਣ ਦੀਆਂ ਚੀਜ਼ਾਂ ਸਬਜ਼ੀਆਂ, ਫ਼ਲ ਰੱਖਣ ਲਈ ਛੋਟੇ ਬੋਈਏ (ਟੋਕਰੇ ਦਾ ਛੋਟਾ ਰੂਪ) ਵੀ ਬਣਾਏ ਜਾਂਦੇ ਹਨ। ਹੁਣ ਦਰੱਖਤਾਂ ਦੀ ਅੰਨ੍ਹੇਵਾਹ ਕਟਾਈ ਕਾਰਨ ਤੂਤਾਂ ਦੀ ਸੰਖਿਆ ਵੀ ਘਟ ਗਈ ਹੈ। ਇਸ ਲਈ ਸਾਨੂੰ ਲੋੜ ਹੈ ਅਜਿਹੀਆਂ ਰੀਤਾਂ ਨੂੰ ਨਿਰੰਤਰ ਜਾਰੀ ਰੱਖਣ ਦੀ ਤਾਂ ਕਿ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਵੀ ਘਰੇਲੂ ਕੰਮਕਾਰ ਲਈ ਵਰਤੀਆਂ ਜਾਣ ਵਾਲੀਆਂ ਟੋਕਰੇ ਵਰਗੀਆਂ ਚੀਜ਼ਾਂ ਨੂੰ ਆਪਣੇ ਪੱਧਰ ‘ਤੇ ਬਣਾਉਣ ਤਾਂ ਕਿ ਬਾਜ਼ਾਰੀ ਵਸਤੂਆਂ ‘ਤੇ ਨਿਰਭਰਤਾ ਨੂੰ ਘਟਾਇਆ ਜਾ ਸਕੇ ਅਤੇ ਟੋਕਰੇ ਬਣਾਉਣ ਵਾਲੇ ਕਾਰੀਗਰਾਂ ਦਾ ਵੀ ਰੁਜ਼ਗਾਰ ਚੱਲਦਾ ਰਹੇ।

# ਜ਼ਿੰਦਗੀ ਦਾ ਹੁਲਾਰਾ ਹਨ ਲੋਕ ਨਾਚ

ਲੋਕ ਨਾਚ ਆਪਣੇ ਸਮੇਂ ਦੀ ਰਹਿਣੀ-ਬਹਿਣੀ ਤੇ ਕੁਦਰਤੀ ਵਾਤਾਵਰਣ ਦਾ ਸਹੀ ਦਰਪਣ ਹੁੰਦੇ ਹਨ ਕਿਉਂਕਿ ਨੱਚਣ ਵਾਲਾ ਸਾਰੇ ਨਾਚ ਕਰਮ ਆਪਣੇ ਆਲੇ ਦੁਆਲੇ ਦੇ ਜੀਵਨ ਵਿੱਚੋਂ ਲੈਂਦਾ ਹੈ। ਸ਼ੁਰੂ ਵਿੱਚ ਨਾਚ, ਗੀਤ ਤੇ ਸੰਗੀਤ ਤਿੰਨੇ ਰਲੇ ਮਿਲੇ ਹੁਨਰ ਸਨ, ਤਿੰਨੇ ਖ਼ੁਸ਼ੀ ਦਾ ਸਾਧਨ ਸਨ, ਪਰ ਜਿਉਂ ਸੱਭਿਅਤਾ ਵੱਧਦੀ ਗਈ ਇਹ ਤਿੰਨ ਹੁਨਰ ਇੱਕ ਦੂਜੇ ਤੋਂ ਦੂਰ ਹੁੰਦੇ ਗਏ। ਨਾਚ ਵਧਕੇ ਨਾਟ ਸ਼ਾਸਤਰ ਦੇ ਨਿਯਮਾਂ ਵਿੱਚ ਬੱਝ ਗਿਆ,ਗੀਤ ਪਿੰਗਲ ਦੇ ਬੰਧਨਾਂ ਵਿੱਚ ਜਕੜਿਆ ਗਿਆ ਤੇ ਰਾਗ ਸ਼ਾਸਤਰੀ ਸੰਗੀਤ ਵਿੱਚ। ਸਾਜ਼ ਸੰਗੀਤ ਢੋਲਕ ਦੀ ਤਾਲ ਤੋਂ ਵਧਦਾ ਇੰਨੇ ਸਾਜ਼ਾਂ ਵਿੱਚ ਫੈਲ ਗਿਆ ਕਿ ਆਮ ਲੋਕਾਂ ਨੂੰ ਉਨ੍ਹਾਂ ਦੇ ਨਾਂ ਤਾਂ ਕੀ ਗਿਣਤੀ ਵੀ ਯਾਦ ਨਹੀਂ ਰਹਿੰਦੀ। ਕਲਾਸੀਕਲ ਨਾਚ ਵਿੱਚ ਸੂਖਮ ਭਾਵਾਂ ਨੂੰ ਦਰਸਾਉਣ ਲਈ ਚਿਹਰੇ ਉੱਤੇ ਤੇਜ਼ ਰੌਸ਼ਨੀ ਪਾਈ ਜਾਂਦੀ ਹੈ ਤੇ ਜੇ ਕਲਾਸੀਕਲ ਨੱਚਣ ਵਾਲੇ ਨੇ ਢੁਕਵੀਂ ਪੁਸ਼ਾਕ ਨਾ ਪਾਈ ਹੋਵੇ ਤਾਂ ਨਾ ਉਹ ਚੰਗੀ ਤਰ੍ਹਾਂ ਨੱਚ ਸਕਦਾ ਹੈ ਤੇ ਨਾ ਹੀ ਦਰਸ਼ਕਾਂ ਨੂੰ ਮੋਹ ਸਕਦਾ ਹੈ। ਇਸ ਨੂੰ ਪੂਰੀ ਤਰ੍ਹਾਂ ਲੁਭਾਏਮਾਨ ਹੋਣ ਲਈ ਸੋਹਣੀ ਸਟੇਜ ਦਾ ਹੋਣਾ ਵੀ ਜ਼ਰੂਰੀ ਹੈ। ਇਸ ਦੇ ਉਲਟ ਲੋਕ ਨਾਚ ਲਈ ਹਰ ਪੁਸ਼ਾਕ ਢੁਕਵੀਂ ਹੈ, ਜਿੰਨੇ ਸਰੂਰ ਤੇ ਜਿੰਨੀ ਖ਼ੁਸ਼ੀ ਵਿੱਚ ਕੋਈ ਨੱਚੇਗਾ ਓਨਾ ਹੀ ਸੁਹਜ ਤੇ ਰੰਗ ਉਸ ਦੇ ਨਾਚ ਵਿੱਚ ਝਲਕੇਗਾ। ਸਾਡੇ ਇਨ੍ਹਾਂ ਨਾਚਾਂ ਵਿੱਚ ਓਨੀ ਹੀ ਤਕੜਾਈ ਤੇ ਜੋਸ਼ ਹੈ ਜਿੰਨੀ ਪੰਜਾਬੀਆਂ ਵਿੱਚ ਮੰਨੀ ਅਤੇ ਸਮਝੀ ਜਾਂਦੀ ਹੈ।

ਪੰਜਾਬ ਦੇ ਲੋਕ ਨਾਚ, ਭੰਗੜਾ, ਗਿੱਧਾ, ਝੂੰਮਰ ਲੁੱਡੀ, ਧਮਾਲ, ਕਿੱਕਲੀ ਤੇ ਸੰਮੀ ਆਦਿ ਹਨ, ਪਰ ਇਨ੍ਹਾਂ ਵਿੱਚੋਂ ਭੰਗੜਾ ਸਭ ਤੋਂ ਆਰੰਭਿਕ ਤੇ ਪ੍ਰਾਕਿਰਤਿਕ ਸੁਭਾਅ ਵਾਲਾ ਹੈ। ਗਿੱਧਾ ਉਸ ਵੇਲੇ ਉਪਜਿਆ ਜਦੋਂ ਕਬੀਲਿਆਂ ਦੇ ਸਰਦਾਰਾਂ ਨੇ ਆਪਣੀਆਂ ਔਰਤਾਂ ਨੂੰ ਸੁੰਦਰ ਜਾਇਦਾਦਾਂ ਸਮਝਣਾ ਆਰੰਭ ਕਰ ਦਿੱਤਾ ਤੇ ਮੁਟਿਆਰਾਂ ਸਵਾਣੀਆਂ ਨੂੰ ਅੰਦਰ ਡੱਕ ਦਿੱਤਾ। ਉਨ੍ਹਾਂ ਦੇ ਜਜ਼ਬੇ ਘੁੱਟੇ ਗਏ ਤੇ ਉਨ੍ਹਾਂ ਦਾ ਸਬੰਧ ਪ੍ਰਾਕਿਰਤੀ ਨਾਲੋਂ ਤੋੜ ਦਿੱਤਾ। ਗਿੱਧਾ ਇਨ੍ਹਾਂ ਮੁਟਿਆਰਾਂ ਦਾ ਸਰੀਰਿਕ ਤੇ ਨਾਟਕੀ ਪ੍ਰਗਟਾਅ ਹੈ। ਕੋਈ ਵੀ ਖ਼ੁਸ਼ੀ ਦਾ ਮੌਕਾ ਹੋਵੇ ਭੰਗੜਾ ਜ਼ਰੂਰ ਪੈਂਦਾ ਹੈ। ਇਹ ਨਾਚ ਪੰਜਾਬੀਆਂ ਦੇ ਸੁਭਾਅ ਤੇ ਉਨ੍ਹਾਂ ਦੀ ਕਰੜਾਈ ਤੇ ਗਠੀਲੇਪਣ ਦੀ ਇੱਕ ਪ੍ਰਤੱਖ ਤਸਵੀਰ ਹੈ। ਇਹ ਨਾਚ ਅਸਲ ਵਿੱਚ ਹੈ ਤਾਂ ਪੱਛਮੀ ਪੰਜਾਬ ਦੇ ਸ਼ੇਖ਼ੂਪੁਰੇ, ਗੁਜਰਾਤ ਤੇ ਸਿਆਲਕੋਟ ਜ਼ਿਲ੍ਹਿਆਂ ਦਾ ਪਰ ਜੋਸ਼-ਪ੍ਰਧਾਨ ਹੋਣ ਕਰਕੇ ਇਹ ਪੰਜਾਬ ਦਾ ਲੋਕ ਨਾਚ ਹੋ ਨਿੱਬੜਿਆ। ਢੋਲ ਇਸ ਨਾਚ ਦਾ ਸਭ ਤੋਂ ਜ਼ਰੂਰੀ ਸਾਜ਼ ਹੈ, ਬਾਕੀ ਸਾਰੇ ਸਾਜ਼ ਉਸ ਦਾ ਸਾਥ ਦੇਣ ਲਈ ਹੁੰਦੇ ਹਨ। ਇਨ੍ਹਾਂ ਵਿੱਚ ਨਗੋਜ਼ੇ, ਤੂੰਬਾ, ਚਿਮਟਾ, ਕਾਟੋ, ਸੱਪ ਗੱਲ ਕੀ ਜਿਹੜਾ ਵੀ ਸਾਜ਼ ਕਿਸੇ ਕੋਲ ਹੋਵੇ ਨਾਲ ਢੁਕ ਜਾਂਦਾ ਹੈ। ਆਮ ਕਸਰਤ ਕਰਦੇ ਸਮੇਂ ਮਨੁੱਖ ਨੂੰ ਸਿਰਫ਼ ਸਰੀਰ ਦੀ ਤਕੜਾਈ ਦਾ ਹੀ ਖ਼ਿਆਲ ਹੁੰਦਾ ਹੈ, ਪਰ ਭੰਗੜਾ ਪਾਉਂਦੇ ਸਮੇਂ ਮਨ ਤੇ ਸਰੀਰ ਦੋਹਾਂ ਦੀ ਕਸਰਤ ਹੁੰਦੀ ਹੈ। ਇਹ ਇੱਕੋ ਨਾਚ ਹੈ ਜਿਹੜਾ ਪੰਜਾਬੀਆਂ ਨੂੰ ਖ਼ੁਸ਼ ਅਤੇ ਬਲਵਾਨ ਯੋਧੇ ਬਣੇ ਰਹਿਣ ਵਿੱਚ ਸਹਾਈ ਹੁੰਦਾ ਹੈ।



ਪੰਜਾਬੀ ਬੋਲੀ ਦੇ ਮੈਦਾਨੀ ਇਲਾਕੇ ਦੇ ਲੋਕ ਨਾਚਾਂ ਵਿੱਚੋਂ ਸਭ ਤੋਂ ਪਹਿਲਾ ਦਰਜਾ ਗਿੱਧੇ ਦਾ ਹੈ ਕਿਉਂਕਿ ਹੋਰ ਨਾਚਾਂ ਦਾ ਸਬੰਧ ਵਧੇਰੇ ਕਰਕੇ ਪੱਛਮੀ ਪੰਜਾਬ ਨਾਲ ਹੈ। ਗਿੱਧਾ ਹੈ ਤਾਂ ਸਾਰੇ ਪੰਜਾਬ ਦਾ ਹੀ, ਪਰ ਕਈ ਮੌਸਮ ਵੀ ਇਸ ਨਾਲ ਸਬੰਧ ਰੱਖਦੇ ਹਨ। ਸਾਉਣ ਦੇ ਮਹੀਨੇ ਔਰਤਾਂ ਗਿੱਧੇ ਨੂੰ ਇੱਕ ਤਿਉਹਾਰ ਦੇ ਰੂਪ ਵਿੱਚ ਮਨਾਉਂਦੀਆਂ ਹਨ। ਇਸ ਦੀ ਏਨੀ ਮਹੱਤਤਾ ਹੈ ਕਿ ਹਰ ਵਿਆਹੀ ਕੁੜੀ ਇਨ੍ਹਾਂ ਦਿਨਾਂ ਵਿੱਚ ਪੇਕੇ ਘਰ ਜ਼ਰੂਰ ਆਉਂਦੀ ਹੈ। ਗਿੱਧਾ ਪਾਉਂਦੀਆਂ ਕੁੜੀਆਂ ਕੇਵਲ ਨੱਚਦੀਆਂ ਹੀ ਨਹੀਂ ਸਗੋਂ ਮਨ ਦੇ ਭਾਵਾਂ ਨੂੰ ਖੁੱਲ੍ਹੀ ਤਰ੍ਹਾਂ ਪ੍ਰਗਟਾਉਂਦੀਆਂ ਹਨ ਜੋ ਗੀਤਾਂ ਰਾਹੀਂ ਹੁੰਦਾ ਹੈ। ਇਨ੍ਹਾਂ ਦੇ ਬੋਲ ਰਚਣ ਵਾਲੇ ਦਾ ਨਾਂ ਪਤਾ ਹੀ ਨਹੀਂ ਹੁੰਦਾ। ਕੁੜੀਆਂ ਆਪਣੇ ਮਨ ਦੇ ਪਿਆਰ ਉਛਾਲ ਨੂੰ ਨਿਡਰ ਹੋ ਪ੍ਰਗਟ ਕਰਦੀਆਂ ਹਨ ਜਿਵੇਂ:

ਤੈਨੂੰ ਵੇਖਿਆਂ ਸਬਰ ਨਾ ਆਵੇ<br>
ਯਾਰਾ ਤੇਰਾ ਘੁੱਟ ਭਰ ਲਾਂ

ਗਿੱਧੇ ਵਿੱਚ ਤਾਲ ਤਾੜੀ ਨਾਲ ਉਸਾਰਿਆ ਜਾਂਦਾ ਹੈ। ਬੋਲੀ ਪਾ ਕੇ ਉਸ ਬੋਲੀ ਦਾ ਭਾਵ ਨਾਚ ਅਭਿਨੈ ਜਾਂ ਨ੍ਰਿਤ ਨਾਟਕੀ ਢੰਗ ਨਾਲ ਸਾਕਾਰ ਕੀਤਾ ਜਾਂਦਾ ਹੈ। ਇਸ ਵਿੱਚ ਪਿਆਰ, ਬਿਰਹਾ ਤੇ ਨਿੱਤ ਦੇ ਘਰੇਲੂ ਜੀਵਨ ਦੀਆਂ ਝਾਕੀਆਂ ਹੁੰਦੀਆਂ ਹਨ। ਕੋਈ ਗੀਤ ਸੱਸ-ਨੂੰਹ ਦਾ ਝਗੜਾ ਦਰਸਾਉਂਦਾ ਹੈ, ਕਿਤੇ ਵੀਰ ਤੇ ਬਾਬਲ ਦੀ ਸਿਫ਼ਤ ਹੁੰਦੀ ਹੈ, ਕਿਤੇ ਮਾਂ ਦੀ ਛਾਂ ਦੀ ਗੱਲ ਤੇ ਕਿਤੇ ਪਤੀ ਦੀ ਮੁਹੱਬਤ ਤੇ ਕਦੀ ਪਤੀ ਦੀ ਬੁਰਾਈ।

ਝੂਮਰ ਪੰਜਾਬ ਦੇ ਲੋਕ ਨਾਚਾਂ ਵਿੱਚੋਂ ਸੱਭ ਤੋਂ ਵੱਧ ਕਲਾਤਮਿਕ ਨਾਚ ਹੈ। ਇਹ ਨਿਰੋਲ ਖ਼ੁਸ਼ੀ ਪ੍ਰਗਟਾਉਂਦਾ ਹੈ। ਝੂਮਰ ਨੱਚਣ ਵਾਲਾ ਬੜੇ ਕਲਾਤਮਿਕ ਤੇ ਨਜ਼ਾਕਤ ਨਾਲ ਝੂਮਦਾ ਹੈ ਜਿਵੇਂ ਫੁੱਲਾਂ ਲੱਦੀਆਂ ਡਾਲੀਆਂ ਝੂਮਦੀਆਂ ਹਨ। ਇਸ ਦੀ ਲੈਅ ਲੰਬੀ ਹੁੰਦੀ ਹੈ ਤੇ ਢੋਲ ਦੀ ਤਾਲ ਕੋਮਲ ਹੁੰਦੀ ਹੈ। ਅਸਲ ਵਿੱਚ ਇਹ ਲਹੂ ਗੇੜ ਵਰਗਾ ਹੈ ਤੇ ਚੱਕਰ ਧੁਨੀ ਨਾਲ ਮਘਦਾ ਹੈ।

ਝੂਮਰ ਪੱਛਮੀ ਪੰਜਾਬ ਦੇ ਸਾਂਦਲਬਾਰ ਦੇ ਵਸਨੀਕਾਂ ਦਾ ਮਰਦਾਵਾਂ ਨਾਚ ਹੈ। ਇਸ ਵਿੱਚ ਲਾਇਲਪੁਰ, ਸ਼ੇਖ਼ੂਪੁਰਾ, ਮਿੰਟਗੁਮਰੀ ਅਤੇ ਝੰਗ ਜ਼ਿਲ੍ਹਿਆਂ ਦਾ ਕੁਝ ਇਲਾਕਾ ਆਉਂਦਾ ਹੈ।

ਵਹੀਰਾਂ ਵਿੱਚ ਟੁਰਦੀਆਂ ਡਾਚੀਆਂ ਦੀਆਂ ਲੰਮੀਆਂ ਗਰਦਨਾਂ ਦਾ ਹੁਲਾਰ ਤੇ ਉਨ੍ਹਾਂ ਦੇ ਗਲ ਪਈਆਂ ਟੱਲੀਆਂ ਦੀ ਟੁਣਕਾਰ ਜਾਂਗਲੀਆਂ ਦੇ ਮਨਾਂ ਨੂੰ ਲੈਅ ਮਈ ਬਣਾ ਦਿੰਦੀਆਂ ਹਨ। ਇਹ ਲੋਕ ਆਪ ਤਾਂ ਨੱਚਦੇ ਹੀ ਸਨ ਆਪਣੇ ਘੋੜਿਆਂ ਤੇ ਊਠਾਂ ‘ਤੇ ਬੈਠ ਕੇ ਉਨ੍ਹਾਂ ਨੂੰ ਵੀ ਖ਼ੁਸ਼ੀ ਵਿੱਚ ਨਚਾਉਂਦੇ ਸਨ। ਇਸ ਨਾਚ ਦਾ ਜ਼ਰੂਰੀ ਸਾਜ਼ ਵੀ ਢੋਲ ਹੀ ਹੈ ਤੇ ਢੋਲ ਵੀ ਅਜਿਹਾ ਜਿਸ ਦੀ ਆਵਾਜ਼ ਰਾਤ ਦੇ ਟਿਕਵੇਂ ਸਮੇਂ ਮੀਲਾਂ ਤਕ ਸੁਣਾਈ ਦਿੰਦੀ ਹੈ। ਮੱਠੀ ਨੂੰ ਝੂਮਰ ਤਾਲ, ਦੂਜੀ ਨੂੰ ਚੀਣ ਛੜਕਣ ਤੇ ਤੀਜੀ ਨੂੰ ਧਮਾਲ ਆਖਦੇ ਹਨ। ਕਈ ਵਾਰ ਢੋਲੀ ਆਪਣੀ ਤਰੰਗ ਵਿੱਚ ਆ ਕੇ ਗੌਣ ਲੱਗ ਪੈਂਦਾ ਹੈ।

ਮੈਂ ਤਾਂ ਪਾਣੀ ਭਰੇਨੀ ਆਂ ਪੱਤਣੋਂ<br>
ਭੈੜੇ ਨੈਣ ਨਾ ਰਹਿੰਦੇ ਤੱਕਣੋਂ

ਨੱਚਦੇ ਹੋਏ ਝੂਮਰੀ ਮੂੰਹ ਵਿੱਚੋਂ ਸ਼ੀ ਸ਼ੀ ਦੀ ਆਵਾਜ਼ ਕੱਢਦੇ ਹਨ ਜਿਸ ਨੂੰ ਫੁੰਮਣੀਆਂ ਕੱਢਣੀਆਂ ਕਹਿੰਦੇ ਹਨ।

ਸੰਮੀ ਔਰਤਾਂ ਦਾ ਨਾਚ ਹੈ ਤੇ ਇਸਦਾ ਸਬੰਧ ਵੀ ਸਾਂਦਲਬਾਰ ਦੇ ਇਲਾਕੇ ਨਾਲ ਹੈ। ਚਾਨਣੀਆਂ ਰਾਤਾਂ ਵਿੱਚ ਜਦੋਂ ਕੁੜੀਆਂ ਇੱਕਠੀਆਂ ਹੋ ਕੇ ਸੰਮੀ ਪਾਉਂਦੀਆਂ ਹਨ ਤਾਂ ਉਨ੍ਹਾਂ ਦੀਆਂ ਬਾਹਾਂ ਦੇ ਉਲਾਰ ਨਾਲ ਚੂੜੀਆਂ ਦੀ ਛਣਕਾਰ ਪੈਰਾਂ ਦੀ ਧਮਕ ਤੇ ਝਾਂਜਰਾਂ ਦੀ ਟੁਣਕਾਰ ਇੱਕੋ ਸਮੇਂ ਹੁੰਦੀ ਹੈ। ਇਸ ਨਾਚ ਵਿੱਚ ਕਿਸੇ ਸਾਜ਼ ਦੀ ਲੋੜ ਨਹੀਂ। ਤਾਲ ਦਾ ਹਿਸਾਬ ਕੇਵਲ ਤਾੜੀਆਂ ਤੇ ਚੁਟਕੀਆਂ ਨਾਲ ਹੀ ਰੱਖਿਆ ਜਾਂਦਾ ਹੈ।

ਕਿੱਕਲੀ ਅਸਲ ਵਿੱਚ ਨਿੱਕੀਆਂ ਕੁੜੀਆਂ ਦਾ ਨਾਚ ਹੈ। ਕਦੇ ਕਦੇ ਨਿੱਕੇ ਮੁੰਡੇ ਕੁੜੀਆਂ ਰਲ ਕੇ ਵੀ ਕਿੱਕਲੀ ਪਾ ਲੈਂਦੇ ਹਨ। ਭਰਾ ਤੇ ਭੈਣ ਦਾ ਪਿਆਰ ਹਾਣ ਦਾ ਹੈ, ਇਹੀ ਕਾਰਨ ਹੈ ਕਿ ਕਿੱਕਲੀ ਵਿੱਚ ਬਹੁਤੇ ਗੀਤ ਭੈਣ ਵੱਲੋਂ ਭਰਾ ਦੇ ਪਿਆਰ ਦਾ ਵਰਣਨ ਕਰਦੇ ਹਨ ਜਿਵੇਂ :

ਕਿੱਕਲੀ ਕਲੀਰ ਦੀ ਪੱਗ ਮੇਰੇ ਵੀਰ ਦੀ<br>
ਦੁਪੱਟਾ ਮੇਰੇ ਭਾਈ ਦਾ ਫਿੱਟੇ ਮੂੰਹ ਜਵਾਈ ਦਾ

ਇਸ ਤਰ੍ਹਾਂ ਹੀ ਲੁੱਡੀ ਪੰਜਾਬ ਦਾ ਖ਼ੁਸ਼ੀ ਦਾ ਨਾਚ ਹੈ। ਲੋਕ ਕਿਸੇ ਜਿੱਤ ਦੀ ਖ਼ੁਸ਼ੀ ਵਿੱਚ ਲੁੱਡੀ ਪਾਉਂਦੇ ਹਨ। ਅੱਜ ਦੇ ਯੁੱਗ ਵਿੱਚ ਲੋਕ ਨਾਚ ਸਿਰਫ਼ ਲੋਕ ਨਾਚ ਹੀ ਨਹੀਂ, ਇਸ ਦੇ ਵਿਖਾਵੇ ਵਿੱਚ ਲੋਕਾਂ ਦੇ ਸੂਝ ਪੱਧਰ ਦਾ ਵੀ ਪਤਾ ਲੱਗਦਾ ਹੈ। ਮੇਰੇ ਵਿਸ਼ਵਾਸ ਵਿੱਚ ਲੋਕ ਨਾਚ ਨੱਚਣ ਲਈ ਮਨ ਦਾ ਕਲਾਕਾਰ ਹੋਣਾ ਬਹੁਤ ਜ਼ਰੂਰੀ ਹੈ। ਪੰਜਾਬੀਆਂ ਦਾ ਦਿਲ ਬੜਾ ਨਿੱਘਾ ਹੈ ਤੇ ਇਹ ਬੜਾ ਭਰਪੂਰ ਹਾਸਾ ਹੱਸਦੇ ਹਨ। ਹਰ ਦੇਸ਼ ਦੀ ਕਲਾ ਉਸ ਦੇ ਸੱਭਿਆਚਾਰ ਦਾ ਪ੍ਰਤੀਕ ਹੋ ਨਿਬੜਦੀ ਹੈ।

*ਪ੍ਰਿਤਪਾਲ ਮਾਹਲ*

# ਬਾਲੜੀਆਂ ਨਾਲ ਅਪਰਾਧਿਕ ਮਾਮਲਿਆਂ 'ਚ ਸਖ਼ਤ ਕਾਨੂੰਨ ਸਮੇਂ ਦੀ ਲੋੜ

**ਇਕ ਚੰਗੇ ਸਮਾਜ ਦੀ ਸਿਰਜਣਾ 'ਚ ਇਕ ਔਰਤ ਦਾ ਅਹਿਮ ਹੱਥ ਹੁੰਦਾ ਹੈ, ਉਹ ਇਕ ਚੰਗੀ ਧੀ, ਚੰਗੀ ਪਤਨੀ ਤੇ ਚੰਗੀ ਮਾਂ ਬਣ ਕੇ ਸਮਾਜ ਅੰਦਰ ਵੱਡਾ ਬਦਲਾਅ ਲਿਆ ਸਕਦੀ ਹੈ ।ਦੇਸ਼ ਦੇ ਵਿਕਾਸ 'ਚ ਇਕ ਜਾਗਰੂਕ ਮਹਿਲਾ ਅਹਿਮ ਯੋਗਦਾਨ ਦੇ ਸਕਦੀ ਹੈ, ਇਸ ਲਈ ਲੜਕੇ-ਲੜਕੀਆਂ ਦੇ ਭੇਦ ਭਾਵ ਨੂੰ ਖ਼ਤਮ ਕਰਕੇ ਇਨ੍ਹਾਂ ਦੀ ਘੱਟ ਰਹੀ ਗਿਣਤੀ ਵਧਾਉਣ ਦੀ ਲੋੜ ਹੈ।**

## ਕੌਮੀ ਬਾਲੜੀ ਦਿਵਸ 'ਤੇ ਵਿਸ਼ੇਸ਼

ਦੇਸ਼ ਭਰ 'ਚ ਹਰ ਸਾਲ 24 ਜਨਵਰੀ ਨੂੰ ਕੌਮੀ ਬਾਲੜੀ ਦਿਵਸ ਮਨਾਇਆ ਜਾਂਦਾ ਹੈ ।ਇਹ ਦਿਨ ਮਨਾਉਣ ਦੀ ਸ਼ੁਰੂਆਤ ਸਾਲ 2009 ਵਿਚ ਕੀਤੀ ਗਈ ਅਤੇ ਸਰਕਾਰ ਨੇ ਇਹ 24 ਜਨਵਰੀ ਦਾ ਦਿਨ ਇਸ ਲਈ ਚੁਣਿਆ ਸੀ, ਕਿਉਂਕਿ ਇਸ ਦਿਨ 1966 ਨੂੰ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਦੇਸ਼ ਦੀ ਪਹਿਲੀ ਮਹਿਲਾ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕੀ ਸੀ । ਕੌਮੀ ਬਾਲੜੀ ਦਿਵਸ ਮਨਾਉਣ ਦਾ ਉਦੇਸ਼ ਲੜਕੀਆਂ ਨੂੰ ਸਮਰਥਨ ਅਤੇ ਨਵੇਂ ਮੌਕੇ ਦੇਣਾ ਸੀ। ਇਸ ਦਿਨ ਸਰਕਾਰ ਵਲੋਂ ਲੜਕੀਆਂ ਦੀ ਭਲਾਈ ਲਈ ਕਈ ਪ੍ਰੋਗਰਾਮ ਕੀਤੇ ਜਾਂਦੇ ਹਨ, ਪਰ ਸੋਚਣ



ਵਾਲੀ ਗੱਲ ਇਹ ਹੈ ਕਿ, ਕੀ ਅਸੀਂ ਦੇਸ਼ ਵਾਸੀ ਇਹ ਦਿਨ ਮਨਾ ਕੇ ਵੀ ਧੀਆਂ ਲਈ ਖੁ਼ਸ਼ਗਵਾਰ ਮਾਹੌਲ ਸਿਰਜ ਸਕੇ ਹਾਂ? ਜੇਕਰ ਇਸ ਪਾਸੇ ਸੰਵੇਦਨਸ਼ੀਲ ਹੋ ਕੇ ਸਮਾਜ ਤੇ ਆਪਣੇ ਮਨਾਂ ਵੱਲ ਝਾਤੀ ਮਾਰੀਏ ਤਾਂ ਅਸੀਂ ਅੱਜ ਕਟਹਿਰੇ 'ਚ ਖੜ੍ਹੇ ਹਾਂ, ਕਿਉਂਕਿ ਅਸੀਂ ਧੀਆਂ ਨੂੰ ਉਨ੍ਹਾਂ ਦੀ ਬਣਦੀ ਆਜ਼ਾਦੀ, ਪਿਆਰ ਤੇ ਹੱਕ ਨਹੀਂ ਦੇ ਸਕੇ ।ਵੇਖਣਯੋਗ ਗੱਲ ਹੈ ਕਿ ਕੁੜੀਆਂ ਪ੍ਰਤੀ ਮਨੁੱਖਤਾ ਦਕੜੇ ਇਨ੍ਹਾਂ ਉਪਰਾਲਿਆਂ 'ਤੇ ਪ੍ਰਸ਼ਨ ਚਿੰਨ੍ਹ ਲਗਾਉਂਦੇ ਹਨ ।ਲੜਕੀਆਂ ਨਾਲ ਭੇਦ-ਭਾਵ ਅੱਜ ਵੀ ਜਾਰੀ ਹੈ, ਚਾਹੇ ਉਹ ਸਿੱਖਿਆ ਹੋਵੇ, ਪੋਸ਼ਣ ਹੋਵੇ, ਕਾਨੂੰਨੀ ਅਧਿਕਾਰ ਦੀ ਗੱਲ ਹੋਵੇ ਜਾਂ ਉਨ੍ਹਾਂ ਦੇ ਸਨਮਾਨ ਦੀ ।'ਸੈਂਟਰ ਫ਼ਾਰ ਸੋਸ਼ਲ ਰਿਸਰਚ' ਦਾ ਅਨੁਮਾਨ ਹੈ ਕਿ ਬੀਤੇ 2 ਦਹਾਕਿਆਂ 'ਚ ਭਾਰਤ ਅੰਦਰ ਕੰਨਿਆ ਭਰੂਣ ਹੱਤਿਆ ਕਾਰਨ ਇਕ ਕਰੋੜ ਤੋਂ ਵੱਧ ਬੱਚੀਆਂ ਜਨਮ ਹੀ ਨਹੀਂ ਲੈ ਸਕੀਆਂ । ਸਾਡੇ ਸਮਾਜ ਦੀ ਇਹ ਮਾਨਸਿਕਤਾ ਅਡੋਲ ਖੜ੍ਹੀ ਹੈ ਕਿ ਧੀਆਂ ਦੇ ਜੰਮਦਿਆਂ ਹੀ ਮਾਪਿਆਂ ਨੂੰ ਉਨ੍ਹਾਂ ਦੇ ਸਮਾਜਿਕ ਸੁਰੱਖਿਆ ਅਤੇ ਵਿਆਹ ਤੇ ਦਾਜ ਦੀ ਫ਼ਿਕਰ ਖਾਣ ਲਗਦੀ ਹੈ। ਭਾਵੇਂ ਕਿ ਸਾਡੇ ਸਮਾਜ ਦੀ ਇਕ ਰਵਾਇਤ ਕੰਨਿਆ ਨੂੰ ਪੂਜਣ ਦੀ ਵੀ ਹੈ, ਪਰ ਦੂਜੇ ਪਾਸੇ ਸਾਡੀ ਮਾਨਸਿਕਤਾ ਧੀ ਦੇ ਜਨਮ ਮੌਕੇ ਮਾਹੌਲ ਨੂੰ ਸੋਗਮਈ ਬਣਾ ਦਿੰਦੀ ਹੈ। ਭਾਵੇਂ ਕਿ ਦੇਸ਼ ਦੀ ਆਬਾਦੀ 'ਚ ਨਿਰੰਤਰ ਵਾਧਾ ਹੋ ਰਿਹਾ ਹੈ, ਪਰ ਧੀਆਂ ਦੀ ਗਿਣਤੀ ਨਿਰੰਤਰ ਘੱਟ ਰਹੀ ਹੈ। ਭਾਰਤ 'ਚ 1991 ਦੀ ਜਨਗਣਨਾ ਅਨੁਸਾਰ 1000 ਮੁੰਡਿਆਂ ਦੇ ਮੁਕਾਬਲੇ 945 ਲੜਕੀਆਂ, 2001 'ਚ 927 ਅਤੇ 2011 'ਚ ਹੋਰ ਹੋਏ ਗਰਭਪਾਤਾਂ ਕਾਰਨ ਧੀਆਂ ਦੀ ਗਿਣਤੀ ਘਟਦੀ ਜਾ ਰਹੀ ਹੈ। ਜਿੱਥੇ ਲੜਕਿਆਂ ਨੂੰ ਜਾਇਦਾਦ ਤੇ ਲੜਕੀਆਂ ਨੂੰ ਬੋਝ ਤੇ ਕਰਜ਼ੇ ਦੀ ਪੰਡ ਸਮਝਣ ਵਾਲਿਆਂ ਨੇ ਧੀਆਂ ਦੀ ਕਦਰ ਘਟਾਈ ਹੈ, ਉੱਥੇ ਸਾਡੇ ਸਮਾਜ ਨੇ ਧੀਆਂ ਨੂੰ ਬਣਦਾ ਮਾਣ-ਸਤਿਕਾਰ ਨਹੀਂ ਦਿੱਤਾ ਤੇ ਉਨ੍ਹਾਂ ਪ੍ਰਤੀ ਅਪਰਾਧ ਲਗਾਤਾਰ ਵੱਧ ਰਹੇ ਹਨ। ਤਰਾਸਦੀ ਇਹ ਹੈ ਕਿ ਔਰਤਾਂ ਨਾਲ ਹੋਣ ਵਾਲੇ ਅਪਰਾਧਾਂ 'ਚੋਂ ਲਗਪਗ 50 ਫ਼ੀਸਦੀ ਹੀ ਦਰਜ ਹੁੰਦੇ ਹਨ ।ਕੁਝ ਸਮਾਜ ਅਤੇ ਕੁਝ ਬਦਨਾਮੀ ਦੇ ਡਰ ਤੋਂ ਦਰਜ ਹੀ ਨਹੀਂ ਕਰਵਾਏ ਜਾਂਦੇ।



ਡਾ: ਕਾਹਲੋਂ

# ਪੁਸਤਕ ਰਿਵੀਊ

**ਪੁਸਤਕ ਦਾ ਨਾਂ: ਚਿਤਾ ਦੀ ਅੱਗ ਦਾ ਸੇਕ**
**ਲੇਖਕ: ਕੀਰਤ ਸਿੰਘ 'ਫਰਿਆਦ'**

ਪੰਨੇ: 40
ਕੀਮਤ: 150

ਸੁੰਦਰ ਦਿੱਖ ਵਾਲੀ ਹਥਲੀ ਪੁਸਤਕ 'ਚਿਤਾ ਦੀ ਅੱਗ ਦਾ ਸੇਕ' ਕੀਰਤ ਸਿੰਘ 'ਫਰਿਆਦ' ਦੀ ਛੇਵੀਂ ਪੁਸਤਕ ਹੈ ਜਿਸ ਵਿਚ ਲੇਖਕ ਨੇ ਇਕ ਮੱਧ ਵਰਤੀ ਪਰਿਵਾਰ ਦੇ ਟੁੱਟਦੇ ਜੁੜਦੇ ਰਿਸ਼ਤਿਆਂ ਨੂੰ ਬਹੁਤ ਹੀ ਖ਼ੂਬਸੂਰਤੀ ਨਾਲ ਨਿਭਾਇਆ ਹੈ। ਇਸ ਨਾਵਲਿਟ ਦੇ ਪਾਤਰ ਕਰਮ ਸਿੰਘ (ਕਰਮੇ) ਦੀ ਮਲੋ-ਦਿਸ਼ਾ ਨੂੰ ਬੜੀ ਬਰੀਕੀ ਨਾਲ ਭਾਂਪਿਆ ਹੈ ਕਿ ਇਕ ਕੈਦੀ ਨੂੰ ਦਿੱਤੀ ਹੋਈ ਫਾਂਸੀ ਕਾਰਨ ਕਰਮੇ ਦੇ ਮਨ 'ਤੇ ਡੂੰਘਾ ਅਸਰ ਹੋਇਆ ਕਿ ਉਹ ਸੋਚਣ ਲੱਗ ਪਿਆ ਕਿ ਇਸ ਸ਼ਹਿਰ ਵਿਚ ਇਕ ਨਾ ਇਕ ਦਿਨ ਸਭ ਨੂੰ ਫਾਂਸੀ ਦਿੱਤੀ ਜਾਵੇਗੀ ਤੇ ਉਹ ਇਸ ਡਰ ਕਾਰਨ ਸ਼ਹਿਰ ਛੱਡ ਕੇ ਆਪਣੇ ਵੱਡੇ ਭਰਾ ਧਰਮ ਸਿੰਘ (ਧਰਮੇ) ਕੋਲ ਅੰਮ੍ਰਿਤਸਰ ਚਲਾ ਗਿਆ ਕਿਉਂਕਿ ਕਰਮਾ ਆਪਣੇ ਭਰਾ ਧਰਮੇ ਦੀ ਕਮਾਈ 'ਤੇ ਨਿਰਭਰ ਕਰਦਾ ਸੀ, ਧਰਮੇ ਨੇ ਆਪਣੀ ਪੂਰੀ ਜਿੰਮੇਦਾਰੀ ਸਮਝਦਿਆਂ ਕਰਮੇ ਨੂੰ ਖ਼ੂਬ ਪੜ੍ਹਾਇਆ ਤੇ ਖ਼ੂਬ ਪਿਆਰ ਦਿੱਤਾ। ਕਰਮੇ 'ਚ ਵੀ ਇਥੇ ਆ ਕੇ ਪੂਰੀ ਤਬਦੀਲੀ ਆ ਗਈ ਤੇ ਪੜ੍ਹਾਈ ਵਿਚ ਚੰਗੇ ਮਾਅਰਕੇ ਮਾਰਨ ਲੱਗਾ ਜਦੋਂ ਕਰਮਾ ਆਪਣੇ ਪੈਰਾਂ 'ਤੇ ਖੜ੍ਹਾ ਹੋ ਗਿਆ ਤਾਂ ਧਰਮੇ ਦੇ ਮਨ ਵਿਚ ਆਪਣੇ ਭਰਾ ਲਈ ਈਰਖਾ ਭਾਵਨਾ ਜਾਗ ਪਈ। ਕਰਮੇ ਦੀ ਹੁੰਦੀ ਤਰੱਕੀ ਵੇਖ ਕੇ ਧਰਮੇ ਦਾ ਪਰਿਵਾਰ ਸੜਨ ਲੱਗ ਪਿਆ ਜਿਸ ਨੂੰ ਜਾਗ ਲਗਾਉਣ ਵਿਚ ਉਸਦੀ ਪਤਨੀ ਦਾ ਪੂਰਾ-ਪੂਰਾ ਹੱਥ ਸੀ। ਜਿੱਥੇ ਧਰਮੇ ਦਾ ਪਰਿਵਾਰ ਕਰਮੇ ਵਲੋਂ ਦਿਨ ਪ੍ਰਤੀ ਦਿਨ ਕੀਤੀ ਜਾ ਰਹੀ ਤਰੱਕੀ ਤੇ ਖ਼ੁਸ਼ਹਾਲੀ ਤੋਂ ਸੜਦਾ ਸੀ, ਉੱਥੇ ਇਹ ਸਭ ਕੁਝ ਜਾਣਦੇ ਹੋਏ ਵੀ ਕਰਮਾ ਆਪਣੇ ਉੱਤੇ ਕੀਤੇ ਹੋਏ ਭਰਾ ਦੇ ਅਹਿਸਾਨਾਂ ਨੂੰ ਪੱਲੇ ਬੰਨ੍ਹੀ, ਵੱਡੇ ਭਰਾ ਵਲੋਂ ਕੀਤੀਆਂ ਜ਼ਿਆਦਤੀਆਂ ਨੂੰ ਅਣਗੌਲਿਆਂ ਕਰਕੇ ਉਸ ਪ੍ਰਤੀ ਪੂਰਾ ਸਤਿਕਾਰ ਜਿਤਾਉਂਦਾ। ਲੇਖਕ ਨੇ ਜਿੱਥੇ ਧਰਮੇ ਦੇ ਪਰਿਵਾਰ ਨੂੰ ਈਰਖਾ ਤੇ ਦੈਤ ਦੇ ਸਾੜੇ ਸਾਜਸ਼ੀਆਂ ਦਾ ਪੁਤਲਾ ਦਰਸਾਇਆ ਹੈ, ਉਥੇ ਕਰਮੇ ਨੂੰ ਮਿਹਨਤੀ, ਨੇਕਦਿਲ ਅਤੇ ਉਸਦੀ ਦੀ ਜੀਵਨ ਸਾਥਣ ਇੰਦੂ ਨੂੰ ਉਸਦੇ ਹਰ ਕੰਮ ਵਿਚ ਹੱਥ ਵਟਾਉਣ ਵਾਲੀ 'ਤੇ ਤਿਆਗ ਦੀ ਮੂਰਤ ਵਜੋਂ ਪੇਸ਼ ਕੀਤਾ ਕਰਕੇ ਇਕ ਪਵਿੱਤਰ ਪਾਰਤ ਸਿਰਜਣ ਦੀ ਕੋਸ਼ਿਸ਼ ਕੀਤੀ ਹੈ। ਇਹ ਗੱਲ ਉਦੋਂ ਸੱਚ ਹੋ ਨਿਬੜਦੀ ਹੈ ਜਦੋਂ ਇੰਦੂ ਆਪਣੀ ਔਲਾਦ ਨਾ ਹੋਣ ਕਾਰਨ ਪਤੀ ਦੀ ਔਲਾਦ ਪ੍ਰਤੀ ਇੱਛਾ ਨੂੰ ਪੂਰਾ ਕਰਨ ਲਈ, ਪਤੀ ਦੀ ਸ਼ਾਦੀ ਕਰਨ ਲਈ ਦਫਤਰੋਂ ਮਨਜ਼ੂਰੀ ਫਾਰਮ ਲਿਆ ਕੇ ਉਸਦੇ ਹੱਥ ਫੜ੍ਹਾਉਂਦੀ ਹੈ ਤੇ ਦੋਹਾਂ ਦਾ ਪਿਆਰ ਉਦੋਂ ਸਿਖਰਾਂ ਨੂੰ ਛੋਹ ਜਾਂਦਾ ਹੈ ਜਦੋਂ ਇਹ ਫਾਰਮ ਇੰਦੂ ਦੇ ਹੱਥੋਂ ਫੜ ਫਾੜਦਾ ਹੋਇਆ ਕਰਮਾ ਇੰਦੂ ਨੂੰ ਕਹਿੰਦਾ ਹੈ "ਇੰਦੂ ਪਹਿਲਾਂ ਤਾਂ ਮੈਂ ਤੇਰੇ ਨਾਲ ਪਿਆਰ ਹੀ ਕਰਦਾ ਸਾਂ, ਜੀਵਨ ਸਾਥੀ ਸਮਝ ਕੇ, ਪ੍ਰੰਤੂ ਅੱਜ ਤੋਂ ਤੂੰ ਮੇਰੇ ਮਨ ਅੰਦਰ ਇਕ ਦੇਵੀ ਦੇ ਤੌਰ ਤੇ ਵੱਸ ਗਈ ਏਂ ਅਤੇ ਜੇ ਮੈਂ ਤੇਰੀ ਪੂਜਾ ਵੀ ਕਰਾਂ ਤਾਂ ਕੋਈ ਅਣਹੋਣੀ ਗੱਲ ਨਹੀਂ ਹੋਵੇਗੀ। "ਇਸ ਤਰ੍ਹਾਂ ਦੋਹਾਂ ਦਾ ਪਿਆਰ ਇਕ ਜੋਤ ਦੁਇ ਮੂਰਤੀ ਹੋ ਨਿਬੜਦਾ ਹੈ। ਈਰਖਾ ਤੇ ਸਾੜੇ ਵਿਚ ਗ੍ਰਹਿਸਿਆ ਧਰਮਾ ਬੇਸਹਾਰਾ ਹੋਇਆ ਹਸਪਤਾਲ ਵਿਚ ਤੜਫ-ਤੜਫ ਕੇ ਲਵਾਰਸ ਲਾਸ਼ ਬਣ ਜਾਂਦਾ ਹੈ। ਇਧਰ ਇੰਦੂ ਦੀ ਮੌਤ ਦੇ ਵਿਯੋਗ ਵਿਚ ਤੜਪਦਾ ਕਰਮਾ ਕਵਿਤਾ ਦਾ ਸਹਾਰਾ ਲੈਂਦਾ ਹੈ ਤੇ ਉਨ੍ਹਾਂ ਨੂੰ ਇੰਦੂ ਦੂ ਵਿਛੋੜੇ ਦੀ ਸੱਟ ਅਸਿਹ ਲੱਗਦੀ ਹੈ। ਪ੍ਰੰਤੂ ਉੱਤਰਾਖੰਡ ਦੀ ਬਰਬਾਦੀ ਵੇਖ ਕੇ ਉਸਨੂੰ ਆਪਣਾ ਦੁਖ ਬਹੁਤ ਥੋੜਾ ਲੱਗਣ ਲਗਦਾ ਹੈ। ਇਹ ਨਾਵਲਿਟ ਇਕ ਖ਼ੂਬਸੂਰਤ ਤੇ ਗੁੰਦਵੀਂ ਕਹਾਣੀ ਹੈ। ਜਿਸ ਵਿਚ ਖਿਲਾਅ ਤੇ ਫਾਲਤੂ ਵੱਲ ਕੋਈ ਨਹੀਂ ਹੈ। ਉਮੀਦ ਹੈ ਕਿ ਲੇਖਕ ਅਜਿਹੀਆਂ ਹੋਰ ਰਚਨਾਵਾਂ ਵੀ ਮਾਂ ਬੋਲੀ ਦੀ ਝੋਲੀ ਵਿਚ ਪਾਏਗਾ, ਸਮੇਂ ਮੁਤਾਬਿਕ ਸਫਲ ਰਚਨਾ ਹੈ। ਪੇਸ਼ਕਾਰੀ ਦਾ ਸਵਾਗਤ ਹੈ।




**-ਹਰੀ ਸਿੰਘ ਚਮਕ**
**93178-31521**

ਡੰਗ ਤੇ ਚੋਭਾ

# ਖ਼ੁਦ ਨੂੰ ਮੈਂ ਬਲੀ ਦਾ ਦੋਸਤੋ ਬਕਰਾ ਬਣਾਵਾਂਗਾ ਕਿਵੇਂ ?

ਗੁਰਮੀਤ ਪਲਾਹੀ

**ਮਿਤਰੋ ਹੁਣ ਪੱਕੀ ਆੜੀ ਦਾ ਵੇਲਾ ਹੀ ਨਹੀਂ ! ਜਿਧਰ 'ਪਲੀ' ਉਧਰ ਹੀ ਤੁਰੀ ਜਾਵੇ "ਝੱਲੀ"। ਵੇਖੋ ਨਾ 'ਆਪ' ਆਈ, ਨੇਤਾਵਾਂ ਲਈ 'ਬਹਾਰ' ਆਈ ! ਫਿਰ 'ਆਪ' ਗਈ, ਨੇਤਾਵਾਂ ਦਾ ਕੋੜਮਾ ਜਿਧਰ ਮੂੰਹ ਆਇਆ, ਉਧਰ ਉਠ ਤੁਰਿਆ। ਨੇਤਾ ਰਹੇ ਪਰ ਭੋਲੇ, ਮੂੰਹੋਂ ਕੁਝ ਨਾ ਬੋਲੇ ! 'ਭਾਅ' ਲੁਵਾਏ, ਜਿਧਰੋਂ ਤੋਰੀ-ਫੁਲਕੇ ਲਈ ਚੰਗਾ ਮੁੱਲ ਮਿਲਿਆ, ਉਧਰਲੇ ਹੀ ਬੋਲ ਬੋਲੇ। 'ਕਾਂਗਰਸ' ਨੂੰ ਕੁਟਾਪਾ ਚਾੜ੍ਹਨ ਵਾਲਾ ਆਹ ਆਪਣਾ 'ਸਿੱਧੂ', ਪੱਪੂ ਦੀ ਗੋਦੀ 'ਚ ਜਾ ਬੈਠਾ, ਇਹ ਆਖ ਚਲੋ ਹੁਣ 'ਰਾਮ' ਭਲੀ ਕਰੂਗਾ ! ਰਾਮ ਨੇ ਭਲੀ ਤਾਂ ਕਰ ਤੀ, ਹੱਥ ਛੈਂਟਾ ਵੀ, ਫੜਾ ਤਾ, ਪਰ ਲਗਾਮ "ਵੱਡੇ ਹੱਥ" ਫੜਾ ਤੀ !**



ਖ਼ਬਰ ਹੈ ਕਿ ਦੋ ਵੇਰ ਲੋਕ ਸਭਾ ਮੈਂਬਰ ਅਤੇ ਕਾਂਗਰਸ ਪਾਰਟੀ ਦੇ ਕੌਮੀ ਅਹੁਦੇਦਾਰ ਰਹਿ ਚੁੱਕੇ ਪੰਜਾਬ ਦੇ ਚਰਚਿਤ ਆਗੂ ਜਗਮੀਤ ਸਿੰਘ ਬਰਾੜ ਨੇ ਤ੍ਰਿਮੂਲ ਕਾਂਗਰਸ ਦੀ ਸੂਬਾਈ ਪ੍ਰਧਾਨਗੀ ਤੋਂ ਅਸਤੀਫਾ ਦੇ ਕੇ ਭਵਿੱਖ ਦਾ ਫੈਸਲਾ ਕਰਨ ਲਈ ਪੰਜਾਬ ਵਿਚਲੇ ਆਪਣੇ ਸ਼ੁਭਚਿੰਤਕਾਂ ਨਾਲ ਸਲਾਹ-ਮਸ਼ਵਰਾ ਕਰਨ ਦਾ ਐਲਾਨ ਕੀਤਾ ਹੈ। ਬਰਾੜ ਪਹਿਲਾਂ ਕਾਂਗਰਸ ਵਿੱਚ ਰਹਿ ਚੁੱਕੇ ਹਨ। ਉਹਨਾ ਦੀ ਚਰਚਾ ਭਾਜਪਾ 'ਚ ਜਾਣ ਬਾਰੇ ਵੀ ਛਿੜੀ ਸੀ, ਪਰ ਉਹ ਭਾਜਪਾ 'ਚ ਨਾ ਗਏ।

ਉਧਰ ਪੰਜਾਬ ਦੇ ਬਹੁ-ਚਰਚਿਤ ਨੇਤਾ ਨਵਜੋਤ ਸਿੰਘ ਸਿੱਧੂ ਨੇ ਕਿਹਾ ਹੈ ਕਿ ਉਹ ਆਖਰੀ ਸਾਹ ਤੱਕ ਕਾਂਗਰਸ ਨਹੀਂ ਛੱਡਣਗੇ।

ਮਿਤਰੋ ਹੁਣ ਪੱਕੀ ਆੜੀ ਦਾ ਵੇਲਾ ਹੀ ਨਹੀਂ ! ਜਿਧਰ 'ਪਲੀ' ਉਧਰ ਹੀ ਤੁਰੀ ਜਾਵੇ "ਝੱਲੀ"। ਵੇਖੋ ਨਾ 'ਆਪ' ਆਈ, ਨੇਤਾਵਾਂ ਲਈ 'ਬਹਾਰ' ਆਈ ! ਫਿਰ 'ਆਪ' ਗਈ, ਨੇਤਾਵਾਂ ਦਾ ਕੋੜਮਾ ਜਿਧਰ ਮੂੰਹ ਆਇਆ, ਉਧਰ ਉਠ ਤੁਰਿਆ। ਨੇਤਾ ਰਹੇ ਪਰ ਭੋਲੇ, ਮੂੰਹੋਂ ਕੁਝ ਨਾ ਬੋਲੇ ! 'ਭਾਅ' ਲੁਵਾਏ, ਜਿਧਰੋਂ ਤੋਰੀ-ਫੁਲਕੇ ਲਈ ਚੰਗਾ ਮੁੱਲ ਮਿਲਿਆ, ਉਧਰਲੇ ਹੀ ਬੋਲ ਬੋਲੇ। 'ਕਾਂਗਰਸ' ਨੂੰ ਕੁਟਾਪਾ ਚਾੜ੍ਹਨ ਵਾਲਾ ਆਹ ਆਪਣਾ 'ਸਿੱਧੂ', ਪੱਪੂ ਦੀ ਗੋਦੀ 'ਚ ਜਾ ਬੈਠਾ, ਇਹ ਆਖ ਚਲੋ ਹੁਣ 'ਰਾਮ' ਭਲੀ ਕਰੂਗਾ ! ਰਾਮ ਨੇ ਭਲੀ ਤਾਂ ਕਰ ਤੀ, ਹੱਥ ਛੈਂਟਾ ਵੀ, ਫੜਾ ਤਾ, ਪਰ ਲਗਾਮ "ਵੱਡੇ ਹੱਥ" ਫੜਾ ਤੀ ! ਜਿਹੜਾ ਆਂਹਦਾ ਆ "ਪਹਿਲਾ ਤੋਲੋ, ਫਿਰ ਬਾਦਲਾਂ ਬਾਰੇ ਬੋਲੋ" ਡਾਹਢੇ ਬਾਦਲਾਂ ਤੇ ਅਕਾਲੀਆਂ ਨੂੰ ਲੰਮੇ ਹੱਥ ਲੈਣ ਵਾਲਾ ਬਰਾੜ, ਅਜਿਹਾ ਰਾਹੋਂ ਖੁੰਝਿਆ, ਕਦੇ ਇੱਕ ਬਨੇਰੇ, ਕਦੇ ਦੂਜੇ ਬਨੇਰੇ, ਤੇ ਮੱਲ ਬੈਠਾ ਉਜੜਿਆ ਵਿਹੜਾ। ਪੰਜਾਬੋਂ ਬਾਹਰਲਾ ਵਿਹੜਾ, ਜਿਥੇ ਨਾ ਕਣਕ, ਨਾ ਬਾਜਰਾ, ਨਾ ਮੱਕੀ, ਨਾ ਚੌਲ, ਬਸ ਦਲੀਆ ਹੀ ਦਲੀਆ। ਉਵੇਂ ਹੀ ਕਿਵੇਂ ਰਿੱਧੀ ਸੀ ਖੀਰ ਤੇ ਹੋ ਗਿਆ ਦਲੀਆ ! ਇਧਰ ਬਰਾੜ ਦੇ ਸਾਹ ਔਖੇ, ਉਧਰ ਸਿੱਧੂ ਦੇ ਸਾਹ ਔਖੇ ! ਦੋਵੇਂ ਵਿਚਾਰੇ ਇਹੋ ਸੋਚਦੇ ਆ, ਉਖਲੀ 'ਚ ਸਿਰ ਦਿੱਤਾ ਤਾਂ ਮੋਹਲਿਆਂ ਦਾ ਕੀ ਡਰ ? ਪਰ ਖੁੱਲ੍ਹਾਂ ਖੇਡਣ, ਮੱਲਾਂ ਮਾਰਨ ਦੇ ਸੁਪਨਿਆਂ ਦਾ ਕਤਲ ਹੁੰਦਾ ਦੇਖ ਬਸ ਬੇਬਸੀ 'ਚ ਇਹੋ ਆਖਦੇ ਆ ਕਵੀ 'ਕਰਤਾਰ' ਦੇ ਇਹ ਬੋਲ, "ਚਤੁਰ ਅੰਤਰ -ਆਤਮਾ ਨੂੰ ਸੱਚ ਦਾ ਸ਼ੀਸ਼ਾ ਵਿਖਾਵਾਂਗਾ ਕਿਵੇਂ ? ਇਸ ਤਰ੍ਹਾਂ ਖ਼ੁਦ ਨੂੰ ਬਲੀ ਦਾ ਦੋਸਤੋ ਬਕਰਾ ਬਣਾਵਾਂਗਾ ਕਿਵੇਂ" ?

### ਧਰਮ ਦਾ ਦਰਬਾਰ ਹੈ, ਛਲੀ ਸਰਕਾਰ ਹੈ !

ਖ਼ਬਰ ਹੈ ਕਿ ਦਾਵੋਸ 'ਚ ਹੋਏ ਵਿਸ਼ਵ ਆਰਥਕ ਫੋਰਮ (ਡਵਲਯੂ ਈ ਐਫ) ਦੇ ਸਲਾਨਾ ਸੰਮੇਲਨ 'ਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਜਮਹੂਰੀ ਅਤੇ ਵਿਕਾਸਸ਼ੀਲ ਭਾਰਤ ਦੀ ਝਲਕ ਪੇਸ਼ ਕੀਤੀ ਤਾਂ ਰਿਜ਼ਰਵ ਬੈਂਕ ਦੇ ਸਾਬਕਾ ਗਵਰਨਰ ਰਘੂਰਾਮ ਰਾਜਨ ਨੇ ਇਸ ਤੇ ਸ਼ੰਕੇ ਜ਼ਾਹਰ ਕੀਤੇ ਕਿ ਕੀ ਮੋਦੀ ਸਰਕਾਰ ਦੇ ਕੰਮਕਾਜ ਦੇ ਤਰੀਕੇ ਸਚਮੁੱਚ ਹੀ ਜਮਹੂਰੀ ਹਨ ? ਉਹਨਾ ਕਿਹਾ ਕਿ ਮੋਦੀ ਸਰਕਾਰ 'ਚ ਇਕ ਛੋਟਾ ਜਿਹਾ ਗੁੱਰਪ ਸਾਰੇ ਫੈਸਲੇ ਲੈ ਰਿਹਾ ਹੈ, ਜਦਕਿ ਨੌਕਰਸ਼ਾਹਾਂ ਨੂੰ ਦਰਕਿਨਾਰਾ ਕਰ ਦਿੱਤਾ ਗਿਆ ਹੈ।

ਨਗਾਰਖਾਨੇ 'ਚ ਕਦੇ ਸੁਣਿਆ, ਤੂਤੀ ਦੀ ਆਵਾਜ਼ ਸੁਣੀ ਜਾਂਦੀ ਆ ? ਢੋਲ ਢਮੱਕੇ ਵੱਜ ਰਹੇ ਹਨ। ਦੇਸ਼ ਤਰੱਕੀ ਕਰ ਰਿਹਾ ਹੈ। ਦੇਸ਼ ਪੁਲਾਘਾਂ ਪੁੱਟ ਰਿਹਾ ਹੈ। ਦੇਸ਼ ਅੱਗੇ ਵੱਧ ਰਿਹਾ ਹੈ। ਦੇਸ਼ ਦਾ ਵੱਡਾ ਆਗੂ ਕੂਕ-ਕੂਕ ਕੇ ਸਭ ਨੂੰ ਸੁਣਾ ਰਿਹਾ ਹੈ। ਸਭ ਦਾ ਮਨ ਪਰਚਾ ਰਿਹਾ ਹੈ। ਵਿਦੇਸ਼ ਬੈਠਾ ਆਪ, ਦੇਸ਼ ਨੂੰ ਸਬਕ ਪੜ੍ਹਾ ਰਿਹਾ ਹੈ, ਜਮਹੂਰੀ, ਬਹੁ-ਰੰਗੀ, ਗਤੀਸ਼ੀਲ ਹੈ ਭਾਰਤ ਦੇਸ਼ ਮਹਾਨ। ਲੋਕ ਸੁਣ ਰਹੇ ਹਨ ! ਲੋਕ ਚੁੱਪ ਬੈਠੇ ਹਨ !! ਤਮਾਸ਼ਾ ਦੇਖ ਰਹੇ ਹਨ !!! ਇੱਕ ਤੋਂ ਬਾਅਦ ਇੱਕ ਸੀਨ ਦੇਖਣ ਨੂੰ ਮਿਲ ਰਿਹਾ ਹੈ। ਪੂਜਾ ਹੋ ਰਹੀ ਹੈ। ਗਊ ਪੂਜੀ ਜਾ ਰਹੀ ਹੈ। ਧਰਮ ਵਡਿਆਇਆ ਜਾ ਰਿਹਾ ਹੈ। ਹਰ ਇੱਕ ਦੇ ਪੱਲੇ ਝੂਠ-ਝੂਠਾ, ਸੱਚ ਪੱਲੇ ਪਾਇਆ ਜਾ ਰਿਹਾ ਹੈ। ਕਹਿਣ ਨੂੰ ਧਰਮ ਨਿਰਪੱਖ, ਪਰ ਪੱਲੇ ਇਕੋ ਧਰਮ ਪਾਇਆ ਜਾ ਰਿਹਾ ਹੈ। ਡੁਗ-ਡੁਗੀ ਵਜਾਉਂਦਾ ਮਦਾਰੀ ਬੋਲ ਰਿਹਾ ਹੈ, "ਪੇਟ ਕਾ ਸਵਾਲ ਹੈ"। ਡੁਗ-ਡੁਗੀ ਵਜਾਉਂਦਾ ਮਦਾਰੀ ਬੋਲ ਰਿਹਾ ਹੈ, "ਪੈਸੇ ਦਾ ਸਵਾਲ ਹੈ"। ਜਨਤਾ ਸੁਣ ਰਹੀ ਹੈ। ਚੁੱਪ-ਚੁੱਪ ਕੰਨ ਝਾੜਕੇ ਤਮਾਸ਼ਾ ਦੇਖ ਤੁਰੀ ਜਾ ਰਹੀ ਹੈ। ਪੱਲੇ ਹੀ ਕੁਝ ਨਹੀਂ, ਤਾਂ ਮਦਾਰੀ ਦੇ ਪੱਲੇ ਕੀ ਪਾਵੇ ? ਜਨਤਾ ਜਾਣਦੀ ਹੈ ਕਗਾਰਖਾਨੇ 'ਚ ਧਰਮ ਦਾ ਦਰਬਾਰ ਹੈ, ਇੱਥੇ ਤਾ ਛਲੀ ਸਰਕਾਰ ਹੈ। ਇਥੇ ਤਾਂ ਝੂਠ ਦਾ ਕਾਰੋਬਾਰ ਹੈ !

### ਬੰਦ ਗਲੀ ਦੀਆਂ ਘੁੰਮਣ ਘੇਰੀਆਂ

ਖ਼ਬਰ ਹੈ ਕਿ ਵਿੱਤ ਮੰਤਰੀ ਅਰੁਣ ਜੇਤਲੀ ਨੇ ਕਿਹਾ ਹੈ ਕਿ ਵਸਤੂ ਤੇ ਸੇਵਾ ਕਰ (ਜੀ ਐਸ ਟੀ) ਪ੍ਰਣਾਲੀ ਬਹੁਤ ਹੀ ਥੋਹੜੇ ਸਮੇਂ 'ਚ ਸਥਿਰ ਹੋ ਗਈ ਹੈ। ਉਹਨਾ ਕਿਹਾ ਕਿ ਦੇਸ਼ ਵਿੱਚ ਅਪ੍ਰਤੱਖ ਟੈਕਸ ਪ੍ਰਣਾਲੀ ਵਿੱਚ ਬਦਲਾਅ ਆਇਆ ਹੈ। ਇਸ ਸਮੇਂ 5, 12 ਅਤੇ 18 ਅਤੇ 28 ਫੀਸਦੀ ਦੀਆਂ ਦਰਾਂ ਲਾਗੂ ਹਨ ਅਤੇ ਇਹਨਾ ਦਰਾਂ 'ਚ ਚੋਰ ਤਬਦੀਲੀ ਦੇ ਉਹਨਾ ਸੰਕੇਤ ਵੀ ਦਿੱਤੇ ਹਨ।

ਨੋਟਬੰਦੀ ਨੇ ਹਿੰਦੋਸਤਾਨ ਦੇ ਲੋਕ ਰੁਆ ਦਿਤੇ ਉਵੇਂ ਹੀ ਜਿਵੇਂ ਰੋਂਦੀਆਂ ਨੇ ਅਨਾਥ ਕੁੜੀਆਂ। ਜੀ ਐਸ ਟੀ ਨੇ ਡਰਾ ਦਿਤੇ ਹਿੰਦੋਸਤਾਨੀ ਉਵੇਂ, ਜਿਵੇਂ ਬਦਲਾਂ ਨੂੰ ਚੀਰਦੀ ਡਰਾ ਦਿੰਦੀ ਹੈ ਲੋਕਾਂ ਨੂੰ ਅਸਮਾਨੀ ਬਿਜਲੀ। ਇਹੋ ਦੋਵੇਂ ਤਾਂ ਬੰਦ ਗਲੀ ਦੀਆਂ ਘੁੰਮਣ ਘੇਰੀਆਂ ਆਂ, ਦਿੱਲੀ ਦੇ ਜੰਤਰ ਮੰਤਰ 'ਚ ਬਣੀਆਂ ਭੁੱਲ-ਭੁਲੱਈਆਂ ਵਰਗੀਆਂ ਇਹਨਾ 'ਚ ਤਾਂ ਦੇਸ਼ ਗੁਆਚ ਗਿਆ ਆ। ਪੰਜ ਬਾਰਾਂ ਅਠਾਰਾਂ ਅਠਾਈ ਤਾਂ ਅੰਕੜੇ ਆ, ਜਿਹਨਾ ਨੂੰ ਜੇਤਲੀ ਨੇ ਸਿੱਕਿਆਂ ਵਾਂਗਰ ਲੋਕਾਂ ਦੀਆਂ ਜੇਬਾਂ 'ਚੋਂ ਕੱਢਿਆ 'ਤੇ ਸ਼ਾਹਾਂ ਦੀਆਂ ਝੋਲੀਆ ਭਰ, ਆਪ ਸਿਰ ਹੇਠ ਬਾਂਹ ਰੱਖਕੇ ਉਹ ਸੌਂ ਗਏ ਅਤੇ ਨਾਲ ਹੀ ਸੌਂ ਗਏ ਦੇਸ਼ ਵਾਸੀਆਂ ਦੇ ਉਹ ਸੁਫਨੇ ਕਿ "ਅੱਛੇ ਦਿਨ ਆਣੇ ਵਾਲੇ ਹੈਂ"।

### ਆਪਣੇ ਹੀ ਮੋਢਿਆਂ 'ਤੇ ਆਪਣੀ ਅਰਥੀ ਉਠਾਵਾਂਗਾ ਮੈਂ

ਖ਼ਬਰ ਹੈ ਕਿ ਗਣਤੰਤਰ ਦਿਹਾੜੇ ਰਾਜਪਥ 'ਤੇ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੂੰ ਛੇਵੀਂ ਲਾਈਨ 'ਚ ਬਿਠਾਉਣ ਤੇ ਸਿਆਸੀ ਘਮਾਸਾਨ ਜਾਰੀ ਹੈ। ਭਾਜਪਾ ਨੇ ਕਿਹਾ ਕਿ ਕਾਂਗਰਸ ਦੇ ਰਾਜ ਵਿੱਚ ਭਾਜਪਾ ਆਗੂਆਂ ਨਾਲ ਵੀ ਅਜਿਹਾ ਹੀ ਵਿਵਹਾਰ ਹੁੰਦਾ ਰਿਹਾ, ਭਾਜਪਾ ਨੇ ਕਿਹਾ ਕਿ ਦੇਸ਼ ਵਿੱਚ ਹੁਣ ਕਾਂਗਰਸ ਦੀ ਸਰਕਾਰ ਨਹੀਂ ਹੈ, ਪਰ ਰਾਹੁਲ ਗਾਂਧੀ ਆਪਣੇ ਆਪ ਨੂੰ ਸੁਪਰ ਵੀ ਆਈ ਪੀ ਸਮਝਦੇ ਹਨ ਜਿਸ ਨੂੰ ਹਰ ਇੱਕ ਦੇ ਅੱਗੇ ਵਾਲੀ ਸੀਟ ਮਿਲਣੀ ਚਾਹੀਦੀ ਹੈ।

ਚੁੱਪ ਪੱਸਰੀ ਪਈ ਹੈ ਚੁਫ਼ੇਰੇ। ਖਾਮੋਸ਼ ਬੈਠੇ ਨੇ ਵਡੇਰੇ। ਬਾਜਪਾਈ ਜੀ ਨੇ ਤਾਂ ਭਾਜਪਾਈ ਕਾਰਨਾਮਿਆਂ 'ਤੇ ਐਸੀ ਚੁੱਪ ਧਾਰੀ ਕਿ ਮੋਨ ਹੀ ਹੋ ਗਏ। ਅਡਵਾਨੀ ਜੀ, ਮੋਦੀ-ਸ਼ਾਹ-ਜੇਤਲੀ ਤਿੱਕੜੀ ਦੀਆਂ ਚਾਲਾਂ 'ਚ ਐਸਾ ਫਸੇ ਕਿ ਚੁੱਪ ਕਰਾ ਦਿੱਤੇ ਗਏ। ਯਸਵੰਤ ਸਿਨਹਾ, ਸ਼ਤਰੂਘਨ ਸਿਨਹਾ, ਬੋਲਦੇ ਨੇ, ਉਚ ਬੋਲਦੇ ਨੇ, ਮੇਹਣੇ ਦਿੰਦੇ ਨੇ, ਸੱਚੀਆਂ ਸੁਣਾਉਂਦੇ ਨੇ, 'ਸਚੁ ਸੁਣਾਇਸੀ ਸਚ ਦਾ ਵੇਲਾ' ਕਹਿੰਦੇ, ਤਿਕੜੀ ਦੇ ਪੈਰੋਂ ਮਿੱਟੀ ਖਿਸਕਾਉਣ ਦਾ ਯਤਨ ਕਰਦੇ ਹਨ। ਪਰ ਭਾਈ ਤਿੰਨਾਂ ਨੇ ਬਾਪੂ ਗਾਂਧੀ ਦੇ ਤਿੰਨ ਬੰਦਰਾਂ ਦੇ ਸੁਨੇਹਿਆ ਵਾਲੀ ਗੱਲ ਪੱਲੇ ਗੰਢ ਬੰਨ੍ਹੀ ਹੋਈ ਆ, "ਬੁਰਾ ਨਾ ਦੇਖੋ, ਬੁਰਾ ਨਾ ਸੁਣੋ, ਬੁਰਾ ਨਾ ਬੋਲੋ' ਪਰ ਕਰੋ ਆਪਣੀ ਮਰਜ਼ੀ ! ਰਾਜ ਭਾਗ ਚਲਾਉ ਅਤੇ ਆਰ ਐਸ ਐਸ ਦੇ ਗੁਣ ਗਾਉ !

ਤੇ ਪਤਾ ਨਹੀਂ ਕਿਉਂ ਆਹ ਅਪਣੇ ਕਾਂਗਰਸੀ ਆਪਣੇ "ਬਾਪੂ" ਦੇ ਸੁਨੇਹੇ ਨੂੰ ਹੀ ਭੁਲ ਬੈਠੇ ਆ। ਅਤੇ ਭਾਜਪਾ ਵਾਲਿਆਂ ਨੂੰ ਆਪਣੀ ਮਰਜ਼ੀ ਕਿਉਂ ਨਹੀਂ ਕਰਨ ਦਿੰਦੇ ਜਿਹੜੇ ਇਹੋ ਜਿਹੇ ਕੰਮ ਕਰਕੇ ਇਹ ਸੋਚੀ ਬੈਠੇ ਆ, "ਆਪਣੇ ਹੀ ਮੋਢਿਆ ਤੇ ਆਪਣੀ ਅਰਥੀ ਉਠਾਵਾਂਗਾ ਮੈਂ ਅਤੇ ਮੁੜ ਬਾਜਪਾਈ ਵਾਂਗਰ ਚੁੱਪ ਕਰਕੇ ਬੈਠ ਜਾਵਾਂਗਾ ਮੈਂ"।

### ਨਹੀਂ ਰੀਸਾਂ ਦੇਸ਼ ਮਹਾਨ ਦੀਆਂ

125 ਕਰੋੜ ਦੀ ਆਬਾਦੀ ਵਾਲਾ ਭਾਰਤ ਦੁਨੀਆ ਦੇ 50 ਜਿਆਦਾ ਆਬਾਦੀ ਵਾਲੇ ਦੇਸ਼ਾਂ 'ਚੋਂ ਸਭ ਤੋਂ ਸਸਤਾ ਦੇਸ਼ ਹੈ, ਜਿੱਥੇ ਕੱਪੜਾ, ਰਸਾਇਣ ਅਤੇ ਫੂਡ ਪ੍ਰੋਸੈਸਿੰਗ ਪ੍ਰਮੁੱਖ ਉਦਯੋਗ ਹਨ।

### ਇੱਕ ਵਿਚਾਰ

ਸੁਫਨੇ ਦੇਖਣੇ ਬੰਦ ਕਰਨ ਕਾਰਣ ਲੋਕ ਬੁੱਢੇ ਹੋ ਜਾਂਦੇ ਹਨ................ ਗੈਵਿਰਅਲ ਗਾਸਰਿਆ ਮਾਰਖਜ

# ਰੁੱਤਾਂ ਦੀ ਰਾਣੀ - ਬਸੰਤ

ਬਸੰਤ ਰੁੱਤ ਨੂੰ ਰੁੱਤਾਂ ਦੀ ਰਾਣੀ ਮੰਨਿਆ ਜਾਂਦਾ ਹੈ। ਧਰਤੀ, ਅਸਮਾਨ ਤੇ ਹਵਾਵਾਂ ਵਿੱਚ ਕੁਝ ਐਸੀਆਂ ਖੁਸ਼ਬੂਆਂ ਘੁਲ ਜਾਂਦੀਆਂ ਹਨ ਕਿ ਵਾਯੂਮੰਡਲ ਨਸ਼ਿਆ ਜਾਂਦਾ ਹੈ। ਸੁੱਕੀਆਂ ਝਾੜੀਆਂ ਵੀ ਕਰੂੰਬਲਾਂ ਕੱਢ ਆਉਂਦੀਆਂ ਹਨ। ਬਸੰਤ ਰੁੱਤ ਪਤਝੜੀ ਸਿਆਲ ਰੁੱਤ ਦੇ ਪਿੱਛੋਂ ਆਉਂਦੀ ਹੈ। ਇਸ ਦੇ ਹਿੱਸੇ ਮਾਘ, ਫੱਗਣ ਤੇ ਚੇਤਰ (ਫਰਵਰੀ-ਮਾਰਚ) ਦੇ ਕੁਝ ਦਿਨ ਆਉਂਦੇ ਹਨ। ਮਾਘ ਦੇ ਅੰਤਲੇ ਪੱਖ ਵਿੱਚ ਬਸੰਤ ਰੁੱਤ ਦੀਆਂ ਨਿੱਘੀਆਂ ਧੁੱਪਾਂ ਨਾਲ ਪਾਲ਼ਾ ਘਰਾਂ ਨੂੰ ਚਲਿਆ ਜਾਂਦਾ ਹੈ। ਸੂਰਜ ਹੌਲੀ ਹੌਲੀ ਸਿੱਧਾ ਤੇ ਤਿੱਖਾ ਹੋ ਰਿਹਾ ਹੁੰਦਾ ਹੈ ਅਤੇ ਦਿਨ ਸਮੇਂ ਧਰਤੀ ਗਰਮ ਹੋ ਜਾਂਦੀ ਹੈ। ਇਸ ਦੇ ਪਿੱਛੇ ਪਿੱਛੇ ਗਰਮੀ ਦੀ ਰੁੱਤ ਆ ਰਹੀ ਹੁੰਦੀ ਹੈ। ਜੇਕਰ



ਲੋਹੜੀ ਪੋਹ ਮਹੀਨੇ ਦਾ ਅੰਤ ਹੈ ਤਾਂ ਬਸੰਤ ਪੰਚਮੀ ਬਹਾਰ ਰੁੱਤ ਦਾ ਆਗਮਨ ਹੈ।

ਸਾਡੀਆਂ ਕਈ ਇਤਿਹਾਸਕ ਘਟਨਾਵਾਂ ਬਸੰਤ ਰੁੱਤ ਜਾਂ ਬਸੰਤ ਪੰਚਮੀ ਦੇ ਤਿਉਹਾਰ ਨਾਲ ਜੁੜੀਆਂ ਹੋਈਆਂ ਹਨ। ਮਹਾਰਾਜਾ ਰਣਜੀਤ ਸਿੰਘ ਬਸੰਤ ਪੰਚਮੀ ਨੂੰ ਬੜੀ ਸ਼ਾਨ ਨਾਲ ਆਪਣਾ ਦਰਬਾਰ ਸਜਾਇਆ ਕਰਦੇ ਸਨ। ਉਸ ਦਿਨ ਸਾਰੇ ਜਰਨੈਲ, ਕਰਨੈਲ ਤੇ ਸਿਪਾਹੀ ਬਸੰਤੀ ਬਾਣੇ ਪਹਿਨ ਕੇ ਪਰੇਡ ਵਿੱਚ ਆਉਂਦੇ। ਘੋੜ ਸਵਾਰੀ, ਨਿਸ਼ਾਨੇਬਾਜ਼ੀ ਅਤੇ ਗਤਕੇ ਦੇ ਬੜੇ ਕਰਤਬ ਦਿਖਾਏ ਜਾਂਦੇ। ਸੰਨ 1846 ਵਿੱਚ ਇਸੇ ਦਿਨ ਮਹਾਰਾਜਾ ਰਣਜੀਤ ਸਿੰਘ ਦੇ ਮਹਾਨ ਜਰਨੈਲ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਅੰਗਰੇਜ਼ਾਂ ਨਾਲ ਲੜਦੇ ਹੋਏ ਸ਼ਹੀਦ ਹੋਏ ਸੀ। ਬਸੰਤ ਪੰਚਮੀ ਨਾਲ ਵੀਰ ਹਕੀਕਤ ਰਾਏ ਦੀ ਸ਼ਹੀਦੀ ਵੀ ਜੁੜੀ ਹੋਈ ਹੈ। ਹਕੀਕਤ ਰਾਏ ਦਾ ਜਨਮ ਸੰਨ 1724 ਨੂੰ ਸਿਆਲਕੋਟ (ਪਾਕਿਸਤਾਨ) ਵਿਖੇ ਹੋਇਆ। ਆਪ ਦੇ ਜਨਮ ਸਮੇਂ ਲੋਕਾਂ ਅੰਦਰ ਧਾਰਮਿਕ ਕੱਟੜਤਾ ਬਹੁਤ ਸੀ। ਇੱਕ ਦੂਜੇ ਪ੍ਰਤੀ ਪਿਆਰ ਤੇ ਸਹਿਣਸ਼ੀਲਤਾ ਉੱਕਾ ਹੀ ਨਹੀਂ ਸੀ। ਬਾਲ ਹਕੀਕਤ ਪੜਨ ਵਿੱਚ ਬੜਾ ਸੂਝਵਾਨ ਤੇ ਚੁਸਤ ਸੀ। ਛੋਟੀ ਉਮਰੇ ਹੀ ਆਪ ਨੂੰ ਹਿੰਦੂ ਤੇ ਸਿੱਖ ਧਰਮ ਬਾਰੇ ਗੂੜਾ ਗਿਆਨ ਸੀ। ਫਾਰਸੀ ਭਾਸ਼ਾ ਸਿੱਖਣ ਲਈ ਆਪ ਨੂੰ ਮੁਸਲਿਮ ਪਾਠਸ਼ਾਲਾ ਵਿੱਚ ਪਾਇਆ ਗਿਆ। ਇੱਥੇ ਹਕੀਕਤ ਰਾਏ ਨੇ ਆਪਣੀ ਤੇਜ਼ ਬੁੱਧੀ ਨਾਲ ਬੜੀ ਛੇਤੀ ਨਵੀਂ ਭਾਸ਼ਾ ਸਿੱਖ ਲਈ। ਕਈ ਵਿਦਿਆਰਥੀ ਉਸ ਨਾਲ ਸਾੜਾ ਕਰਨ ਲੱਗੇ। ਇੱਕ ਵਾਰ ਉਹਨਾਂ ਸ਼ਰਾਰਤੀਆਂ ਨੇ ਧਰਮ ਚਰਚਾ ਛੇੜ ਲਈ ਅਤੇ ਗੱਲਾਂ ਗੱਲਾਂ ਵਿੱਚ ਹਿੰਦੂ ਧਰਮ ਲਈ ਕੁਝ ਅਪਮਾਨਜਨਕ ਸ਼ਬਦ ਕਹੇ। ਹਕੀਕਤ ਰਾਏ ਨੇ ਬੜੇ ਠਰੰਮੇ ਤੇ ਸਤਿਕਾਰ ਨਾਲ ਕਿਹਾ, "ਜੇਕਰ ਅਜਿਹੇ ਸ਼ਬਦ ਤੁਹਾਡੇ ਧਰਮ ਲਈ ਵਰਤੇ ਜਾਣ ਤਾਂ ਤੁਹਾਨੂੰ ਕਿਸ ਤਰਾਂ ਲੱਗੇਗਾ?" ਉਹਨਾਂ ਸ਼ਰਾਰਤੀਆਂ ਨੇ ਇਸ ਗੱਲ ਨੂੰ ਇਸਲਾਮ ਧਰਮ ਦੀ ਬੇਇਜ਼ਤੀ ਤਹਿਤ ਚੁੱਕ ਲਿਆ ਅਤੇ ਕਾਜ਼ੀ ਨੂੰ ਇਸ ਸੰਬੰਧੀ ਸ਼ਿਕਾਇਤ ਕਰ ਦਿੱਤੀ। ਕਾਜ਼ੀ ਨੇ ਹਕੀਕਤ ਰਾਏ ਨੂੰ ਸਫਾਈ ਪੇਸ਼ ਕਰਨ ਲਈ ਕਿਹਾ। ਵੀਰ ਹਕੀਕਤ ਰਾਏ ਨੇ ਦਲੇਰੀ ਨਾਲ ਕਿਹਾ, "ਮੈਂ ਬੇਦੋਸ਼ਾ ਹਾਂ, ਮੇਰਾ ਅਪਰਾਧ ਕੇਵਲ ਮੇਰੀ ਸੱਚਾਈ ਹੈ। ਜਿਵੇਂ ਤੁਹਾਨੂੰ ਤੁਹਾਡਾ ਧਰਮ ਪਿਆਰਾ ਹੈ, ਉਵੇਂ ਮੈਨੂੰ ਆਪਣਾ ਧਰਮ ਪਿਆਰਾ ਹੈ।" ਉਸ ਦੀ ਨਿਡਰਤਾ ਦੇਖ ਕੇ ਕਾਜ਼ੀ ਹੋਰ ਵੀ ਗੁੱਸੇ ਵਿੱਚ ਆ ਗਿਆ ਅਤੇ ਉਸ ਨੇ ਹਕੀਕਤ ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ। ਬਾਅਦ ਵਿੱਚ ਲਾਹੌਰ ਦੇ ਗਵਰਨਰ ਜ਼ਕਰੀਆ ਖ਼ਾਨ ਨੇ ਹਕੀਕਤ ਨੂੰ ਕਿਹਾ ਕਿ ਜੇ ਉਹ ਮੁਆਫੀ ਮੰਗ ਕੇ ਆਪਣੇ ਧਰਮ ਨੂੰ ਤਿਆਗ ਦੇਵੇ ਤਾਂ ਉਸ ਨੂੰ ਛੱਡਿਆ ਜਾ ਸਕਦਾ ਹੈ। ਪਰ ਹਕੀਕਤ ਸੱਚ ਦੇ ਅਸੂਲ 'ਤੇ ਡਟਿਆ ਰਿਹਾ। ਸੰਨ 1741 ਨੂੰ ਬਸੰਤ ਪੰਚਮੀ ਵਾਲੇ ਦਿਨ ਹਕੀਕਤ ਨੂੰ ਸ਼ਹੀਦ ਕਰ ਦਿੱਤਾ ਗਿਆ।

ਇਤਿਹਾਸਕ ਪੱਖ ਤੋਂ ਬਾਅਦ ਆਓ ਹੁਣ ਬਸੰਤ ਰੁੱਤ ਦੀ ਸੁੰਦਰਤਾ ਬਾਰੇ ਗੱਲ ਕਰੀਏ। ਇਸ ਰੁੱਤ ਵਿੱਚ ਕੁਦਰਤ ਕਹਿੰਦੀ ਹੈ, "ਮੇਰੇ ਵਰਗੇ ਬਣ ਜਾਓ। ਹੱਸੋ, ਖੇਡੋ ਤੇ ਮੁਸਕਰਾਓ।" ਇਸ ਰੁੱਤ ਨੇ ਕਵੀਆਂ ਤੇ ਚਿੱਤਰਕਾਰਾਂ ਨੂੰ ਸਦਾ ਮੋਹਿਆ ਹੈ। ਇਸ ਖੁਸ਼ੀਆਂ ਭਰੀ ਮਹਿਕਦੀ ਰੁੱਤ ਵਿੱਚ ਕਿਸ ਦਾ ਮਨ ਨਹੀਂ ਮਚਲਦਾ? ਕਵੀਆਂ ਨੇ ਇਸ ਰੁੱਤ ਦੀ ਬੜੀ ਪ੍ਰਸ਼ੰਸਾ ਕੀਤੀ ਹੈ। ਸਾਡੇ ਲੋਕ ਗੀਤਾਂ ਅਤੇ ਅਖਾਣਾਂ ਵਿੱਚ ਇਸ ਰੁੱਤ ਦਾ ਥਾਂ-ਥਾਂ 'ਤੇ ਜ਼ਿਕਰ ਆਇਆ ਹੈ। ਬਸੰਤ ਰੁੱਤ ਦੀ ਮਹਿਮਾ ਤਾਂ ਗੁਰੂ ਸਾਹਿਬਾਨ ਨੇ ਵੀ ਬਹੁਤ ਕੀਤੀ ਹੈ। "ਰੁਤਿ ਆਈਲੇ ਸਰਸ ਬਸੰਤ ਮਾਹਿ"। ਜਦੋਂ ਬਸੰਤ ਰੁੱਤ ਆਉਂਦੀ ਹੈ ਤਾਂ ਬਨਰਾਇ (ਬਨਸਪਤੀ) ਨੂੰ ਫੁੱਲ ਪੈਂਦੇ ਹਨ। ਪੌਦੇ ਮਉਲਦੇ ਹਨ। ਇਸੇ ਤਰਾਂ ਸਾਡਾ ਮਨ ਵੀ ਪ੍ਰਮਾਤਮਾ ਦੀ ਬਣਾਈ ਕੁਦਰਤ ਵੇਖ ਕੇ ਖਿੜ ਪੈਂਦਾ ਹੈ ਅਤੇ ਪ੍ਰਮਾਤਮਾ ਵਿੱਚ ਲੀਨ ਹੋ ਜਾਂਦਾ ਹੈ। ਸਾਹਿਬ ਸ਼੍ਰੀ ਗੁਰੂ ਅਮਰਦਾਸ ਜੀ ਨੇ ਕਈ ਥਾਵਾਂ 'ਤੇ ਮਉਲਦੀ (ਵਧਦੀ ਫੁਲਦੀ) ਬਸੰਤ ਦਾ ਵਰਣਨ ਬੜੇ ਪਿਆਰ



ਨਾਲ ਕੀਤਾ ਹੈ।

"ਬਸੰਤ ਚੜਿਆ ਫੂਲੀ ਬਨਰਾਇ ਏਹਿ ਜੀਅ ਫੂਲਹਿ ਹਰਿ ਚਿਤੁ ਲਾਇ"

"ਬਨਸਪਤਿ ਮਉਲੀ ਚੜਿਆ ਬਸੰਤ ਇਹ ਮਨੁ ਮਉਲਿਆ ਸਤਿਗੁਰੂ ਸੰਗ"

"ਮਾਹਾ ਰੁਤੀ ਮਹਿ ਸਦ ਬਸੰਤੁ ਜਿਤੁ ਹਰਿਆ ਸਭੁ ਜੀਅ ਜੰਤੁ"

ਜਿੱਥੇ ਇਸ ਰੁੱਤ ਦੇ ਸੁਹੱਪਣ ਨੇ ਗੁਰੂ ਸਾਹਿਬਾਨ ਨੂੰ ਮੋਹਿਤ ਕੀਤਾ ਹੈ, ਓਥੇ ਹੀ ਕਵੀਆਂ ਨੂੰ ਵੀ ਸ਼ਾਇਰੀ ਲਿਖਣ ਲਈ ਬਹੁਤ ਪ੍ਰੇਰਿਆ ਹੈ। ਇਸ ਰੁੱਤ ਨੇ ਰਾਗ ਬਸੰਤੀ ਨੂੰ ਜਨਮ ਦਿੱਤਾ ਹੈ। ਪ੍ਰਸਿੱਧ ਬਜ਼ੁਰਗ ਕਵੀ ਬਾਬੂ ਫਿਰੋਜ਼ਦੀਨ ਸ਼ਰਫ ਲਿਖਦੇ ਹਨ,

"ਤਾਰੇ ਮੀਰੇ ਪਿਆਰੇ ਦੇ ਖੇਤ ਅੰਦਰ ਲੱਗੀ ਫੁੱਲਾਂ ਦੀ ਇੰਝ ਫੁੱਲਝੜੀ ਹੋਈ ਏ
ਹਰੀ ਹਰੀ ਜ਼ਮੁਰਦੀ ਸ਼ਾਲ ਕੋਈ ਜਿਵੇਂ ਤਾਰਿਆਂ ਦੇ ਨਾਲ ਜੜੀ ਹੋਈ ਏ।"

ਬਸੰਤ ਰੁੱਤ ਵਿੱਚ ਫੁੱਲਾਂ ਦੀ ਛਹਿਬਰ ਲੱਗੀ ਦੇਖ ਕੇ ਕਵੀ ਦਾ ਮਨ ਝੂਮ ਉੱਠਦਾ ਹੈ। ਉਹ ਕੁਦਰਤ ਰਾਣੀ ਦੀਆਂ ਸਿਫਤਾਂ ਕਰਨ ਲਈ ਉਤਾਵਲਾ ਹੋ ਜਾਂਦਾ ਹੈ। ਇਸ ਸੰਦਰਭ ਵਿੱਚ ਕਵੀ ਮਨਮੋਹਣ ਸਿੰਘ ਦਾਉਂ ਲਿਖਦਾ ਹੈ,

"ਕਿੰਨੀ ਸੋਹਣੀ ਆਈ ਬਸੰਤ
ਪਾਲ਼ਾ ਕੋਲੋਂ ਹੋਇਆ ਉਡੰਤ
ਫੁੱਲ ਸਰੋਂ ਦੇ ਖਿੜ ਖਿੜ ਹੱਸਣ
ਰੰਗ ਬਰੰਗੀਆਂ ਤਿਤਲੀਆਂ ਨੱਸਣ
ਕਿੱਕਲੀ ਪਾ ਪਾ ਕਣਕਾਂ ਨੱਚਣ
ਫੁੱਲਾਂ ਦਾ ਰਸ ਭੰਵਰੇ ਚੱਖਣ
ਕਿੰਨਾ ਪਿਆਰਾ ਮੌਸਮ ਆਇਆ
ਬਿਰਛ ਬੂਟਿਆਂ ਰੂਪ ਸਜਾਇਆ
ਕਿੰਨੀ ਸੁਹਣੀ ਰੁੱਤ ਬਸੰਤ
ਖੁਸ਼ੀ ਮਨਾਵਣ ਜੀਵ ਤੇ ਜੰਤ"

ਖੇਤਾਂ ਅਤੇ ਘਰਾਂ ਦੀਆਂ ਫੁਲਵਾੜੀਆਂ ਵਿੱਚ ਰੰਗ ਬਿਰੰਗੇ ਫੁੱਲ ਮਹਿਕਣ ਲਗਦੇ ਹਨ ਅਤੇ ਜੀਵ ਜੰਤੂ ਵੀ ਕੁਦਰਤ ਦੇ ਗੁਣਗਾਣ ਕਰਦੇ ਹੋਏ ਇਹਨਾਂ ਖੇਤਾਂ ਅਤੇ ਫੁੱਲਵਾੜੀਆਂ ਵਿੱਚ ਟਹਿਕਦੇ ਫਿਰਦੇ ਹਨ। ਇਸ ਦ੍ਰਿਸ਼ ਨੂੰ ਦੇਖ ਕੇ ਕਿਸਾਨ ਦਾ ਮਨ ਨੱਚਣ ਨੂੰ ਕਰਦਾ ਹੈ। ਸਾਡੇ ਲੋਕ ਗੀਤਾਂ ਨੇ ਵੀ ਇਸ ਰੁੱਤ ਨੂੰ ਰੱਜ ਕੇ ਗਾਵਿਆ ਹੈ।

"ਫੱਗਣ ਦੇ ਵਿੱਚ ਮੀਂਹ ਪੈ ਜਾਂਦਾ ਲਗਦਾ ਕਰੀਰੀਂ ਬਾਟਾ
ਸਰੋਂ ਨੂੰ ਤਾਂ ਫੁੱਲ ਲੱਗ ਜਾਂਦੇ ਛੋਲਿਆਂ ਨੂੰ ਪਏ ਪਟਾਕਾ
ਸ਼ੌਂਕ ਨਾਲ ਜਦ ਗਿੱਧਾ ਪਾਉਂਦੇ ਰੱਬ ਸਭਨਾਂ ਦਾ ਰਾਖਾ
ਫੁੱਲ ਬਸੰਤੀ ਵੇ ਦੇ ਜਾ ਆ ਕੇ ਝਾਕਾ"

ਹਰੀਆਂ ਕਚਾਰ ਲਗਰਾਂ, ਨਵੀਆਂ ਕੋਮਲ ਪੱਤੀਆਂ, ਕੋਕਲਿਆਂ ਵਰਗੀਆਂ ਕਰੂੰਬਲਾਂ, ਇਹ ਸਭ ਕੁਝ ਸੋਹਣਾ ਸੋਹਣਾ ਲਗਦਾ ਹੈ। ਬਸੰਤ ਰੁੱਤ ਵਿੱਚ ਫੁੱਲਾਂ ਲੱਦੇ ਸਰੋਂ ਦੇ ਖੇਤ ਇਸ ਤਰਾਂ ਲਗਦੇ ਹਨ ਜਿਵੇਂ ਹਰੇ ਤੇ ਪੀਲੇ ਗਲੀਚੇ ਵਿਛੇ ਹੋਏ ਹੋਣ। ਅਜਿਹੇ ਅਨੁਭਵ ਨੂੰ ਸਾਡੇ ਲੋਕ ਗੀਤਾਂ ਵਿੱਚ ਵੀ ਬੜੀ ਸੋਹਣੀ ਤਰਾਂ ਪਰੋਇਆ ਗਿਆ ਹੈ।

"ਫੱਗਣ ਦੇ ਮਹੀਨੇ ਸਰੋਂ ਖੇਤੀਂ ਫੁੱਲੀ ਵੇ
ਹੋਲੀ ਦੀ ਬਹਾਰ ਧਰਤੀ 'ਤੇ ਡੁੱਲੀ ਵੇ।"

ਬਸੰਤ ਦੇ ਮਨ ਭਾਉਂਦੇ ਨਜ਼ਾਰਿਆਂ ਨੂੰ ਦੇਖ ਕੇ ਹੀ ਇਸ ਨੂੰ ਰਿਤੂ ਰਾਜਾ ਕਿਹਾ ਜਾਂਦਾ ਹੈ। ਮਾਘ ਦੀਆਂ ਨਿੱਘੀਆਂ ਨਿੱਘੀਆਂ ਧੁੱਪਾਂ ਨਾਲ ਨਵੀਂ ਰੁੱਤ ਸ਼ੁਰੂ ਹੋ ਜਾਂਦੀ ਹੈ। ਸਿਆਲ ਵਿੱਚ ਪਲਰਦੀ ਮੂਲੀ ਵੀ ਬਸੰਤ ਰੁੱਤ ਵਿੱਚ ਪੱਕ ਜਾਂਦੀ ਹੈ। ਸ਼ਾਇਦ ਇਹ ਵੀ ਸਿਆਲ ਦੇ ਮੁੱਕਣ ਦਾ ਗੀਤ ਗਾ ਰਹੀ ਹੈ।

"ਆਈ ਰੁੱਤ ਬਸੰਤ ਦੀ ਮੂਲੀਆਂ ਛੱਡਿਆ ਬੀ
ਧੁੱਪਾਂ ਪਰਗਟ ਹੋਈਆਂ ਘਰਾਂ ਨੂੰ ਚਲਿਆ ਸੀ (ਸੀਤ)"

ਇਸੇ ਰੁੱਤੇ ਹਰ ਪ੍ਰਕਾਰ ਦੀ ਬਨਸਪਤੀ ਮਉਲ ਉਠਦੀ ਹੈ ਅਤੇ ਵਣ ਤ੍ਰਿਣ ਹਰਿਆਵਲਾ ਹੋ ਜਾਂਦਾ ਹੈ। ਮਾਘ ਦੀ ਨਿੱਘੀ ਧੁੱਪ ਨਾਲ ਹੀ ਕਣਕਾਂ ਵਿੱਚ ਦਾਣਾ ਪੈਣਾ ਸ਼ੁਰੂ ਹੁੰਦਾ ਹੈ। ਕਿਸਾਨ ਇਹਨਾਂ ਝੂਮਦੀਆਂ ਫਸਲਾਂ ਨੂੰ ਦੇਖ ਕੇ ਝੂਮ ਉਠਦਾ ਹੈ। ਬਸੰਤ ਪੰਚਮੀ ਨੂੰ ਤੀਵੀਆਂ ਤੇ ਮਰਦ ਦੋਵੇਂ ਨੇੜੇ ਤੇ ਦੂਰ ਦਿਆਂ ਧਾਰਮਿਕ ਮੇਲਿਆਂ ਉੱਤੇ ਜਾਂਦੇ ਹਨ। ਮੇਲਾ ਭਾਵੇਂ ਮੌਸਮੀ ਹੈ, ਪਰ ਮੌਸਮ ਵੀ ਤਾਂ ਖੇੜੇ ਭਰਿਆ ਸੁਗੰਧੀਆਂ ਲੁਟਾਉਂਦਾ ਹੋਣ ਕਰਕੇ ਰੂਹਾਂ ਨੂੰ ਰੁਸ਼ਨਾ ਜਾਂਦਾ ਹੈ। ਬਸੰਤ ਬੱਚਿਆਂ ਲਈ ਵੀ ਮਨ ਭਾਉਂਦੀ ਰੁੱਤ ਹੈ। ਇਹ ਮੌਸਮ ਪਤੰਗਬਾਜ਼ੀ ਲਈ ਸਭ ਤੋਂ ਵਧੀਆ ਹੈ। ਇਸ ਰੁੱਤੇ ਪੌਣ ਬਹੁਤੀ ਤੇਜ਼ ਨਹੀਂ ਵਗਦੀ, ਸਗੋਂ ਮੰਦ-ਮੰਦ ਰੁਮਕ ਰਹੀ ਹੁੰਦੀ ਹੈ। ਪੌਣ ਬਹੁਤੀ ਸਿੱਲੀ ਵੀ ਨਹੀਂ ਹੁੰਦੀ। ਅਸਮਾਨ ਸਾਫ ਸੁਥਰਾ ਤੇ ਸੁਹਣਾ ਵਿਖਾਈ ਦੇ ਰਿਹਾ ਹੁੰਦਾ ਹੈ। ਮੀਂਹ, ਹਨੇਰੀ ਜਾਂ ਝੱਖੜ-ਝਾਂਜੇ ਦਾ ਕੋਈ ਡਰ ਵੀ ਨਹੀਂ ਹੁੰਦਾ। ਨਿੱਘੀ ਨਿੱਘੀ ਧੁੱਪ ਵਿੱਚ ਖੇਡਣ ਨੂੰ ਜੀਅ ਕਰਦਾ ਹੈ। ਪਤੰਗਬਾਜ਼ੀ ਨਾਲੋਂ ਹੋਰ ਸੁੰਦਰ ਖੇਡ ਕਿਹੜੀ ਹੋ ਸਕਦੀ ਹੈ। ਲੋਕ ਦਸਦੇ ਹਨ ਕਿ ਕਿਸੇ ਸਮੇਂ ਲਾਹੌਰ ਦੀ ਪਤੰਗਬਾਜ਼ੀ ਦੇਖਣ ਵਾਲੀ ਹੁੰਦੀ ਸੀ।

ਪੰਚਮੀ ਅਤੇ ਪਤੰਗਬਾਜ਼ੀ ਵਿੱਚ 'ਪੱਪੇ' ਦਾ ਕਿੰਨਾ ਸੁਹਣਾ ਸੰਜੋਗ ਹੈ। ਲਾਹੌਰ ਦੇ ਲੋਕ ਮਾਧੋ ਲਾਲ ਹੁਸੈਨ ਦੀ ਸਮਾਧ ਕੋਲ ਪਤੰਗਬਾਜ਼ੀ ਦਾ ਮੇਲਾ ਰਚਾ ਲੈਂਦੇ ਸਨ। ਲੋਕਾਂ ਦਾ ਕਹਿਣਾ ਹੈ ਕਿ ਮਾਧੋ ਲਾਲ ਹੁਸੈਨ ਨੂੰ ਪਤੰਗਬਾਜ਼ੀ ਦਾ ਬਹੁਤ ਜ਼ਿਆਦਾ ਸ਼ੌਂਕ ਸੀ। ਕਈ ਲੋਕ ਬਸੰਤ ਪੰਚਮੀ ਵਾਲੇ ਦਿਨ, ਇਸ ਰੁੱਤ ਦੇ ਸੁਆਗਤ ਵਿੱਚ ਸੰਗੀਤ ਸੰਮੇਲਨ ਕਰਦੇ ਹਨ। ਇਹ ਕਿੰਨੀ ਅਨੋਖੀ ਤੇ ਪਿਆਰੀ ਗੱਲ ਹੈ ਕਿ ਅਸੀਂ ਸੰਗੀਤ ਵਰਗੀ ਇਸ ਮਧੁਰ ਰੁੱਤ ਦੀ ਮਹਿਮਾ ਗਾਉਣ ਲਈ ਸੰਗੀਤ ਵਿੱਚ ਵੀ ਬਸੰਤੀ ਰਾਗ ਬਣਾਇਆ ਹੋਇਆ ਹੈ। ਇਸ ਰੁੱਤ ਵਿੱਚ ਖੁੱਲੇ ਵਾਤਾਵਰਨ ਵਿੱਚ ਵਿਚਰਨ ਨਾਲ ਸਿਹਤ ਬਹੁਤ ਚੰਗੀ ਰਹਿੰਦੀ ਹੈ। ਇਸ ਦਾ ਕਾਰਨ ਇਹ ਹੈ ਕਿ ਇਸ ਰੁੱਤ ਵਿੱਚ ਪੌਣ ਸਵੱਛ ਅਤੇ ਸੁਗੰਧਤ ਹੁੰਦੀ ਹੈ। ਸੁਹਾਣੀ ਰੁੱਤ ਵਿੱਚ ਪ੍ਰਸੰਨਤਾ ਮਿਲਦੀ ਹੈ। ਜਿਸ ਤਰਾਂ ਪੌਦਿਆਂ ਅੰਦਰ ਨਵਾਂ ਰਸ ਪੈਦਾ ਹੁੰਦਾ ਹੈ, ਉਸੇ ਤਰਾਂ ਸਾਡੇ ਸਰੀਰ ਵਿੱਚ ਵੀ ਲਹੂ ਦਾ ਗੇੜ ਕੁਝ ਤੇਜ਼ ਹੋ ਜਾਂਦਾ ਹੈ। ਉਂਝ ਵੀ ਜਦੋਂ ਸਾਨੂੰ ਖੁਸ਼ੀ ਪ੍ਰਾਪਤ ਹੁੰਦੀ ਹੈ ਤਾਂ ਸਾਡਾ ਲਹੂ ਵਧਦਾ ਹੈ ਤੇ ਕੁਝ ਤੇਜ਼ ਦੌੜਦਾ ਹੈ। ਇਸ ਲਈ ਇਹਨਾਂ ਦਿਨਾਂ ਵਿੱਚ ਫੁੱਲਾਂ ਬੂਟਿਆਂ ਦੀ ਸ਼ੋਭਾ ਵੇਖਣੀ, ਹਰੇ ਹਰੇ ਘਾਹ ਉੱਤੇ ਫਿਰਨਾ, ਤਾਜ਼ੀ ਪੌਣ ਵਿੱਚ ਲੰਬੇ ਲੰਬੇ ਸਾਹ ਲੈਣਾ, ਖੇਤਾਂ ਵਿੱਚ ਘੁੰਮਣਾ ਸਿਹਤ ਲਈ ਬਹੁਤ ਚੰਗਾ ਸਿੱਧ ਹੁੰਦਾ ਹੈ। ਬਸੰਤ ਪੰਚਮੀ ਨੇ ਕਈ ਰੂਪ ਦੇਖੇ ਹਨ। ਪਹਿਲਾਂ ਪਹਿਲ ਇਹ ਤਿਉਹਾਰ ਕੇਵਲ ਸ਼ਾਹੀ ਮਹਿਲਾਂ ਤੀਕ ਹੀ ਸੀਮਤ ਸੀ। ਰਾਜੇ ਰਾਣੀਆਂ ਇਸ ਨੂੰ ਸ਼ਿੰਗਾਰ ਦੇ ਤਿਉਹਾਰ ਦੇ ਰੂਪ ਵਿੱਚ ਮਨਾਉਂਦੇ ਸਨ ਜਾਂ ਫਿਰ ਧਾਰਮਿਕ ਸਥਾਨਾਂ 'ਤੇ ਲੋਕ ਇਕੱਠੇ ਹੋ ਕੇ ਦੇਵਤਿਆਂ ਦੀ ਪੂਜਾ ਕਰਦੇ ਸਨ, ਪਰ ਹੁਣ ਇਹ ਤਿਉਹਾਰ ਮਹਿਲ ਮਾੜੀਆਂ ਅਤੇ ਮੰਦਰਾਂ ਵਿੱਚੋਂ ਨਿਕਲ ਕੇ ਆਮ ਆਦਮੀ ਦੀ ਸੋਚ ਵਿੱਚ ਆ ਗਿਆ ਹੈ। ਅੱਜ ਕੱਲ ਦੇ ਸਮਿਆਂ ਵਿੱਚ ਹਰ ਸ਼ਖਸ ਇਸ ਤਿਉਹਾਰ ਦਾ ਪੂਰੀ ਸ਼ਿੱਦਤ ਨਾਲ ਅਨੰਦ ਮਾਣਦਾ ਹੈ। ਅਸੀਂ ਦੁਆ ਕਰਦੇ ਹਾਂ ਇਹ ਬਸੰਤ ਤੁਹਾਡੇ ਚਿਹਰਿਆਂ 'ਤੇ ਵੀ ਫੁੱਲਾਂ ਜਿਹੀ ਮੁਸਕਰਾਹਟ ਲਿਆਵੇ।

**ਡਾ. ਨਿਰਮਲ ਸਿੰਘ ਹਰੀ**

# ਨਾਗ ਦੇ ਸਾਏ ਦਾ ਨਾਗਵਲ਼

ਇਹ ਗੱਲ ਇਸ ਕਰਕੇ ਵੀ ਅਹਿਮ ਹੈ ਕਿਉਂਕਿ ਇਸ ਦਾ ਸਬੰਧ ਸਕੂਲ ਨਾਲ ਹੈ। ਸਕੂਲ, ਜਿੱਥੇ ਬੱਚੇ ਮਨ ਅੰਦਰਲਾ ਹਨੇਰਾ ਦੂਰ ਕਰਨ ਲਈ ਵਿਦਿਆਰਥੀ ਬਣ ਕੇ ਆਉਂਦੇ ਹਨ। ਸਕੂਲ ਜਿਸ ਨੇ ਵਿਦਿਆਰਥੀ ਅੰਦਰ ਵਸਤਾਂ ਤੇ ਵਰਤਾਰਿਆਂ ਨੂੰ ਤਰਕ ਦੀ ਦ੍ਰਿਸ਼ਟੀ ਨਾਲ ਵੇਖਣ-ਪਰਖਣ ਦੇ ਯੋਗ ਬਣਾਉਣਾ ਹੁੰਦਾ ਹੈ। ਸਕੂਲ ਜਿਸ ਨੇ ਵਿਦਿਆਰਥੀ ਅੰਦਰ ਲੁਕੀ ਪ੍ਰਤਿਭਾ ਖੋਜਣ ਅਤੇ ਨਿਖਾਰਨ ਦਾ ਕਾਰਜ ਕਰਨਾ ਹੁੰਦਾ ਹੈ। ਸਕੂਲ ਜਿਸ ਨੇ ਸਮਾਜ ਅੰਦਰ ਪ੍ਰਚਲਿਤ ਰੂੜੀਆਂ ਨਕਾਰ ਕੇ ਨਵੇਂ ਸਮੇਂ ਦੇ ਹਾਣੀ ਰਿਵਾਜਾਂ ਨੂੰ ਉਤਸ਼ਾਹਤ ਕਰਨਾ ਹੁੰਦਾ ਹੈ। ਉਸ ਸਕੂਲ ਵਿੱਚ ਭਾਣਾ ਇਹ ਵਾਪਰਿਆ ਕਿ ਕਿਸੇ ਬੱਚੇ ਦੇ ਬਿਮਾਰ ਹੋਣ ਦੀ ਖ਼ਬਰ ਮਿਲੀ। ਫਿਰ ਕੁੱਝ ਹੋਰ ਬੱਚਿਆਂ ਬਾਰੇ ਵੀ ਅਜਿਹੀ ਅਫ਼ਵਾਹ ਫੈਲੀ। ਦੱਸਿਆ ਗਿਆ ਕਿ ਬੱਚੇ ਉਪਰ ਕਿਸੇ ਨਾਗ ਦਾ ਸਾਇਆ ਹੈ; ਅਖੇ, ਸਕੂਲ ਵਿੱਚ ਜਿੱਥੇ ਬਾਥਰੂਮ ਹਨ, ਉਹ ਨਾਗ ਦੀ ਜਗ੍ਹਾ ਸੀ। ਹੁਣ ਜਦੋਂ ਵੀ ਕੋਈ ਇੱਥੇ ਬਾਥਰੂਮ ਜਾਂਦਾ ਹੈ, ਉਹ ਸਾਰਾ ਗੰਦ ਬੱਚੇ ਦੇ ਸਿਰ ਵਿੱਚ ਡਿੱਗਦਾ ਹੈ। ਜਿਉਂ ਹੀ ਇਹ ਖ਼ਬਰ ਉੱਡੀ, ਬੱਚਿਆਂ ਨੇ ਉੱਥੇ ਬਾਥਰੂਮ ਜਾਣਾ ਬੰਦ ਕਰ ਦਿੱਤਾ। ਮੇਰੇ ਸਾਹਮਣੇ ਤਾਂ ਉਹ ਬਾਥਰੂਮ ਵਰਤ ਲੈਂਦੇ, ਅੱਗੋਂ ਪਿੱਛੋਂ ਸਕੂਲ ਦੇ ਬਾਹਰ ਖੁੱਲ੍ਹੇ ਵਿੱਚ ਜਾਂਦੇ। ਹੱਦ ਤਾਂ ਉਦੋਂ ਹੋ ਗਈ, ਜਦੋਂ ਸਕੂਲ ਸਟਾਫ ਨੇ ਵੀ ਬਾਥਰੂਮ ਵਰਤਣੇ ਬੰਦ ਕਰ ਦਿੱਤੇ। ਇੱਕ ਸਾਇੰਸ ਮਿਸਟ੍ਰੈੱਸ ਨੇ ਤਾਂ ਇਹ ਵੀ ਕਿਹਾ ਕਿ ਉਹ ਜਦੋਂ ਬਾਥਰੂਮ ਜਾਂਦੀ ਹੈ ਤਾਂ ਉਸ ਦਾ ਸਿਰ ਭਾਰਾ ਹੋ ਜਾਂਦਾ ਹੈ। ਬੜਾ ਖ਼ਤਰਨਾਕ ਵਰਤਾਰਾ ਬਣਿਆ। ਜਿਨ੍ਹਾਂ ਨੇ ਬੱਚਿਆਂ ਨੂੰ ਵਹਿਮਾਂ ਭਰਮਾਂ ਤੋਂ ਮੁਕਤ ਕਰਨਾ ਸੀ, ਉਹ ਖ਼ੁਦ ਇਸ ਅਫ਼ਵਾਹ ਦਾ ਸ਼ਿਕਾਰ ਹੋ ਗਏ ਸਨ।



ਇੱਕ ਦਿਨ ਤਾਂ ਇੱਕ ਬੱਚੇ ਦੇ ਮਾਪੇ ਉਹਨੂੰ ਲੈ ਕੇ ਸਕੂਲ ਆ ਗਏ। ਬੱਚੇ ਨੇ ਬਾਥਰੂਮਾਂ ਦੇ ਸਾਹਮਣੇ ਖ਼ਾਲੀ ਥਾਂ ਵਿੱਚ ਸੱਪ ਵਾਂਗ ਲੇਟਣੀਆਂ ਖ਼ੂਬ ਖਾਧੀਆਂ। ਮੈਂ ਅਗਾਂਹ ਹੋ ਕੇ ਬੱਚੇ ਨੂੰ ਫ਼ੜਨ ਦੀ ਕੋਸ਼ਿਸ਼ ਕੀਤੀ, ਪਰ ਮੈਨੂੰ ਸਟਾਫ ਵਾਲਿਆਂ ਨੇ ਰੋਕ ਲਿਆ। ਗੰਭੀਰਤਾ ਨਾਲ ਸੋਚਿਆ ਕਿ ਆਖ਼ਰ ਇਹ ਭਾਣਾ ਵਾਪਰਿਆ ਕਿਵੇਂ? ਮੈਨੂੰ ਯਾਦ ਆਇਆ ਕਿ ਮੈਥੋਂ ਪਹਿਲੀ ਮੁੱਖ ਅਧਿਆਪਕਾ ਵੇਲੇ ਬਾਥਰੂਮ ਲਈ ਗਰਾਂਟ ਆਈ ਸੀ। ਇਸ ਜਗ੍ਹਾ 'ਤੇ ਵਰਮੀ ਸੀ, ਜਿਹੜੀ ਸਭ ਜਾਣਦੇ ਹਨ ਕਿ ਸਿਉਂਕ ਨੇ ਬਣਾਈ ਹੁੰਦੀ ਹੈ। ਸੱਪ ਨੂੰ ਰਹਿਣ ਲਈ ਜਗ੍ਹਾ ਮਿਲ ਜਾਂਦੀ ਹੈ। ਇਸ ਲਈ ਅਜਿਹੀਆਂ ਥਾਵਾਂ 'ਤੇ ਅਕਸਰ ਸੱਪ ਰਹਿੰਦੇ ਹਨ। ਸਾਡੇ ਸਮਾਜ ਵਿੱਚ ਅਜਿਹੀ ਥਾਂ ਨੂੰ ਸੱਪ ਦਾ ਰੈਣ-ਬਸੇਰਾ ਸਮਝ ਕੇ ਪੂਜਿਆ ਜਾਂਦਾ ਹੈ। ਅਜਿਹੀਆਂ ਥਾਵਾਂ ਨੂੰ ਢਾਹੁਣ ਤੋਂ ਵੀ ਲੋਕ ਡਰਦੇ ਹਨ। ਸਾਡੀ ਮੁਖੀ ਮੈਡਮ ਨੇ ਵੀ ਇਸ ਜਗ੍ਹਾ ਬਾਥਰੂਮ ਬਣਾਉਣ ਤੋਂ ਮਨ੍ਹਾਂ ਕਰ ਦਿੱਤਾ ਸੀ। ਕੁੱਝ ਮਹੀਨਿਆਂ ਬਾਅਦ ਮੈਡਮ ਦੇ ਸੇਵਾ ਮੁਕਤ ਹੋਣ ਤੋਂ ਬਾਅਦ ਮੈਂ ਸਕੂਲ ਦਾ ਕਾਰਜਕਾਰੀ ਮੁਖੀ ਬਣ ਗਿਆ। ਮੈਂ ਵਰਮੀ ਵਾਲੀ ਜਗ੍ਹਾ ਪੱਧਰੀ ਕਰਵਾ ਕੇ ਉਥੇ ਬਾਥਰੂਮ ਬਣਵਾ ਦਿੱਤੇ। ਇਹ ਗੱਲ ਤੁਰਦੀ ਤੁਰਦੀ ਕਿਤੇ ਬੱਚਿਆਂ ਦੇ ਮਨ ਵਿੱਚ ਅਟਕ ਗਈ ਕਿ ਇਥੇ ਨਾਗ ਦੀ ਜਗ੍ਹਾ ਸੀ। ਬਿਮਾਰ ਹੋਏ ਬੱਚੇ ਦੇ ਘਰ ਦਾ ਮਾਹੌਲ ਵੀ ਅਜਿਹਾ ਸੀ। ਉਸ ਦਾ ਪਿਉ ਤਾਂਤਰਿਕ ਕਿਸਮ ਦਾ ਬੰਦਾ ਸੀ। ਉਸ ਨੇ ਸੋਚਿਆ ਹੋਣਾ ਕਿ ਸੜਕ ਨਾਲ ਲੱਗਦੀ ਇਹ ਅੱਧਾ ਮਰਲਾ ਜਗ੍ਹਾ ਜੇ ਸਕੂਲ ਵਾਲੇ ਛੱਡ ਦੇਣ ਤਾਂ ਮੁੰਡੇ ਦੇ ਬਹਾਨੇ ਉਹਦਾ ਕਾਰੋਬਾਰ ਚੱਲ ਪਵੇਗਾ। ਹੁਣ ਅਗਲਾ ਕਰਨ ਵਾਲਾ ਕੰਮ ਇਹ ਸੀ ਕਿ ਕਿਸੇ ਤਰ੍ਹਾਂ ਸਕੂਲ ਨੂੰ ਇਸ ਵਹਿਮ ਤੋਂ ਮੁਕਤ ਕੀਤਾ ਜਾਵੇ ਤਾਂ ਜੋ ਅਧਿਆਪਕ ਅਤੇ ਵਿਦਿਆਰਥੀ ਬਾਥਰੂਮ ਨੂੰ ਪਹਿਲਾਂ ਵਾਂਗ ਵਰਤਣ ਲੱਗ ਪੈਣ। ਮੈਂ ਤਰਕਸ਼ੀਲਾਂ ਨਾਲ ਸੰਪਰਕ ਕੀਤਾ। ਉਨ੍ਹਾਂ ਆਉਣ ਦੀ ਹਾਮੀ ਵੀ ਭਰ ਦਿੱਤੀ। ਮਿਥੇ ਦਿਨ ਤਰਕਸ਼ੀਲਾਂ ਦੀ ਟੀਮ ਸਵੇਰ ਦੀ ਸਭਾ ਵੇਲੇ ਸਕੂਲ ਵਿਚ ਆਣ ਹਾਜ਼ਰ ਹੋਈ। ਇਹ ਵੇਲਾ ਸਕੂਲ ਨੂੰ ਮੁਖ਼ਾਤਬ ਹੋਣ ਦਾ ਸਭ ਤੋਂ ਢੁਕਵਾਂ ਸਮਾਂ ਹੁੰਦਾ ਹੈ। ਸਮੂਹ ਅਧਿਆਪਕ ਅਤੇ ਵਿਦਿਆਰਥੀ ਇਸ ਵੇਲੇ ਹਾਜ਼ਰ ਹੁੰਦੇ ਹਨ। ਤਰਕਸ਼ੀਲ ਦੋਸਤਾਂ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਡਾਬ ਕਾਵੂਰ ਦੀਆਂ ਕਿਤਾਬਾਂ ਦਾ ਜ਼ਿਕਰ ਵੀ ਕੀਤਾ ਅਤੇ ਆਪਣੇ ਨਿੱਜੀ ਤਜਰਬੇ ਵੀ ਦੱਸੇ। ਉਨ੍ਹਾਂ ਸਮਾਜ ਵਿੱਚ ਫੈਲੇ ਵਹਿਮਾਂ ਭਰਮਾਂ ਪਿੱਛੇ ਲੁਪਤ ਕਾਰਨਾਂ ਦਾ ਜ਼ਿਕਰ ਕਰਦਿਆਂ ਇਨ੍ਹਾਂ ਤੋਂ ਮੁਕਤ ਹੋਣ ਅਤੇ ਵਿਗਿਆਨਿਕ ਸੋਚ ਅਪਨਾਉਣ ਲਈ ਕਿਹਾ।

**ਮਲਵਿੰਦਰ**

ਹੋਰ ਵੀ ਬਹੁਤ ਸਾਰੇ ਵਿਚਾਰ ਉਨ੍ਹਾਂ ਸਾਂਝੇ ਕੀਤੇ। ਟੀਮ ਵੱਲੋਂ ਬਾਤਾਂ ਵਾਂਗ ਸੁਣਾਈਆਂ ਦਿਲਚਸਪ ਗੱਲਾਂ ਇੱਕ ਵਾਰ ਤਾਂ ਅਸਰ ਕਰ ਰਹੀਆਂ ਜਾਪੀਆਂ। ਅਖੀਰ ਟੀਮ ਨੇ ਵਿਦਿਆਰਥੀਆਂ ਕੋਲੋਂ ਪ੍ਰਣ ਲਿਆ ਕਿ ਉਹ ਬਾਥਰੂਮ ਪਹਿਲਾਂ ਵਾਂਗ ਹੀ ਇਸਤੇਮਾਲ ਕਰਨਗੇ। ਇਸ ਤੋਂ ਬਾਅਦ ਸਮੁੱਚੀ ਟੀਮ ਨੇ ਸਾਰੇ ਸਟਾਫ਼ ਨਾਲ ਬੈਠ ਕੇ ਚਾਹ ਪੀਤੀ। ਉੱਥੇ ਵੀ ਗੱਲਾਂ ਗੱਲਾਂ ਵਿੱਚ ਹਨੇਰਾ ਦੂਰ ਭੱਜਦਾ ਭਾਸਿਆ।

ਇਸ ਤੋਂ ਬਾਅਦ ਇਕ ਇਕ ਕਰਕੇ ਦਿਨ ਲੰਘਣੇ ਸ਼ੁਰੂ ਹੋ ਗਏ। ਵਾਰੀ ਵਾਰੀ ਸਭ ਬਾਥਰੂਮਾਂ ਵੱਲ ਜਾਂਦੇ; ਆਪੋ-ਆਪਣੇ ਹਿਸਾਬ ਨਾਲ ਕਹਾਣੀ ਛੇੜਦੇ; ਪਰ ਹੁਣ ਮਾਹੌਲ ਬਦਲ ਚੁੱਕਾ ਸੀ। ਨਾਗ ਦੇ ਸਾਏ ਦਾ ਡਰ ਮਨਾਂ ਵਿੱਚੋਂ ਨਿਕਲ ਚੁੱਕਾ ਸੀ।

# ਭੂਚਾਲ ਦੀ ਮਾਰ ਹੇਠ ਹਨ ਦੇਸ਼ ਦੇ 29 ਸ਼ਹਿਰ

ਇੰਜ. ਰਾਜ ਕੁਮਾਰ ਅੱਗਰਵਾਲ

ਨੈਸ਼ਨਲ ਸੈਸਮੋਲੋਜੀ ਸੈਂਟਰ (ਐੱਨਐੱਸਸੀ) ਅਨੁਸਾਰ ਰਾਜਧਾਨੀ ਦਿੱਲੀ ਤੇ ਨੌਂ ਸੂਬਿਆਂ ਦੀਆਂ ਰਾਜਧਾਨੀਆਂ ਚੰਡੀਗੜ੍ਹ, ਪਟਨਾ, ਸ੍ਰੀਨਗਰ, ਕੋਹਿਮਾ, ਪੁੱਡੂਚੇਰੀ, ਗੁਹਾਟੀ, ਗੰਗਟੋਕ, ਸ਼ਿਮਲਾ, ਦੇਹਰਾਦੂਨ, ਇੰਫਾਲ, ਸਮੇਤ ਦੇਸ਼ ਦੇ 19 ਸ਼ਹਿਰ ਅਜਿਹੇ ਹਨ, ਜੋ ਭੂਚਾਲ ਦੇ ਸਭ ਤੋਂ ਸੰਵੇਦਨਸ਼ੀਲ ਖੇਤਰ ਜ਼ੋਨ 4 ਤੇ 5 ਦੇ ਘੇਰੇ ਅਧੀਨ ਆਉਂਦੇ ਹਨ। ਇਨ੍ਹਾਂ ਵਿੱਚੋਂ ਬਹੁਤੇ ਸ਼ਹਿਰ ਹਿਮਾਲਿਆ ਵਿੱਚ ਹਨ ਜੋ ਦੁਨੀਆਂ ਦੇ ਸਭ ਤੋਂ ਵੱਧ ਸੰਵੇਦਨਸ਼ੀਲ ਖੇਤਰਾਂ ਵਿੱਚ ਹਨ, ਜਿੱਥੇ ਭੂਚਾਲ ਦਾ ਖਤਰਾ ਹਮੇਸ਼ਾ ਹੀ ਬਣਿਆ ਰਹਿੰਦਾ ਹੈ।

ਸਾਡੀ ਧਰਤੀ ਇਨਰਕੋਰ, ਆਊਟਕੋਰ, ਮੈਂਟਲ ਤੇ ਕਰੱਸਟ ਨਾਮੀ ਚਾਰ ਪਰਤਾਂ ਦੀ ਬਣੀ ਹੋਈ ਹੈ। ਇਸ ਦੀ ਉਤਲੀ ਸਤ੍ਹਾ (ਲਿਥੋਸਫੇਅਰ) 50 ਤੋਂ 80 ਕਿਲੋਮੀਟਰ ਮੋਟੀ ਹੁੰਦੀ ਹੈ। ਇਨ੍ਹਾਂ ਟੈਕਟੋਨਿਕ ਪਲੇਟਾਂ ਦੇ ਆਪਸ ਵਿੱਚ ਰਗੜਨ ਜਾਂ ਟਕਰਾਉਣ ਨਾਲ ਪੈਦਾ ਵੱਡੀ ਮਾਤਰਾ ਦੀ ਊਰਜਾ ਜਾਂ ਗੈਸ ਹੀ ਭੂਚਾਲ ਦਾ ਕਾਰਨ ਬਣਦੇ ਹਨ।

ਬਿਊਰੋ ਆਫ ਇੰਡੀਅਨ ਸਟੈਂਡਰਡਜ਼ ਨੇ ਦੇਸ਼ ਵਿੱਚਲੇ ਵੱਖ ਵੱਖ ਖੇਤਰਾਂ ਨੂੰ ਭੂਚਾਲ ਦੇ ਰਿਕਾਰਡ, ਸੰਵੇਦਨਸ਼ੀਲ ਤੇ ਇਸ ਤੋਂ ਹੋਣ ਵਾਲੇ ਨੁਕਸਾਨ ਦੇ ਖ਼ਦਸ਼ਿਆਂ ਮੁਤਾਬਿਕ ਦੇਸ਼ ਨੂੰ ਜ਼ੋਨ 2 ਤੋਂ ਜ਼ੋਨ 5 ਤੱਕ ਚਾਰ ਜ਼ੋਨਾਂ ਵਿੱਚ ਵੰਡਿਆ ਹੈ। ਜ਼ੋਨ-2 ਨੂੰ ਸਭ ਤੋਂ ਘੱਟ ਜਦਕਿ ਜ਼ੋਨ-5 ਨੂੰ ਸਭ ਤੋਂ ਵੱਧ ਸੰਵੇਦਨਸ਼ੀਲ ਮੰਨਿਆ ਗਿਆ ਹੈ। ਪੰਜਾਬ ਰਾਜ ਦਾ ਵਧੇਰੇ ਹਿੱਸਾ ਜ਼ੋਨ 4 ਵਿੱਚ ਆਉਂਦਾ ਹੈ ਤੇ ਰਾਜ ਦੇ 11 ਜ਼ਿਲ੍ਹੇ ਗੁਰਦਾਸਪੁਰ, ਹੁਸ਼ਿਆਰਪੁਰ, ਅੰਮ੍ਰਿਤਸਰ, ਤਰਨਤਾਰਨ, ਕਪੂਰਥਲਾ, ਜਲੰਧਰ, ਨਵਾਂ ਸ਼ਹਿਰ, ਲੁਧਿਆਣਾ, ਫਤਿਹਗੜ੍ਹ ਸਾਹਿਬ, ਮੋਹਾਲੀ ਤੇ ਰੋਪੜ ਭੂਚਾਲ ਦੇ ਜ਼ੋਨ 4 ਵਿੱਚ ਆਉਂਦੇ ਹਨ ਜਦੋਂ ਕਿ ਫਿਰੋਜ਼ਪੁਰ, ਮੁਕਤਸਰ, ਮੋਗਾ, ਫਰੀਦਕੋਟ, ਬਠਿੰਡਾ, ਸੰਗਰੂਰ, ਮਾਨਸਾ, ਪਟਿਆਲਾ ਤੇ ਬਰਨਾਲਾ ਜ਼ਿਲ੍ਹੇ ਜ਼ੋਨ 3 ਅਤੇ ਫਾਜ਼ਿਲਕਾ ਜ਼ੋਨ 2 ਵਿੱਚ ਆਉਂਦਾ ਹੈ।

ਵਿਗਿਆਨਕ ਯੁੱਗ ਵਿੱਚ ਭਾਵੇ ਮਨੁੱਖ ਨੇ ਬੇਇੰਤਹਾ ਤਰੱਕੀ ਕਰ ਦੇ ਭੂਚਾਲਾਂ ਦੀ ਜਾਣਕਾਰੀ ਲਈ ਬਹੁਤ ਹੀ ਸੰਵੇਦਨਸ਼ੀਲ ਸੀਸਮੋਗ੍ਰਾਫ਼ ਤਿਆਰ ਕਰ ਲਏ ਹਨ ਪਰ ਅੱਜ ਵੀ ਸਾਇੰਸਦਾਨ ਭੂਚਾਲਾਂ ਦੀ ਆਮਦ ਬਾਰੇ ਭਵਿੱਖਬਾਣੀ ਕਰਨ ਦੇ ਕਾਬਲ ਨਹੀਂ ਹੋ ਸਕੇ ਹਨ। ਰਿਕਟਰ ਸਕੇਲ ਮੁਤਾਬਿਕ 4 ਤੋਂ ਘੱਟ ਮਾਤਰਾ ਦੇ ਭੂਚਾਲ ਮਾਮੂਲੀ ਨੁਕਸਾਨ ਪਹੁੰਚਾਉਂਦੇ ਹਨ ਪਰ 6 ਤੋਂ 8 ਮਾਤਰਾ ਦੇ ਭੂਚਾਲਾਂ ਨਾਲ ਇਮਾਰਤਾਂ ਤਬਾਹ ਹੋ ਜਾਂਦੀਆਂ ਹਨ। ਧਰਤੀ ਫਟ ਜਾਂਦੀ ਹੈ ਤੇ ਡੈਮਾਂ ਨੂੰ ਵੀ ਨੁਕਸਾਨ ਪਹੁੰਚਦਾ ਹੈ। ਜੇਕਰ ਕਿਤੇ 8.5 ਤੋਂ ਵੱਧ ਮਾਤਰਾ ਦਾ ਭੂਚਾਲ ਆਇਆ ਤਾਂ ਸਮਝੋ ਪਰਲੋ ਆ ਜਾਵੇਗੀ ਤੇ ਕੁਝ ਨਹੀਂ ਬਚਣਾ।



ਅਸੀਂ ਜਾਣਦੇ ਹਾਂ ਕਿ ਮਨੁੱਖੀ ਜਾਨਾਂ ਦਾ ਨੁਕਸਾਨ ਭੂਚਾਲਾਂ ਨਾਲ ਘੱਟ, ਇਮਾਰਤਾਂ ਦੇ ਡਿੱਗਣ ਨਾਲ ਵਧੇਰੇ ਹੁੰਦਾ ਹੈ। ਇਸ ਲਈ ਇਮਾਰਤਾਂ ਦੀ ਉਸਾਰੀ ਭੂਚਾਲ ਨਿਰੋਧਕ ਤਕਨੀਕ ਨਾਲ ਕੀਤੀ ਜਾਣੀ ਚਾਹੀਦੀ ਹੈ। ਅਜਿਹੇ ਭਵਨ ਉਸਾਰੇ ਜਾਣ ਜੋ ਭੂਚਾਲਾਂ ਦਾ ਸਾਹਮਣਾ ਕਰਕੇ ਸੁਰੱਖਿਅਤ ਰਹਿ ਸਕਣ। ਅੱਜ ਦੇ ਦੌਰ ਵਿੱਚ ਲੋਕਾਂ ਦਾ ਇਮਾਰਤਾਂ ਦੀ ਸੁੰਦਰ ਦਿੱਖ ਵੱਲੇ ਵਧੇਰੇ ਧਿਆਨ ਦੇਣ ਅਤੇ ਮਜ਼ਬੂਤੀ ਨੂੰ ਨਜ਼ਰ ਅੰਦਾਜ਼ ਕਰਨ ਕਰਕੇ ਭੂਚਾਲ ਦੌਰਾਨ ਵੱਧ ਨੁਕਸਾਨ ਹੋ ਰਿਹਾ ਹੈ। ਇਸ ਨੁਕਸਾਨ ਤੋਂ ਬਚਣ ਲਈ ਸਾਨੂੰ ਇਮਾਰਤਾਂ ਦੀ ਦਿੱਖ ਉਪਰ ਵੱਧ ਖਰਚ ਕਰਨ ਦੀ ਬਜਾਏ, ਮਜ਼ਬੂਤੀ ਉਪਰ ਵੱਧ ਖਰਚ ਕਰਨ ਦੀ ਲੋੜ ਹੈ।

ਭੂਚਾਲ ਨਿਰੋਧਕ ਭਵਨ ਦੀ ਉਸਾਰੀ ਲਈ ਜ਼ਰੂਰੀ ਹੈ ਕਿ ਮਿਆਰੀ ਅਤੇ ਵਧੀਆ ਕੁਆਲਿਟੀ ਦੀ ਸਮੱਗਰੀ ਜਿਵੇਂ ਸੀਮਿੰਟ, ਇੱਟਾਂ ਅਤੇ ਸਟੀਲ ਵਰਤੀਆਂ ਜਾਣ। ਇਕ ਸਰਵੇਖਣ ਅਨੁਸਾਰ ਗੁਜਰਾਤ ਵਿੱਚ ਆਏ ਭੂਚਾਲ ਦੌਰਾਨ ਤਬਾਹ ਹੋਈਆਂ ਇਮਾਰਤਾਂ ਵਿੱਚ ਜੋ ਸਰੀਆ ਵਰਤਿਆ ਗਿਆ ਸੀ ਉਹ ਸਕਰੈਪ ਤੋਂ ਤਿਆਰ ਕੀਤਾ ਹੋਇਆ ਸੀ। ਉਸਾਰੀ ਲਈ ਸਕਰੈਪ ਜਾਂ ਕਬਾੜ ਤੋਂ ਤਿਆਰ ਸਰੀਏ ਦੀ ਬਜਾਏ ਚੰਗੀ ਕੰਪਨੀ (ਆਈਐੱਸਆਈ) ਮਾਰਕੇ ਵਾਲੇ ਸਰੀਏ ਅਤੇ ਸੀਮਿੰਟ ਦੀ ਵਰਤੋਂ ਕੀਤੀ ਜਾਵੇ। ਉਸਾਰੀ ਮੌਕੇ ਇਸ ਗੱਲ ਵੱਲ ਵੀ ਵਿਸ਼ੇਸ ਧਿਆਨ ਰੱਖਿਆ ਜਾਵੇ ਕਿ ਉਸਾਰੀ ਲਈ ਸੀਮਿੰਟ ਤਾਜ਼ਾ ਹੋਵੇ ਕਿਉਂਕਿ ਛੇ ਮਹੀਨੇ ਪਹਿਲਾਂ ਤਿਆਰ ਹੋਏ ਸੀਮਿੰਟ ਨੂੰ ਵਰਤਣ ਨਾਲ ਇਮਾਰਤ ਦੀ ਮਜ਼ਬੂਤੀ 30 ਫ਼ੀਸਦੀ ਘੱਟ ਜਾਂਦੀ ਹੈ।

ਉਸਾਰੀ ਲਈ ਵਰਤੀਆਂ ਜਾਣ ਵਾਲੀ ਇੱਟਾਂ ਪੂਰੀ ਤਰ੍ਹਾਂ ਪੱਕੀਆਂ, ਸਾਫ ਅਤੇ ਸ਼ੋਰੇ ਤੋਂ ਰਹਿਤ ਹੋਣੀਆਂ ਚਾਹੀਦੀਆਂ ਹਨ। ਇੱਟਾਂ ਨੂੰ ਵਰਤਣ ਵੇਲੇ ਪਾਣੀ ਨਾਲ ਪੂਰੀ ਤਰ੍ਹਾਂ ਤਰ ਕਰ ਲੈਣਾ ਚਾਹੀਦਾ ਹੈ। ਬਹੁਤੇ ਰਾਜ ਮਿਸਤਰੀ ਸੀਮਿੰਟ ਕੰਕਰੀਟ ਤਿਆਰ ਕਰਨ ਵੇਲੇ ਵੱਧ ਪਾਣੀ ਦੀ ਵਰਤੋਂ ਕਰਦੇ ਹਨ ਜੋ ਗ਼ਲਤ ਹੈ, ਜਦੋਂਕਿ ਜਿੰਨਾ ਪਾਣੀ ਘੱਟ ਵਰਤਿਆ ਜਾਵੇਗਾ, ਉਨੀ ਮਜ਼ਬੂਤੀ ਵੱਧ ਹੋਵੇਗੀ। ਸੀਮਿੰਟ ਦੇ ਮਸਾਲੇ ਨੂੰ ਮਿਲਾਉਣ ਦੇ 30 ਤੋਂ 45 ਮਿੰਟਾਂ ਦੇ ਵਿੱਚ ਹੀ ਵਰਤ ਲੈਣਾ ਚਾਹੀਦਾ ਹੈ ਨਹੀਂ ਤਾਂ ਇਸ ਦੀ ਤਾਕਤ ਕਾਫ਼ੀ ਘੱਟ ਜਾਂਦੀ ਹੈ। ਨਵੀਆਂ ਉਸਾਰੀਆਂ ਦੀਵਾਰਾਂ ਦੀ ਤਰਾਈ ਘੱਟੋ ਘੱਟ ਸੱਤ ਦਿਨ ਜ਼ਰੂਰ ਕੀਤੀ ਜਾਵੇ।

ਇਮਾਰਤਾਂ ਦੀ ਉਸਾਰੀ ਵੇਲੇ ਉਸਦੀ ਨੀਂਹ ਦੀ ਚੌੜਾਈ ਤੇ ਡੂੰਘਾਈ ਵੱਲ ਵਧੇਰੇ ਧਿਆਨ ਨਹੀਂ ਦਿੱਤਾ ਜਾਂਦਾ ਜੋ ਬਹੁਤ ਜ਼ਰੂਰੀ ਹੈ। ਨੀਂਹ ਦੀ ਚੌੜਾਈ ਅਤੇ ਡੂੰਘਾਈ ਜ਼ਮੀਨ ਦੀ ਭਾਰ ਸਹਿਣ ਦੀ ਤਾਕਤ ਅਨੁਸਾਰ ਹੋਣੀ ਚਾਹੀਦੀ ਹੈ ਅਤੇ ਇਹ ਕਿਸੇ ਵੀ ਹਾਲਤ ਵਿੱਚ ਢਾਈ ਫੁੱਟ ਤੋਂ ਘੱਟ ਨਹੀਂ ਹੋਣੀ ਚਾਹੀਦੀ। ਕਾਲੀ ਮਿੱਟੀ ਵਾਲੀ ਜਾਂ ਨਵੀਂ ਭਰਤੀ ਪਾਈ ਹੋਈ ਜ਼ਮੀਨ ਵਿੱਚ ਨੀਹਾਂ, ਕਾਲੀ ਮਿੱਟੀ ਦੀ ਤਹਿ ਤੋਂ ਥੱਲੇ ਜਾਂ ਜ਼ਮੀਨ ਤੋਂ ਘੱਟ ਘੱਟ 4 ਫੁੱਟ ਡੂੰਘੀਆਂ ਰੱਖੀਆਂ ਜਾਣ ਤਾਂ ਜੋ ਇਮਾਰਤ ਦਾ ਭਾਰ, ਪੱਕੀ ਜ਼ਮੀਨ 'ਤੇ ਪਾਇਆ ਜਾ ਸਕੇ।

ਸੰਵੇਦਨਸ਼ੀਲ ਖੇਤਰਾਂ ਵਿੱਚ ਇਮਾਰਤ ਦੀਆਂ ਸਾਰੀ ਕੰਧਾਂ ਨੂੰ ਫਰਸ਼ ਪੱਧਰ 'ਤੇ, ਦਰਵਾਜ਼ਿਆਂ ਦੇ ਲਿੰਟਲ ਪੱਧਰ 'ਤੇ ਅਤੇ ਛੱਤ ਪੱਧਰ 'ਤੇ (1:1.5:3) ਅਨੁਪਾਤ ਦਾ ਆਰਸੀਸੀ ਬੀਮ (ਲਿੰਟਲ ਬੈਂਡ) ਨਾਲ ਬੰਨ੍ਹਿਆ ਜਾਣਾ ਚਾਹੀਦਾ ਹੈ ਤਾਂ ਜੋ ਇਮਾਰਤ ਦੀਆਂ ਸਾਰੀਆਂ ਦੀਵਾਰਾਂ ਇਕ ਯੂਨਿਟ ਵਾਂਗ ਕੰਮ ਕਰਦੇ ਭੂਚਾਲ ਦਾ ਸਾਹਮਣਾ ਕਰਦੇ ਹੋਏ ਇਮਾਰਤ ਨੂੰ ਸੁਰੱਖਿਅਤ ਰੱਖ ਸਕਣ। ਇਮਾਰਤਾਂ ਵਿੱਚ ਜ਼ਿਆਦਾ ਵਾਧਰੇ ਵਧਾਉਣਾ ਵੀ ਖ਼ਤਰਨਾਕ ਹੁੰਦਾ ਹੈ, ਕਿਉਂਕਿ ਭੂਚਾਲ ਸਮੇਂ ਸਭ ਤੋਂ ਵੱਧ ਨੁਕਸਾਨ ਵਾਧਰਿਆਂ ਦੇ ਡਿੱਗਣ ਨਾਲ ਹੀ ਹੁੰਦਾ ਹੈ। ਇਸ ਲਈ ਬੇਲੋੜੇ ਵਾਧਰਿਆਂ ਤੋਂ ਬਚਿਆ ਜਾਵੇ।

ਦੋਂ ਤੋਂ ਵੱਧ ਮੰਜ਼ਲੀ ਇਮਾਰਤਾਂ ਦੀ ਉਸਾਰੀ ਸਮੇਂ ਆਰਸੀਸੀ ਬੀਮ ਕਾਲਮ (ਫਰੇਮ ਸਟਰਕਚਰ) ਵਾਲੀਆਂ ਇਮਾਰਤਾਂ ਹੀ ਉਸਾਰੀਆਂ ਜਾਣ। ਬਹੁਮੰਜ਼ਿਲੀ ਇਮਾਰਤਾਂ ਸਟਰਕਚਰਲ ਇੰਜੀਨੀਅਰਾਂ ਦੀ ਸਲਾਹ ਨਾਲ ਹੀ ਉਸਾਰੀਆਂ ਜਾਣੀਆਂ ਚਾਹੀਦੀਆਂ ਹਨ। ਇਨ੍ਹਾਂ ਇਮਾਰਤਾਂ ਲਈ ਰਾਫਟ ਫਾਊਂਡੇਸ਼ਨ ਜਾਂ ਪਾਈਲ ਫਾਊਡੇਸ਼ਨ ਦੀ ਵਰਤੋਂ ਕੀਤੀ ਜਾਂਦੀ ਹੈ। ਉਸਾਰੀ ਸਮੇਂ ਮਜਬੂਤ ਇਮਾਰਤ ਲਈ ਵਾਈਬਰੇਟਰ ਤੋਂ ਮਿਕਸਰ ਮਸ਼ੀਨ ਨਾਲ ਤਿਆਰ ਸੀਮਿੰਟ ਕੰਕਰੀਟ ਜਾਂ ਰੈਡੀ ਮਿਕਸਡ ਕੰਕਰੀਟ (ਆਰਐੱਮਸੀ) ਦੀ ਵਰਤੋਂ ਯਕੀਨੀ ਬਣਾਈ ਜਾਵੇ ਤਾਂ ਜੋ ਭੂਚਾਲ ਤੋਂ ਹੋਣ ਵਾਲੇ ਨੁਕਸਾਨ ਤੋਂ ਬਚਿਆ ਜਾ ਸਕੇ।

ਦੇਸ਼ ਦੇ 29 ਸ਼ਹਿਰ, ਜ਼ੋਨ 4 ਤੇ 5 ਵਿੱਚ ਆਉਂਦੇ ਹੋਣ ਕਰਕੇ ਜੇ ਕਿਤੇ ਵੱਧ ਤੀਬਰਤਾ ਦਾ ਭੂਚਾਲ ਆਉਂਦਾ ਹੈ ਤਾਂ ਨੁਕਸਾਨ ਦੇ ਨਾਲ ਨਾਲ ਕਾਫ਼ੀ ਤਬਾਹੀ ਦੀ ਮਾਰ ਵੀ ਝੱਲਣੀ ਪੈ ਸਕਦੀ ਹੈ। ਇਸ ਲਈ ਜ਼ਰੂਰਤ ਹੈ ਕਿ ਉਸਾਰੀ ਅਧੀਨ ਇਮਾਰਤਾਂ ਤੇ ਪੁਲਾਂ ਨੂੰ ਭੂਚਾਲ ਰੋਧਕ ਤਕਨੀਕ ਨਾਲ ਉਸਾਰਿਆ ਜਾਵੇ ਅਤੇ ਪੁਰਾਣੇ ਪੁਲਾਂ 'ਤੇ ਇਮਾਰਤਾਂ ਨੂੰ ਸਟਰਕਚਰਲ ਇੰਜੀਨੀਅਰਾਂ ਦੀ ਸਲਾਹ ਲੈ ਕੇ ਰੈਟਰੋਫਿਟਿੰਗ ਰਾਹੀਂ ਮਜ਼ਬੂਤ ਕੀਤਾ ਜਾਵੇ ਤਾਂ ਜੋ ਭੂਚਾਲ ਦੌਰਾਨ ਇਮਾਰਤਾਂ ਸੁਰੱਖਿਅਤ ਰਹਿ ਸਕਣ ਅਤੇ ਨੁਕਸਾਨ ਨੂੰ ਘਟਾਇਆ ਜਾ ਸਕੇ।

# ਕਿਹਨੂੰ ਦੱਸੀਏ ਦਿਲਾਂ ਵਾਲੇ ਹਾਲ...

*-ਮੋਹਨ ਸ਼ਰਮਾ-*

ਕੁਝ ਸਮਾਂ ਪਹਿਲਾਂ ਇੱਕ ਪਿੰਡ ਦਾ ਨੌਜਵਾਨ ਸੰਪਰਕ ਵਿੱਚ ਆਇਆ। ਨਸ਼ਿਆਂ ਕਾਰਨ ਹੱਡੀਆਂ ਦੀ ਮੁੱਠ ਬਣਿਆ 20 ਕੁ ਵਰ੍ਹਿਆਂ ਦਾ ਇਹ ਨੌਜਵਾਨ ਦੱਸ ਰਿਹਾ ਸੀ: ਮੈਂ ਨਸ਼ਿਆਂ ਦੀ ਦਲਦਲ ਵਿੱਚ ਧਸ ਕੇ ਸਿਰਫ ਆਪਣਾ ਆਪ ਹੀ ਬਰਬਾਦ ਨਹੀਂ ਕੀਤਾ, ਮਾਪਿਆਂ ਨੂੰ ਵੀ ਖੁੰਗਲ ਕਰ ਦਿੱਤਾ ਹੈ। ਮਾਪਿਆਂ ਨੇ ਮੇਰੀ ਚਿੰਤਾ ਕਾਰਨ ਕਦੇ ਚੱਜ ਨਾਲ ਹੱਸ ਕੇ ਵੀ ਨਹੀਂ ਵੇਖਿਆ। ਉਹਦੇ ਨੈਣਾਂ ਦੇ ਕੋਇਆਂ ਚੋਂ ਕਿਰਦੇ ਹੰਝੂਆਂ ਤੋਂ ਲੱਗਦਾ ਸੀ ਕਿ ਉਹ ਨਸ਼ਿਆਂ ਦੀ ਦਲਦਲ ਤੋਂ ਮੁਕਤੀ ਚਾਹੁੰਦਾ ਹੈ। ''ਕਿਹੜਾ ਕਿਹੜਾ ਨਸ਼ਾ ਕਰਦਾ ਏਂ ?'' ਦੇ ਜਵਾਬ ਵਿੱਚ ਉਸ ਨੇ ਦੱਸਿਆ ਕਿ ਉਹ ਨਸ਼ੇ ਦੇ ਟੀਕੇ ਲਾਉਂਦਾ ਹੈ। ਥਾਂ ਥਾਂ ਸਰਿੰਜਾਂ ਨਾਲ ਵਿੰਨ੍ਹੀਆਂ ਬਾਹਾਂ ਦੇ ਨਾਲ ਨਾਲ ਦੋਹਾਂ ਲੱਤਾਂ ਅਤੇ ਪੈਰਾਂ ''ਤੇ ਪਏ ਸੋਜੇ ਤੋਂ ਲਗਦਾ ਸੀ ਕਿ ਹੁਣ ਲੱਤਾਂ ਅਤੇ ਬਾਹਾਂ ''ਤੇ ਟੀਕਾ ਲਾਉਣ ਲਈ ਨਾੜਾਂ ਵੀ ਜਵਾਬ ਦੇ ਗਈਆਂ ਹੋਣਗੀਆਂ। ਉਹਦੀ ਹਾਲਤ ਦੇਖ ਕੇ ਜਿੱਥੇ ਨਸ਼ਿਆਂ ਕਾਰਨ ਸਿਵਿਆਂ ਵੱਲ ਵਧ ਰਹੇ ਉਸ ਨੌਜਵਾਨ ਦੀ ਚਿੰਤਾ ਮੇਰੇ ਸਾਹਮਣੇ ਸੀ, ਉਥੇ ਅਜਿਹੇ ਹੋਰ ਨੌਜਵਾਨਾਂ ਦਾ ਨਸ਼ਿਆਂ ਵਿਚ ਧਸ ਕੇ ਜਵਾਨੀ ਦਾ ਘਾਣ ਕਰਨਾ, ਨੈਤਿਕ ਕਦਰਾਂ ਕੀਮਤਾਂ ਨੂੰ ਛਿੱਕੇ ਟੰਗ ਕੇ ਨਸ਼ਿਆਂ ਲਈ ਅਨੈਤਿਕ ਕੰਮ ਕਰਨੇ, ਮਾਪਿਆਂ ਦੇ ਗਲ ''ਗੂਠਾ ਦੇ ਕੇ ਪੈਸੇ ਪ੍ਰਾਪਤ ਕਰਨੇ ਅਤੇ ਹਰਲ ਹਰਲ ਕਰਦੀ ਜਵਾਨੀ ਦਾ ਬਰਬਾਦੀ ਦੇ ਰਾਹ ਜਾਣ ਦੀਆਂ ਅਨੇਕਾਂ ਘਟਨਾਵਾਂ ਮੇਰੇ ਸਾਹਮਣੇ ਆ ਰਹੀਆਂ ਸਨ।



ਨਸ਼ੇ ਦੀ ਤੋਟ ਨਾਲ ਜੂਝ ਰਹੇ ਨਸ਼ਈ ਤੋਂ 5 ਲੱਖ ਦਾ ਨਾਜਾਇਜ਼ ਕੰਮ 5 ਹਜ਼ਾਰ ਰੁਪਏ ਦੇ ਕੇ ਕਰਵਾਇਆ ਜਾ ਸਕਦਾ ਹੈ; ਪਰ ਉਸ ਨੌਜਵਾਨ ਦੀ ਹਾਲਤ ਵੱਖਰੀ ਸੀ। ਉਹ ਜਿੱਥੇ ਨਸ਼ਾਮੁਕਤ ਹੋਣ ਲਈ ਤਰਲੇ ਕਰ ਰਿਹਾ ਸੀ, ਉੱਥੇ ਜਿਸ ਮੈਡੀਕਲ ਸਟੋਰ ਤੋਂ ਉਹ ਨਸ਼ੇ ਦੇ ਟੀਕੇ ਮਹਿੰਗੇ ਭਾਅ ਖਰੀਦਦਾ ਸੀ, ਉਸ ਨੂੰ ਸਬਕ ਵੀ ਸਿਖਾਉਣਾ ਚਾਹੁੰਦਾ ਸੀ। ਮੇਰੀ ਜ਼ਿੰਦਗੀ ਤਾਂ ਉਸ ਨੇ ਖਰਾਬ ਕਰ ਹੀ ਦਿੱਤੀ ਐ, ਪਰ ਹੋਰ ਤਾਂ ਬਚ ਜਾਣ। ਉਹਦੇ ਹੰਝੂਆਂ ਦੀ ਭਾਸ਼ਾ ਤੋਂ ਉਹਦੀ ਦ੍ਰਿੜ੍ਹਤਾ ਵੀ ਦਿਸ ਰਹੀ ਸੀ। ਮੈਂ ਉਸ ਨੂੰ ਡਿਪਟੀ ਕਮਿਸ਼ਨਰ ਕੋਲ ਲੈ ਗਿਆ ਅਤੇ ਉਹਦੀ ਕਹਾਣੀ ਸੁਣਾ ਕੇ ਦੱਸਿਆ ਕਿ ਇਹ ਨੌਜਵਾਨ ਸਾਹਮਣੇ ਆ ਕੇ ਨਸ਼ਾ ਵੇਚਣ ਵਾਲੇ ਮੈਡੀਕਲ ਸਟੋਰ ਦੇ ਮਾਲਕ ਨੂੰ ਫੜਾਉਣਾ ਚਾਹੁੰਦਾ ਹੈ। ਡਿਪਟੀ ਕਮਿਸ਼ਨਰ ਨੇ ਤੁਰੰਤ ਟੀਮ ਬਣਾ ਕੇ ਵਿਉਂਤਬੰਦੀ ਕਰ ਲਈ ਅਤੇ ਨੌਜਵਾਨ ਨੂੰ ਸਮਝਾਇਆ ਕਿ ਮੈਡੀਕਲ ਸਟੋਰ ਤੋਂ ਨਸ਼ੇ ਦੇ ਟੀਕੇ ਖਰੀਦਣ ਮਗਰੋਂ ਉਹ ਸਿਰ ''ਤੇ ਦੋ-ਤਿੰਨ ਵਾਰ ਹੱਥ ਫੇਰ ਕੇ ਇਸ਼ਾਰਾ ਕਰੇਗਾ ਅਤੇ ਫਿਰ ਟੀਮ ਵੱਲੋਂ ਅਗਲੀ ਕਾਰਵਾਈ ਕੀਤੀ ਜਾਵੇਗੀ। ਉਸ ਟੀਮ ਵਿਚ ਮੈਨੂੰ ਵੀ ਸ਼ਾਮਲ ਕੀਤਾ ਗਿਆ। ਸਾਡਾ ਸਾਰਾ ਮਿਸ਼ਨ ਗੁਪਤ ਰੱਖਿਆ ਗਿਆ। ਚਾਰ ਮੈਂਬਰਾਂ ਦੀ ਟੀਮ ਨਾਲ ਪੁਲੀਸ ਮੁਲਾਜ਼ਮ ਸਾਦੇ ਕੱਪੜਿਆਂ ਵਿਚ ਇੱਧਰ-ਉੱਧਰ ਖੜ੍ਹੋ ਗਏ। ਨੌਜਵਾਨ ਦੁਕਾਨ ''ਤੇ ਗਿਆ ਤਾਂ ਉਹ ਬੰਦ ਸੀ। ਪੁਰਾਣਾ ਗਾਹਕ ਹੋਣ ਕਾਰਨ ਉਸ ਨੇ ਟੈਲੀਫੋਨ ''ਤੇ ਆਪਣਾ ਥਹੁ-ਟਿਕਾਣਾ ਦੱਸਣ ਪਿੱਛੋਂ ''ਸਾਮਾਨ'' ਦੀ ਮੰਗ ਕੀਤੀ। ਦੁਕਾਨਦਾਰ ਦਾ ਜਵਾਬ ਸੀ: ਮੈਂ ਪਰਿਵਾਰ ਸਮੇਤ ਦੋ ਦਿਨਾਂ ਲਈ ਘੁੰਮਣ ਜਾ ਰਿਹਾ ਹਾਂ, ਆਉਣ ''ਤੇ ਲੈ ਲਵੀਂ। ਪਰ ਉਹਦੇ ਇਹ ਕਹਿਣ ''ਤੇ ਕਿ ''ਮੈਂ 15 ਦਿਨਾਂ ਦਾ ਇਕੱਠਾ ਸਾਮਾਨ ਖਰੀਦਣਾ ਹੈ, ਪੈਸੇ ਨਗਦ ਦੇਵਾਂਗਾ'', ਦੇ ਜਵਾਬ ਵਿਚ ਦੁਕਾਨਦਾਰ ਨੇ ''ਹੁਣੇ ਆਉਂਦਾ ਹਾਂ'' ਦਾ ਸਿਗਨਲ ਦੇ ਦਿੱਤਾ।

ਕੁਝ ਸਮੇਂ ਬਾਅਦ ਦੁਕਾਨਦਾਰ ਦੀ ਗੱਡੀ ਆ ਗਈ। ਉਸ ਦਾ ਪਰਿਵਾਰ ਗੱਡੀ ਵਿਚ ਹੀ ਬੈਠਾ ਰਿਹਾ ਅਤੇ ਉਹਨੇ ਨੌਜਵਾਨ ਦੀ ਮੰਗ ਅਨੁਸਾਰ ਨਸ਼ੇ ਦੇ ਟੀਕੇ ਆਮ ਕੀਮਤ ਤੋਂ ਅੰਦਾਜ਼ਨ ਪੰਜ ਗੁਣਾ ਵੱਧ ਉੱਤੇ ਦਿੱਤੇ। ਉਹ ਜਦੋਂ ਪੈਸੇ ਜੇਬ ਵਿਚ ਪਾਉਣ ਲੱਗਿਆ ਤਾਂ ਨੌਜਵਾਨ ਨੇ ਆਪਣੇ ਸਿਰ ਉੱਪਰ ਹੱਥ ਫੇਰ ਦਿੱਤਾ। ਟੀਮ ਨੇ ਉਸ ਨੂੰ ਤੁਰੰਤ ਦਬੋਚ ਲਿਆ। ਟੀਮ ਵਿਚ ਡਰੱਗ ਇੰਸਪੈਕਟਰ ਵੀ ਸੀ। ਦੁਕਾਨ ਦੀ ਤਲਾਸ਼ੀ ਲਈ ਤਾਂ ਗੈਰਕਾਨੂੰਨੀ ਰੱਖੀਆਂ ਨਸ਼ੇ ਦੀ ਸ਼ੀਸ਼ੀਆਂ, ਟੀਕੇ ਅਤੇ ਦਵਾਈਆਂ ਦਾ ਮਿਲਿਆ ਭੰਡਾਰ ਦੇਖ ਕੇ ਲੱਗਦਾ ਸੀ ਕਿ ਅਜਿਹਾ ਵਰਤਾਰਾ ਬਿਨਾਂ ਕਿਸੇ ਡਰ-ਭੈਅ ਤੋਂ ਜਾਰੀ ਰਹਿਣ ਪਿੱਛੇ ਕੁਝ ਹੋਰ ''ਤਾਕਤਾਂ'' ਦਾ ਵੀ ਥਾਪੜਾ ਹੋ ਸਕਦਾ ਹੈ। ਸੂਚਨਾ ਦੇਣ ''ਤੇ ਡਿਪਟੀ ਕਮਿਸ਼ਨਰ ਵੀ ਮੌਕੇ ''ਤੇ ਪਹੁੰਚ ਗਏ। ਉਸ ਸਮੇਂ ਸੀਨ ਬਹੁਤ ਭਾਵੁਕ ਹੋ ਗਿਆ, ਜਦੋਂ ਮੈਡੀਕਲ ਸਟੋਰ ਦੇ ਮਾਲਕ ਦੀ ਪਤਨੀ ਕਾਰ ਵਿਚੋਂ ਉੱਤਰੀ ਅਤੇ ਉਸ ਨੇ ਡਿਪਟੀ ਕਮਿਸ਼ਨਰ ਦੇ ਪੈਰਾਂ ਵਿਚ ਡਿੱਗ ਕੇ ਰਹਿਮ ਦੀ ਅਪੀਲ ਕੀਤੀ। ਉਹ ਆਪਣੇ ਦੋ ਮਾਸੂਮ ਬੱਚਿਆਂ ਵੱਲ ਇਸ਼ਾਰਾ ਕਰਦਿਆਂ ਗਿੜਗਿੜਾਈ, ਹਾੜਾ ਜੀ, ਤਰਸ ਕਰੋ। ਇਹ ਜਵਾਕ ਰੁਲ ਜਾਣਗੇ। ਡਿਪਟੀ ਕਮਿਸ਼ਨਰ ਨੇ ਹੱਡੀਆਂ ਦੀ ਮੁੱਠ ਬਣੇ ਨੌਜਵਾਨ ਵੱਲ ਇਸ਼ਾਰਾ ਕਰਦਿਆਂ ਕਿਹਾ, ਬੀਬੀ, ਤੈਨੂੰ ਆਪਣੇ ਬੱਚਿਆਂ ਦਾ ਤਾਂ ਖਿਆਲ ਹੈ, ਇਹ ਵੀ ਕਿਸੇ ਦਾ ਪੁੱਤ ਹੈ। ਪਤਾ ਨਹੀਂ ਇਹੋ ਜਿਹੇ ਹੋਰ ਕਿੰਨੇ ਬਰਬਾਦ ਹੋ ਰਹੇ ਨੇ। ਇਹ ਕਹਿੰਦਿਆਂ ਸਿਹਤ ਅਫਸਰਾਂ ਅਤੇ ਪੁਲੀਸ ਮੁਲਾਜ਼ਮਾਂ ਨੂੰ ਕਾਰਵਾਈ ਦਾ ਆਦੇਸ਼ ਦੇ ਕੇ ਉਹ ਗੱਡੀ ਵਿਚ ਬਹਿ ਗਏ।

ਉਸ ਵਕਤ ਨੌਜਵਾਨ ਦੇ ਚਿਹਰੇ ਉੱਤੇ ਕੁਝ ਚੰਗਾ ਕਰਨ ਦਾ ਸਕੂਨ ਡੁੱਲ੍ਹ ਡੁੱਲ੍ਹ ਪੈ ਰਿਹਾ ਸੀ।

# ਅਮੀਰ ਹੋਏ ਹੋਰ ਅਮੀਰ

ਭਾਰਤ ਵਿਕਾਸ ਪੱਖੋਂ ਖ਼ਤਰਨਾਕ ਰਾਹ 'ਤੇ ਚੱਲ ਰਿਹਾ ਹੈ ਕਿਉਂਕਿ ਅਮੀਰ ਹੋਰ ਅਮੀਰ ਹੋ ਰਹੇ ਹਨ ਅਤੇ ਗ਼ਰੀਬਾਂ ਦੀ ਗ਼ਰੀਬੀ ਵਧਦੀ ਜਾ ਰਹੀ ਹੈ। ਵਿਸ਼ਵ ਆਰਥਿਕ ਮੰਚ ਦਾ 'ਸਰਬਵਿਆਪੀ ਵਿਕਾਸ ਸੂਚਕ ਅੰਕ' ਦੱਸਦਾ ਹੈ ਕਿ ਧਨ ਦੀ ਕਾਣੀ ਵੰਡ ਪੱਖੋਂ ਭਾਰਤ ਦੁਨੀਆਂ ਵਿੱਚ 64ਵੇਂ ਸਥਾਨ 'ਤੇ ਹੈ ਜਦੋਂਕਿ ਇਸ ਪੱਖੋਂ ਪਾਕਿਸਤਾਨ ਦਾ ਸਥਾਨ 49ਵਾਂ ਹੈ। ਇਸ ਤੋਂ ਭਾਵ ਹੈ ਕਿ ਆਰਥਿਕ ਖ਼ੁਸ਼ਹਾਲੀ ਬਹੁਤ ਘੱਟ ਲੋਕਾਂ ਤਕ ਮਹਿਦੂਦ ਹੁੰਦੀ ਜਾ ਰਹੀ ਹੈ ਜਦੋਂਕਿ ਬਹੁਗਿਣਤੀ ਲੋਕ ਜੇਕਰ ਗ਼ਰੀਬ ਨਹੀਂ ਤਾਂ ਅਮੀਰ ਵੀ ਨਹੀਂ ਹੋ ਰਹੇ। ਇੱਕ ਫ਼ੀਸਦੀ ਲੋਕਾਂ ਕੋਲ ਦੇਸ਼ ਦੀ 73 ਫ਼ੀਸਦੀ ਦੌਲਤ ਕੇਂਦ੍ਰਿਤ ਹੋਣਾ ਦਰਸਾਉਂਦਾ ਹੈ ਕਿ ਦੌਲਤਮੰਦ ਹੋਰ ਦੌਲਤ ਹਥਿਆਉਣ ਲਈ ਹਰ ਹਥਕੰਡਾ ਵਰਤ ਰਹੇ ਹਨ ਅਤੇ ਉਹ ਇਸ ਪੱਖੋਂ ਕਿਸੇ ਵੀ ਵਸੋਂ ਵਰਗ ਨੂੰ ਬਖ਼ਸ਼ਣ ਲਈ ਤਿਆਰ ਨਹੀਂ। ਧਨ ਕੁਬੇਰਾਂ ਤੇ ਆਮ ਲੋਕਾਂ ਦਰਮਿਆਨ ਪਾੜਾ ਸਿਰਫ਼ ਦੌਲਤ ਦੀ ਵੰਡ ਤਕ ਹੀ ਮਹਿਦੂਦ ਨਹੀਂ। ਆਧੁਨਿਕ ਸਿੱਖਿਆ, ਮਿਆਰੀ ਸਿਹਤ ਸੰਭਾਲ, ਬਿਹਤਰ ਤਰਜ਼-ਏ-ਜ਼ਿੰਦਗੀ ਅਤੇ ਰੁਜ਼ਗਾਰ ਦੇ ਬਿਹਤਰੀਨ ਮੌਕੇ ਵੀ ਇੱਕ ਖ਼ਾਸ ਸ਼੍ਰੇਣੀ ਤਕ ਸੀਮਤ ਹੁੰਦੇ ਜਾ ਰਹੇ ਹਨ।

ਮਾਇਕ ਨਾਬਰਾਬਰੀ ਵਧਣੀ ਇਕੱਲੇ ਭਾਰਤ ਦੀ ਸਿਰਦਰਦੀ ਨਹੀਂ। ਇਹ ਆਲਮੀ ਵਬਾਅ ਬਣ ਚੁੱਕੀ ਹੈ। ਸਿਰਫ਼ 42 ਲੋਕਾਂ ਕੋਲ ਦੁਨੀਆਂ ਦੀ ਅੱਧੀ ਵਸੋਂ ਦੀ ਕੁਝ ਦੌਲਤ ਦੇ ਬਰਾਬਰ ਦੌਲਤ ਹੋਣੀ ਆਰਥਿਕ ਅਸਮਾਨਤਾ ਦੀ ਟੁੰਬਵੀਂ ਮਿਸਾਲ ਹੈ। ਭਾਰਤ ਸੰਵਿਧਾਨਕ ਤੌਰ 'ਤ ਸਮਾਜਵਾਦੀ ਗਣਤੰਤਰ ਹੈ। ਅਜਿਹੇ ਗਣਤੰਤਰ ਵਿੱਚ ਆਰਥਿਕ ਨਾਬਰਾਬਰੀ ਘੱਟ ਤੋਂ ਘੱਟ ਹੋਣੀ ਚਾਹੀਦੀ ਹੈ। ਹੋ ਇਸ ਤੋਂ ਉਲਟ ਰਿਹਾ ਹੈ। ਮੌਜੂਦਾ ਸਰਕਾਰ ਪਿਛਲੇ ਸੱਤ ਦਹਾਕਿਆਂ ਦੌਰਾਨ ਉਪਜੀ ਅਜਿਹੀ ਸਥਿਤੀ ਲਈ ਪਿਛਲੀਆਂ ਸਰਕਾਰਾਂ ਨੂੰ ਦੋਸ਼ੀ ਦੱਸ ਕੇ ਆਪਣਾ ਪੱਲਾ ਛੁਡਾ ਸਕਦੀ ਹੈ। ਪਰ ਇਸ ਤੋਂ ਵੀ ਇਹ ਪੁੱਛਣਾ ਬਣਦਾ ਹੈ ਕਿ ਇਸਨੇ ਆਪਣੇ ਹੁਣ ਤਕ ਦੇ ਕਾਰਜਕਾਲ ਦੌਰਾਨ ਸਥਿਤੀ ਨੂੰ ਪੁੱਠਾ ਗੇੜ ਦੇਣ ਲਈ ਕੀ ਕੀ ਕਦਮ ਚੁੱਕੇ। ਇਸ ਦੇ ਕਾਰਜਕਾਲ ਦੌਰਾਨ ਨੋਟਬੰਦੀ ਤੇ ਜੀਐੱਸਟੀ ਦੀ ਪ੍ਰਸਤਾਵਨਾ ਰਾਹੀਂ ਗ਼ੈਰ-ਜਥੇਬੰਦਕ ਸੈਕਟਰ ਦੀ ਆਰਥਿਕਤਾ ਨੂੰ ਬਹੁਤ ਵੱਡੀ ਸੱਟ ਲੱਗੀ, ਉਸ ਦਾ ਅਸਰ ਘਟਾਉਣ ਲਈ ਇਹ ਆਪਣੇ ਬਾਕੀ ਬਚਦੇ ਕਾਰਜਕਾਲ ਦੌਰਾਨ ਕੀ ਕਰਨ ਜਾ ਰਹੀ ਹੈ ?

ਸਰਕਾਰ ਦਾਅਵਾ ਕਰਦੀ ਹੈ ਕਿ ਇਸ ਵੱਲੋਂ ਅਰਥਚਾਰੇ ਨੂੰ ਲੀਹ 'ਤੇ ਲਿਆਉਣ ਦੇ ਯਤਨ ਜਾਰੀ ਹਨ। ਇਹ ਦਾਅਵਾ ਕੁਝ ਹੱਦ ਤਕ ਮੰਨਣਯੋਗ ਹੈ। ਦੋ ਦਹਾਕਿਆਂ ਬਾਅਦ ਕੋਈ ਭਾਰਤੀ ਪ੍ਰਧਾਨ ਮੰਤਰੀ ਭਾਰਤ ਨੂੰ ਆਰਥਿਕ ਨਿਵੇਸ਼ ਲਈ ਢੁਕਵੇਂ ਸਥਾਨ ਵਜੋਂ 'ਵੇਚਣ' ਅਤੇ 'ਮੇਕ ਇਨ ਇੰਡੀਆ' ਦੇ ਸੰਕਲਪ ਨੂੰ ਹੁਲਾਰਾ ਦੇਣ ਲਈ ਦਾਵੋਸ (ਸਵਿੱਟਜ਼ਰਲੈਂਡ) ਗਿਆ ਹੈ। ਪਰ ਅਸਲੀਅਤ ਇਹ ਹੈ ਕਿ ਅਰਥਚਾਰੇ ਨੂੰ ਮੁੜ ਪੱਕੇ ਪੈਰੀਂ ਕਰਨ ਦੇ ਯਤਨ ਦੌਲਤਮੰਦਾਂ ਨੂੰ ਰਾਸ ਆਉਣ ਵਾਲੇ ਨਿਵੇਸ਼ 'ਤੇ ਹੀ ਕੇਂਦ੍ਰਿਤ ਹਨ। ਗ਼ੈਰ-ਜਥੇਬੰਦਕ ਖੇਤਰ ਜਾਂ ਖੇਤੀ ਖੇਤਰ ਨੂੰ ਆਧੁਨਿਕ ਬਣਾਉਣ ਲਈ ਕੁਝ ਵੀ ਨਹੀਂ ਹੋ ਰਿਹਾ। ਅਰਥਸ਼ਾਸਤਰੀ ਅਕਸਰ ਇਹ ਕਹਿ ਦਿੰਦੇ ਹਨ ਕਿ ਵਡੇਰੀਆਂ ਸਨਅਤਾਂ ਜਾਂ ਆਧਾਰੀ ਢਾਂਚੇ ਦੇ ਵੱਡੇ ਵੱਡੇ ਪ੍ਰਾਜੈਕਟਾਂ ਵਿੱਚ ਸਰਮਾਇਆਸਾਜ਼ੀ ਨਾਲ ਇਨ੍ਹਾਂ ਸਨਅਤਾਂ ਨਾਲ ਜੁੜੇ ਗ਼ੈਰ-ਜਥੇਬੰਦਕ ਖੇਤਰ ਦਾ ਕੰਮ ਵੀ ਵਧਦਾ ਹੈ ਅਤੇ ਮਾਇਕ ਲਾਭ ਰੇਹੜੀ ਵਾਲੇ ਤੇ ਦਿਹਾੜੀਦਾਰ ਮਜ਼ਦੂਰ ਤੱਕ ਵੀ ਪੁੱਜਦੇ ਹਨ। ਪਰ ਦੌਲਤ ਦੀ ਵੰਡ ਦੇ ਅੰਕੜੇ ਅਜਿਹੇ ਦਾਅਵਿਆਂ ਨੂੰ ਸੁਪਨਸਾਜ਼ੀ ਹੀ ਦਰਸਾਉਂਦੇ ਹਨ। ਬਿਹਤਰ ਇਹੀ ਜਾਪਦਾ ਹੈ ਕਿ ਮੋਦੀ ਸਰਕਾਰ ਆਪਣੀਆਂ ਆਰਥਿਕ-ਸਮਾਜਿਕ ਨੀਤੀਆਂ 'ਤੇ ਨਜ਼ਰਸਾਨੀ ਕਰੇ ਅਤੇ ਸੀਮਾਂਤ, ਲਘੂ ਅਤੇ ਦਰਮਿਆਨੇ ਉਦਯੋਗਾਂ ਨੂੰ ਹੁਲਾਰਾ ਦੇਵੇ। ਅਜਿਹਾ ਸਨਅਤੀ - ਆਰਥਿਕ ਆਧਾਰ ਸਵੈ-ਰੁਜ਼ਗਾਰ ਤੇ ਰੁਜ਼ਗਾਰ ਵਧਾਏਗਾ ਅਤੇ ਦੌਲਤ ਦੀ ਕਾਣੀ ਵੰਡ ਘਟਾਉਣ ਵਿੱਚ ਕੁਝ ਹੱਦ ਤਕ ਸਾਜ਼ਗਾਰ ਹੋਵੇਗਾ।

*-ਇੰਟਰਨੈਟ ਤੋਂ*

# ਖੇਤੀ ਖੇਤਰ ‘ਤੇ ਹੋਈ ਜੇਤਲੀ ਦੀ ਮਿਹਰ-ਏ-ਨਜ਼ਰ

ਨਵੀਂ ਦਿੱਲੀ-ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਆਮ ਚੋਣਾਂ ਤੋਂ ਪਹਿਲਾਂ ਅੱਜ ਆਪਣੇ ਆਖ਼ਰੀ ਆਮ ਬਜਟ ਵਿੱਚ ਭਾਰਤ ਦੇ 50 ਕਰੋੜ ਗ਼ਰੀਬਾਂ ਲਈ ‘ਵਿਸ਼ਵ ਦੀ ਸਭ ਤੋਂ ਵੱਡੀ’ ਸਿਹਤ ਬੀਮਾ ਯੋਜਨਾ ਦਾ ਐਲਾਨ ਕੀਤਾ ਹੈ। ਇਸ ਬਜਟ ਵਿੱਚ ਖੇਤੀਬਾੜੀ ਅਤੇ ਦਿਹਾਤ ਨੂੰ ਉੱਪਰ ਚੁੱਕਣ ‘ਤੇ ਧਿਆਨ ਕੇਂਦਰ ਕੀਤਾ ਗਿਆ ਹੈ ਜਦੋਂਕਿ ਮੱਧਵਰਗ ‘ਤੇ ਜ਼ਿਆਦਾ ਧਿਆਨ ਨਹੀਂ ਦਿੱਤਾ ਗਿਆ।

ਵਿੱਤ ਮੰਤਰੀ ਅਰੁਣ ਜੇਤਲੀ ਨੇ ਲੋਕ ਸਭਾ ‘ਚ ਬਜਟ ਪੇਸ਼ ਕੀਤਾ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ‘ਚ ਸੱਤਾਧਾਰੀ ਧਿਰ ਦੇ ਮੈਂਬਰਾਂ ਨੇ ਮੇਜ਼ ਥਪਥਪਾ ਕੇ ਸਵਾਗਤ ਕੀਤਾ। ਸ੍ਰੀ ਮੋਦੀ ਨੇ ਇਸ ਬਜਟ ਨੂੰ ‘ਨਵੇਂ ਭਾਰਤ’ ਦੇ ਨਿਰਮਾਣ ਦਾ ਸਾਧਨ ਦੱਸਿਆ ਹੈ। ਟੀਵੀ ‘ਤੇ ਸੰਬੋਧਨ ਦੌਰਾਨ ਉਨ੍ਹਾਂ ਕਿਹਾ, ‘ਇਹ ਬਜਟ ਕਿਸਾਨ, ਆਮ ਨਾਗਰਿਕਾਂ ਅਤੇ ਵਪਾਰਕ ਮਾਹੌਲ ਪੱਖੀ ਹੈ ਅਤੇ ਇਸ ਨਾਲ ਰਹਿਣ ਅਤੇ ਵਪਾਰ ਕਰਨਾ ਸੌਖਾਲਾ ਹੋਵੇਗਾ।‘




ਸ੍ਰੀ ਜੇਤਲੀ ਨੇ ਦਿਹਾਤੀ ਤੇ ਸ਼ਹਿਰੀ ਬੁਨਿਆਦੀ ਢਾਂਚੇ ‘ਤੇ ਵੱਡੇ ਖਰਚ ਤੋਂ ਇਲਾਵਾ ਛੋਟੇ ਤੇ ਦਰਮਿਆਨੇ ਕਾਰੋਬਾਰਾਂ ਲਈ ਕਰ ਦਰਾਂ ਘਟਾਉਣ ਦਾ ਐਲਾਨ ਕੀਤਾ ਹੈ। ਵੱਡੇ ਧਨਾਢਾਂ ‘ਤੇ 10-15 ਫ਼ੀਸਦ ਸਰਚਾਰਜ ਜਾਰੀ ਰੱਖਦਿਆਂ ਵਿੱਤ ਮੰਤਰੀ ਨੇ ਸਾਰੀ ਕਰਯੋਗ ਆਮਦਨ ‘ਤੇ ਸਿਹਤ ਤੇ ਸਿੱਖਿਆ ਸੈੱਸ ਤਿੰਨ ਤੋਂ ਵਧਾ ਕੇ 4 ਫ਼ੀਸਦ ਕਰ ਦਿੱਤਾ ਹੈ।

ਵਿਰੋਧੀ ਧਿਰ ਨੇ ਬਜਟ ਦੀ ਆਲੋਚਨਾ ਕੀਤੀ ਹੈ। ਕਾਂਗਰਸ ਨੇ ਇਸ ਨੂੰ ‘ਗੋਡੇ ਟੇਕਣ ਵਾਲਾ’ ਅਤੇ ਨਿਰਾਸ਼ਾਜਨਕ ਦੱਸਿਆ ਹੈ ਜਦੋਂਕਿ ਖੱਬੇਪੱਖੀ ਪਾਰਟੀਆਂ ਨੇ ਇਸ ਨੂੰ ਚੋਣਾਂ ਦੇ ਮੱਦੇਨਜ਼ਰ ਛੱਡਿਆ ‘ਵੱਡਾ ਜੁਮਲਾ’ ਕਰਾਰ ਦਿੱਤਾ ਹੈ। ਸੀਪੀਆਈ (ਐਮ) ਦੇ ਲੋਕ ਸਭਾ ਆਗੂ ਮੁਹੰਮਦ ਸਲੀਮ ਨੇ ਕਿਹਾ, ‘ਸਾਨੂੰ ਲੱਗਦਾ ਹੈ ਕਿ ਇਹ ਚੋਣ ਮੁਹਿੰਮ ਹੈ ਕਿਉਂਕਿ ਪਹਿਲਾਂ ਚੋਣਾਂ ਕਰਾਏ ਜਾਣ ਦੀਆਂ ਗੱਲਾਂ ਚੱਲ ਰਹੀਆਂ ਹਨ।‘ ਬਜਟ ਦਾ ਕੇਂਦਰ ਬਿੰਦੂ ‘ਕੌਮੀ ਸਿਹਤ ਸੁਰੱਖਿਆ ਯੋਜਨਾ’ ਹੈ, ਜਿਸ ਤਹਿਤ 10 ਕਰੋੜ ਗ਼ਰੀਬ ਤੇ ਕਮਜ਼ੋਰ ਪਰਿਵਾਰਾਂ ਨੂੰ ਹਸਪਤਾਲਾਂ ‘ਚ ਸੈਕੰਡਰੀ ਤੇ ਹੋਰ ਸਿਹਤ (ਟੈਰਸ਼ਰੀ) ਸੰਭਾਲ ਲਈ ਹਰ ਸਾਲ ਪ੍ਰਤੀ ਪਰਿਵਾਰ ਪੰਜ ਲੱਖ ਰੁਪਏ ਦੀ ਸਹੂਲਤ ਮੁਹੱਈਆ ਕਰਾਈ ਜਾਵੇਗੀ। ਇਸ ਯੋਜਨਾ ਤਹਿਤ ਤਕਰੀਬਨ 50 ਕਰੋੜ ਲਾਭਪਾਤਰੀ ਆਉਣਗੇ, ਜੋ ਭਾਰਤ ਦੀ 125 ਕਰੋੜ ਆਬਾਦੀ ਦਾ ਤਕਰੀਬਨ ਅੱਧ ਬਣਦਾ ਹੈ। ਸ੍ਰੀ ਜੇਤਲੀ ਨੇ ਕਿਹਾ ਕਿ ਇਹ ਵਿਸ਼ਵ ਦੀ ਸਭ ਤੋਂ ਵੱਡੀ ਸਿਹਤ ਸੁਰੱਖਿਆ ਯੋਜਨਾ ਹੈ। ਉਨ੍ਹਾਂ ਨੇ ਸਿਹਤ, ਸਿੱਖਿਆ ਅਤੇ ਸਮਾਜਿਕ ਸੁਰੱਖਿਆ ‘ਤੇ 1.38 ਲੱਖ ਕਰੋੜ ਖਰਚਣ ਦਾ ਐਲਾਨ ਕੀਤਾ ਹੈ।

ਇਸ ਯੋਜਨਾ ਲਈ ਫੰਡ ਮੁਹੱਈਆ ਕਰਾਉਣ ਵਾਸਤੇ ਵਿੱਤੀ ਮਜ਼ਬੂਤੀ ਵਾਲੀ ਮੁੱਠੀ ਖੋਲ੍ਹਣੀ ਪਈ ਹੈ। ਇਸ ਦੇ ਨਤੀਜੇ ਵਜੋਂ ਮੌਜੂਦਾ ਵਿੱਤੀ ਵਰ੍ਹੇ ਦਾ ਵਿੱਤੀ ਘਾਟਾ ਕੁੱਲ ਘਰੇਲੂ ਉਤਪਾਦ (ਜੀਡੀਪੀ) ਦਾ 3.5 ਫ਼ੀਸਦ ਹੋਵੇਗਾ ਜਦੋਂਕਿ ਪਿਛਲਾ ਟੀਚਾ 3.2 ਫ਼ੀਸਦ ਦਾ ਸੀ। 2018-19 ਵਿੱਚ ਵਿੱਤੀ ਘਾਟਾ ਜੀਡੀਪੀ ਦਾ 3.3 ਫ਼ੀਸਦ ਹੋਣ ਦਾ ਅਨੁਮਾਨ ਹੈ, ਜੋ ਪਹਿਲਾਂ 3 ਫ਼ੀਸਦ ਮਿਥਿਆ ਗਿਆ ਸੀ। 2016-17 ਵਿੱਚ ਵਿੱਤੀ ਘਾਟਾ ਜੀਡੀਪੀ ਦਾ 3.5 ਫ਼ੀਸਦ ਸੀ। 110 ਮਿੰਟਾਂ ਦੇ ਭਾਸ਼ਣ ਵਿੱਚ ਸ੍ਰੀ ਜੇਤਲੀ ਨੇ ਖੇਤੀਬਾੜੀ, ਸ਼ਹਿਰੀ ਹਾਊਸਿੰਗ, ਆਰਗੈਨਿਕ ਫਾਰਮਿੰਗ, ਪਸ਼ੂ ਪਾਲਣ ਅਤੇ ਮੱਛੀ ਪਾਲਣ ਯੋਜਨਾਵਾਂ ਦਾ ਐਲਾਨ ਕੀਤਾ, ਜਿਨ੍ਹਾਂ ਲਈ ਕੁੱਲ 14.34 ਲੱਖ ਕਰੋੜ ਰੁਪਏ ਰੱਖੇ ਗਏ ਹਨ। ਸ੍ਰੀ ਜੇਤਲੀ, ਜਿਨ੍ਹਾਂ ਨੇ 2015 ਵਿੱਚ ਕਾਰਪੋਰੇਟ ਕਰ ਨੂੰ 30 ਫ਼ੀਸਦ ਤੋਂ ਘਟਾ ਕੇ 25 ਫ਼ੀਸਦ ਕਰਨ ਦਾ ਵਾਅਦਾ ਕੀਤਾ ਸੀ, ਨੇ 2016-17 ਵਿੱਚ 250 ਕਰੋੜ ਤਕ ਦੇ ਸਾਲਾਨਾ ਕਾਰੋਬਾਰ ਵਾਲੀਆਂ ਕੰਪਨੀਆਂ ਲਈ ਕਰ ਘਟਾ ਕੇ 25 ਫ਼ੀਸਦ ਕਰਨ ਦਾ ਪ੍ਰਸਤਾਵ ਰੱਖਿਆ ਹੈ।

2017-18 ਵਿੱਚ ਜੀਡੀਪੀ ਵਿਕਾਸ ਦਰ ਦੇ 6.75 ਫੀਸਦ ਰਹਿਣ ਦੀ ਉਮੀਦ ਹੈ। ਸ੍ਰੀ ਜੇਤਲੀ ਨੇ ਕਿਹਾ, ‘ਭਾਰਤੀ ਆਰਥਿਕਤਾ (2.5 ਟ੍ਰਿਲੀਅਨ ਅਮਰੀਕੀ ਡਾਲਰ) ਵਿਸ਼ਵ ‘ਚ 7ਵੇਂ ਸਥਾਨ ‘ਤੇ ਹੈ। ਇਹ ਬਹੁਤ ਜਲਦੀ ਵਿਸ਼ਵ ਦੀ 5ਵੀਂ ਸਭ ਤੋਂ ਵੱਡੀ ਆਰਥਿਕਤਾ ਹੋਵੇਗੀ।‘

ਰੱਖਿਆ ਬਜਟ ਵਿੱਚ 7.81 ਫ਼ੀਸਦ ਵਾਧਾ: ਸਰਕਾਰ ਨੇ ਰੱਖਿਆ ਬਜਟ 7.81 ਫ਼ੀਸਦ ਵਾਧੇ ਨਾਲ 2.95 ਲੱਖ ਕਰੋੜ ਰੁਪਏ ਕਰ ਦਿੱਤਾ ਹੈ, ਜੋ ਪਿਛਲੇ ਸਾਲ 2.74 ਲੱਖ ਕਰੋੜ ਸੀ। ਪਾਕਿਸਤਾਨ ਤੇ ਚੀਨ ਨਾਲ ਸਰਹੱਦਾਂ ‘ਤੇ ਹਥਿਆਰਬੰਦ ਬਲਾਂ ਲਈ ਵਧ ਰਹੀਆਂ ਚੁਣੌਤੀਆਂ ਦੇ ਮੱਦੇਨਜ਼ਰ ਰੱਖਿਆ ਬਜਟ ਵਿੱਚ ਵੱਡੇ ਵਾਧੇ ਦੀ ਉਮੀਦ ਸੀ।

## ਟੈਕਸ ਸਲੈਬ ਵਿੱਚ ਬਦਲਾਅ ਨਹੀਂ

ਨਵੀਂ ਦਿੱਲੀ: ਸਾਲ 2018-19 ਦੇ ਆਮ ਬਜਟ ਵਿੱਚ ਨਿਜੀ ਆਮਦਨ ਦੀਆਂ ਦਰਾਂ ਅਤੇ ਸਲੈਬ ਵਿੱਚ ਕੋਈ ਬਦਲਾਅ ਨਹੀਂ ਕੀਤਾ ਗਿਆ। ਨੌਕਰੀਪੇਸ਼ਾ ਅਤੇ ਪੈਨਸ਼ਨਰਾਂ ਨੂੰ 40 ਹਜ਼ਾਰ ਰੁਪਏ ਸਟੈਂਡਰਡ ਛੋਟ ਦਾ ਐਲਾਨ ਕੀਤਾ ਗਿਆ ਹੈ। ਇਸ ਨਾਲ ਆਮ ਨੌਕਰੀਪੇਸ਼ਾ ਲੋਕਾਂ ਨੂੰ ਮਾਮੂਲੀ ਰਾਹਤ ਮਿਲੇਗੀ। ਇਹ ਛੋਟ ਨੌਕਰੀਪੇਸ਼ਾ ਲੋਕਾਂ ਦੇ ਟੈਕਸ ਤੋਂ ਛੋਟ ਪ੍ਰਾਪਤ ਟਰਾਂਸਪੋਰਟ ਭੱਤੇ ਅਤੇ ਮੈਡੀਕਲ ਖਰਚ ਦੀ ਥਾਂ ਦਿੱਤੀ ਗਈ ਹੈ। ਇਸ ਨਾਲ ਟੈਕਸ ਦੇਣ ਵਾਲੇ ਲੋਕਾਂ ਦੀ ਆਮਦਨ ਵਿੱਚ ਮਹਿਜ਼ 5800 ਰੁਪਏ ਦਾ ਲਾਭ ਹੋਣ ਦਾ ਅੰਦਾਜ਼ਾ ਹੈ। ਇਸ ਛੋਟ ਦਾ ਲਾਭ ਪੈਨਸ਼ਨਰਾਂ ਨੂੰ ਵੀ ਮਿਲੇਗਾ। ਅਪਾਹਜਾਂ ਨੂੰ ਟਰਾਂਸਪੋਰਟ ਭੱਤਾ ਮਿਲਦਾ ਰਹੇਗਾ। ਮੁਲਾਜ਼ਮਾਂ ਦੇ ਸਬੰਧ ਵਿੱਚ ਹਸਪਤਾਲ ਵਿੱਚ ਭਰਤੀ ਹੋਣ ਦੌਰਾਨ ਇਲਾਜ ਆਦਿ ਤੇ ਹੋਰਨਾਂ ਮੈਡੀਕਲ ਲਾਭ ਵੀ ਜਾਰੀ ਰਹਿਣਗੇ। ਤਿੰਨ ਫੀਸਦੀ ਸਿੱਖਿਆ ਸੈੱਸ ਦੀ ਥਾਂ ਸਿਹਤ ਅਤੇ ਸਿੱਖਿਆ ‘ਤੇ ਚਾਰ ਫੀਸਦੀ ਸਬ ਸੈੱਸ ਲਾਇਆ ਗਿਆ ਹੈ।

## ਮਿਊਚਲ ਫੰਡ ਨਿਵੇਸ਼ ‘ਤੇ 10 ਫ਼ੀਸਦ ਕਰ

ਨਵੀਂ ਦਿੱਲੀ: ਆਮ ਬਜਟ ਵਿੱਚ ਅੱਜ ਕੀਤੇ ਐਲਾਨ ਮੁਤਾਬਕ ਸ਼ੇਅਰ ਆਧਾਰਤ ਮਿਊਚਲ ਫੰਡਾਂ ਤੋਂ ਹੋਣ ਵਾਲੀ ਆਮਦਨ ‘ਤੇ ਨਿਵੇਸ਼ਕਾਂ ਨੂੰ 10 ਫ਼ੀਸਦ ਕਰ ਦੇਣਾ ਪਵੇਗਾ। ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੇ ਸ਼ੇਅਰ ਬਾਜ਼ਾਰ ਨਾਲ ਜੁੜੀਆਂ ਲੰਬੇ ਸਮੇਂ ਵਾਲੀਆਂ ਪੂੰਜੀ ਲਾਭ (ਲਾਂਗ-ਟਰਮ ਕੈਪੀਟਲ ਗੇਨ) ਯੋਜਨਾਵਾਂ, ਜੋ ਇਕ ਲੱਖ ਤੋਂ ਵੱਧ ਹਨ, ਉਤੇ 10 ਫ਼ੀਸਦ ਕਰ ਲਾਉਣ ਦਾ ਪ੍ਰਸਤਾਵ ਰੱਖਿਆ ਹੈ। ਸ਼ੇਅਰ ਬਾਜ਼ਾਰ ਮਾਹਿਰਾਂ ਮੁਤਾਬਕ ਇਨ੍ਹਾਂ ਕਦਮਾਂ ਨਾਲ ਕੁੱਲ ਮਿਲਾ ਕੇ ਨਿਵੇਸ਼ਕਾਂ ਨੂੰ ਝਟਕਾ ਲੱਗੇਗਾ।

## ਪੈਟਰੋਲ ਡੀਜ਼ਲ ਦੇ ਮਾਮਲੇ ‘ਚ ਹਿਸਾਬ ਬਰਾਬਰ

ਨਵੀਂ ਦਿੱਲੀ: ਵਿੱਤ ਮੰਤਰੀ ਨੇ ਐਕਸਾਈਜ਼ ਡਿਊਟੀ ਘਟਾ ਦਿੱਤੀ ਹੈ ਪਰ ਕੁੱਲ ਮਿਲਾ ਕੇ ਟੈਕਸ ਵਿੱਚ ਕੋਈ ਫਰਕ ਨਹੀ ਪਿਆ। ਲੋਕਾਂ ਨੂੰ ਆਸ ਸੀ ਕਿ ਸਰਕਾਰ ਤੇਲ ਦੀਆਂ ਵਧਦੀਆਂ ਕੀਮਤਾਂ ਵਿੱਚ ਰਾਹਤ ਦੇ ਸਕਦੀ ਹੈ। ਸ੍ਰੀ ਜੇਤਲੀ ਨੇ ਪੈਟਰੋਲ ਅਤੇ ਡੀਜ਼ਲ ਉੱਤੇ ਮੁੱਢਲੀ ਐਕਸਾਈਜ਼ ਡਿਊਟੀ ਦੋ ਰੁਪਏ ਪ੍ਰਤੀ ਲਿਟਰ ਅਤੇ ਐਕਸਾਈਜ਼ ਡਿਊਟੀ ਵੀ 6 ਫੀਸਦੀ ਘਟਾ ਦਿੱਤੀ ਹੈ ਪਰ ਰੋਡ ਐਂਡ ਇਨਫਰਾਸਟਰੱਕਚਰ ਸੈੱਸ 8 ਫੀਸਦੀ ਲਾ ਦਿੱਤਾ ਹੈ। ਕੁੱਲ ਮਿਲਾ ਕੇ ਪੈਟਰੋਲ ਅਤੇ ਡੀਜ਼ਲ ਦੀ ਕੀਮਤ ਵਿੱਚ ਕੋਈ ਫਰਕ ਨਹੀ ਪਵੇਗਾ।

## ਖੇਤੀ ਸੈਕਟਰ ਲਈ ਰਾਹਤਾਂ ਦਾ ਮੀਂਹ

ਨਵੀਂ ਦਿੱਲੀ: ਖੇਤੀਬਾੜੀ ਸੈਕਟਰ ਨੂੰ ਸੰਕਟ ਵਿੱਚੋਂ ਕੱਢਣ ਲਈ ਆਮ ਬਜਟ ‘ਚ ਕਿਸਾਨਾਂ ਨੂੰ ਵੱਡਾ ਤੋਹਫ਼ਾ ਦਿੰਦਿਆਂ ਸਰਕਾਰ ਨੇ ਅੱਜ ਕਿਹਾ ਕਿ ਆਗਾਮੀ ਸਾਉਣੀ ਦੀਆਂ ਫ਼ਸਲਾਂ (ਜਿਵੇਂ ਝੋਨਾ, ਮੱਕੀ, ਸੋਇਆਬੀਨ ਤੇ ਅਰਹਰ ਦਾਲ) ਦਾ ਸਮਰਥਨ ਮੁੱਲ ਉਤਪਾਦਨ ਲਾਗਤ ਨਾਲੋਂ ਘੱਟੋ ਘੱਟ 50 ਫ਼ੀਸਦ ਵੱਧ ਤੈਅ ਕੀਤਾ ਜਾਵੇਗਾ। ਅਗਲੇ ਵਿੱਤੀ ਵਰ੍ਹੇ 2018-19 ਲਈ ਖੇਤੀ ਕਰਜ਼ਾ ਟੀਚੇ ਵਿੱਚ 10 ਫ਼ੀਸਦ ਵਾਧਾ ਕਰਦਿਆਂ 11 ਲੱਖ ਕਰੋੜ ਰੁਪਏ ਕਰ ਦਿੱਤਾ ਹੈ। ਸਰਕਾਰ ਨੇ ਫਿੱਸ਼ਰੀਜ਼ ਐਂਡ ਐਕੂਆਕਲਚਰ ਇਨਫਰਾਸਟਰੱਕਚਰ ਡਿਵੈੱਲਪਮੈਂਟ ਫੰਡ (ਐਫਏਆਈਡੀਐਫ) ਅਤੇ ਪਸ਼ੂ ਪਾਲਣ ਬੁਨਿਆਦੀ ਢਾਂਚਾ ਫੰਡ (ਏਐਚਆਈਡੀਐਫ) ਨਾਂ ਦੇ 10 ਹਜ਼ਾਰ ਕਰੋੜ ਰੁਪਏ ਦੇ ਦੋ ਫੰਡ ਕਾਇਮ ਕੀਤੇ ਹਨ।

ਇਸ ਤੋਂ ਇਲਾਵਾ ਸਰਕਾਰ ਵੱਲੋਂ ਖੇਤੀਬਾੜੀ-ਮਾਰਕੀਟ ਬੁਨਿਆਦੀ ਢਾਂਚਾ ਫੰਡ ਲਈ ਦੋ ਹਜ਼ਾਰ ਕਰੋੜ, ਕੌਮੀ ਬਾਂਸ ਮਿਸ਼ਨ ਲਈ 1290 ਕਰੋੜ ਰੁਪਏ, ਟਮਾਟਰ, ਪਿਆਜ਼ ਤੇ ਆਲੂਆਂ ਦੇ ਭਾਅ ਵਿੱਚ ਅਸਥਿਰਤਾ ‘ਤੇ ਕੰਟਰੋਲ ਲਈ ‘ਅਪਰੇਸ਼ਨ ਗਰੀਨ’ ਤਹਿਤ 500 ਕਰੋੜ ਤੋਂ ਇਲਾਵਾ ਦਵਾਈਆਂ ਤੇ ਸੁਗੰਧੀ ਲਈ ਵਰਤੀਆਂ ਜਾਣ ਵਾਲੀਆਂ ਫ਼ਸਲਾਂ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਨ ਲਈ 200 ਕਰੋੜ ਰੁਪਏ ਰੱਖੇ ਗਏ ਹਨ। ਬਾਂਸ ਨੂੰ ‘ਹਰਾ ਸੋਨਾ’ ਕਰਾਰ ਦਿੰਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਜੰਗਲੀ ਇਲਾਕਿਆਂ ਵਿੱਚੋਂ ਬਾਹਰ ਉਗਾਏ ਬਾਂਸ ਨੂੰ ਸਰਕਾਰ ਨੇ ਦਰੱਖ਼ਤਾਂ ਦੀ ਸ਼੍ਰੇਣੀ ਵਿੱਚੋਂ ਬਾਹਰ ਕਰ ਦਿੱਤਾ ਹੈ। ਪ੍ਰਧਾਨ ਮੰਤਰੀ ਮੋਦੀ ਵੱਲੋਂ ਸਾਲ 2022 ਤਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਲਈ ਦਿੱਤੇ ਸੱਦੇ ਤਹਿਤ ਕਿਸਾਨ ਪੱਖੀ ਬਜਟ ਪੇਸ਼ ਕਰਦਿਆਂ ਸ੍ਰੀ ਜੇਤਲੀ ਨੇ ਸਰਕਾਰ ਦੀ ਕਿਸਾਨਾਂ ਦੀ ਭਲਾਈ ਬਾਰੇ ਵਚਨਬੱਧਤਾ ਦੁਹਰਾਈ।

## ਸਿੱਖ ਦੰਗਾ ਪੀੜਤਾਂ ਲਈ 10 ਕਰੋੜ ਰੁਪਏ

ਨਵੀਂ ਦਿੱਲੀ: ਅੱਜ ਪੇਸ਼ ਕੀਤੇ ਬਜਟ ਵਿੱਚ ਕੇਂਦਰੀ ਵਿੱਤ ਮੰਤਰੀ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਪੀੜਤਾਂ ਨੂੰ ਵਿਤੀ ਸਹਾਇਤਾ ਦੇਣ ਲਈ ਸਰਕਾਰ ਨੇ 10 ਕਰੋੜ ਰੁਪਏ ਰਾਸ਼ੀ ਰੱਖੀ ਹੈ। ਇਹ ਰਾਸ਼ੀ ਦੰਗਾ ਪੀੜਤਾਂ ਦੇ ਆਸ਼ਰਿਤਾਂ ਨੂੰ ਵੰਡੀ ਜਾਵੇਗੀ। ਸਿੱਖ ਦੰਗਾ ਪੀੜਤਾਂ ਦੇ ਕੁੱਝ ਮਾਮਲੇ ਅਦਾਲਤਾਂ ਵਿੱਚ ਸੁਣਵਾਈ ਅਧੀਨ ਹਨ ਤੇ ਅਜੇ ਕਾਫੀ ਲੋਕ ਸਹਾਇਤਾ ਤੋ ਵਾਂਝੇ ਹਨ।

## ਮਹਿੰਗਾ ਹੋਇਆ

ਇੰਪੋਰਟਡ ਮੋਬਾਈਲ ਫੋਨ, ਕਾਰਾਂ, ਮੋਟਰਸਾਈਕਲ, ਸੋਨਾ, ਹੀਰੇ, ਜੂਸ, ਖਾਣ ਵਾਲੇ ਤੇਲ, ਮੇਕਅੱਪ ਦਾ ਸਾਮਾਨ, ਪਰਫਿਊਮ, ਰੇਡੀਅਲ ਟਾਇਰ, ਐਲਸੀਡੀ, ਐਲਈਡੀ, ਓਐਲਈਡੀ ਟੀਵੀ ਪੈਨਲ, ਘੜੀਆਂ, ਚਸ਼ਮੇ, ਜੁੱਤੀਆਂ ਅਤੇ ਸਿਲਕ ਦੇ ਕੱਪੜੇ।

## ਸਸਤਾ ਹੋਇਆ

ਕਾਜੂ, ਸੋਲਰ ਟੈਂਪਰਡ ਗਲਾਸ, ਅਸੈਸਰੀ, ਰੇਲਵੇ ਦੀ ਆਨਲਾਈਨ ਬੁਕਿੰਗ, ਆਰ ਓ ਮੈਂਬਰੇਨ, ਐਲ ਐਨ ਜੀ, ਤੇਜ਼ ਹਵਾ ਨਾਲ ਚੱਲਣ ਵਾਲੇ ਊਰਜਾ ਜੈਨਰੇਟਰ, ਚਮੜੇ ਦੀ ਰੰਗਾਈ ਵਾਲੇ ਸਬਜ਼ੀਆਂ ਦੇ ਰਸ, ਪੀਓਐਸ ਮਸ਼ੀਨਾਂ ਦੇ ਕਾਰਡ, ਫਿੰਗਰ ਪ੍ਰਿੰਟ ਰੀਡਰ ਅਤੇ ਰੱਖਿਆ ਸੇਵਾਵਾਂ ਲਈ ਗਰੁੱਪ ਇੰਸ਼ੋਰੈਂਸ।

## ਕੇਂਦਰੀ ਬਜਟ 2018-19 ਦੇ ਮੁੱਖ ਪੱਖ

- ☛ਨਿੱਜੀ ਆਮਦਨ ਕਰ ਸਲੈਬ ਤੇ ਦਰਾਂ ‘ਚ ਕੋਈ ਬਦਲਾਅ ਨਹੀਂ
- ☛50 ਲੱਖ ਤੋਂ ਵੱਧ ਪਰ ਇਕ ਕਰੋੜ ਤੋਂ ਘੱਟ ਦੀ ਆਮਦਨ ਵਾਲਿਆਂ ਨੂੰ ਲੱਗੇਗਾ 10 ਫੀਸਦ ਸਰਚਾਰਜ
- ☛ਇਕ ਕਰੋੜ ਤੋਂ ਉਪਰਲੀ ਆਮਦਨ ਵਾਲਿਆਂ ਨੂੰ ਪਹਿਲਾਂ ਵਾਂਗ ਲੱਗੇਗਾ 15 ਫੀਸਦ ਸਰਚਾਰਜ
- ☛ਵਿੱਤੀ ਸਾਲ 2018-19 ਦੇ ਪਹਿਲੇ ਅੱਧ ਵਿੱਚ ਆਰਥਿਕ ਵਿਕਾਸ 7.2 ਤੋਂ 7.5 ਫੀਸਦ ਰੱਖਣ ਦਾ ਟੀਚਾ
- ☛ਭਾਰਤ ਦੇ ਜਲਦੀ ਹੀ ਵਿਸ਼ਵ ਦੇ 5ਵਾਂ ਸਭ ਤੋਂ ਵੱਡਾ ਅਰਥਚਾਰਾ ਬਣਨ ਦਾ ਅਨੁਮਾਨ
- ☛ਵਿੱਤੀ ਸਾਲ 2019 ਵਿੱਚ ਵਿੱਤੀ ਘਾਟਾ ਜੀਡੀਪੀ ਦਾ 3.3 ਫੀਸਦ ਰਹਿਣ ਦਾ ਅਨੁਮਾਨ
- ☛ਸਾਉਣੀ ਦੀਆਂ ਸਾਰੀਆਂ ਫ਼ਸਲਾਂ ਦਾ ਘੱਟੋ ਘੱਟ ਸਮਰਥਨ ਮੁੱਲ ਉਨ੍ਹਾਂ ਦੀ ਉਤਪਾਦਨ ਲਾਗਤ ਤੋਂ ਡੇਢ ਗੁਣਾਂ ਵਧਣ ਦੀ ਆਸ
- ☛ਕੀਮਤਾਂ ਤੇ ਮੰਗ ਦੀ ਭਵਿੱਖਬਾਣੀ ਲਈ ਨੀਤੀਆਂ ਤੇ ਸਿਧਾਂਤਾਂ ਨੂੰ ਵਿਕਸਤ ਕਰਨ ਲਈ ਸੰਸਥਾਗਤ ਮੈਕੇਨਿਜ਼ਮ ਦੀ ਤਜਵੀਜ਼
- ☛ ਹੇਠਲੇ ਤੇ ਮੱਧ ਵਰਗ ਨੂੰ ਮੁਫ਼ਤ ਗੈਸ ਕੁਨੈਕਸ਼ਨ, ਬਿਜਲੀ ਤੇ ਪਖਾਨੇ ਮੁਹੱਈਆ ਕਰਾਉਣ ਲਈ ਉਜਵਲਾ, ਸੌਭਾਗਯ ਤੇ ਸਵੱਛ ਮਿਸ਼ਨਾਂ ਲਈ ਵਧ ਟੀਚਾ ਮਿੱਥਿਆ
- ☛ 22 ਹਜ਼ਾਰ ਗ੍ਰਾਮੀਣ ਖੇਤੀ ਬਾਜ਼ਾਰਾਂ ਤੇ 585 ਖੇਤੀ ਪੈਦਾਵਾਰ ਮਾਰਕੀਟ ਕਮੇਟੀਆਂ (ਏਪੀਐਮਸੀਜ਼) ਵਿੱਚ ਖੇਤੀ ਮਾਰਕੀਟਿੰਗ ਢਾਂਚੇ ਨੂੰ ਵਿਕਸਤ ਤੇ ਅਪਗਰੇਡ ਕਰਨ ਲਈ ਦੋ ਹਜ਼ਾਰ ਕਰੋੜ ਰੁਪਏ ਦੀ ਵਿਵਸਥਾ
- ☛ ਫੂਡ ਪ੍ਰੋਸੈਸਿੰਗ ਮੰਤਰਾਲੇ ਨੂੰ ਮਿਲਦੇ ਫੰਡ ਦੁੱਗਣੇ ਕੀਤੇ
- ☛ ਕਿਸਾਨ ਕਰੈਡਿਟ ਕਾਰਡਾਂ ਦੀ ਸਹੂਲਤ ਮੱਛੀ ਪਾਲਣ ਤੇ ਪਸ਼ੂ ਪਾਲਣ ਨਾਲ ਜੁੜੇ ਕਿਸਾਨਾਂ ਨੂੰ ਵੀ ਦੇਣ ਦੀ ਤਜਵੀਜ਼

## ਖੇਤ ਮਜ਼ਦੂਰਾਂ ਤੇ ਸੂਬਾ ਸਰਕਾਰਾਂ ਪੱਲੇ ਪਈ ਨਿਰਾਸ਼ਾ

ਚੰਡੀਗੜ੍ਹ-ਕੇਂਦਰੀ ਬਜਟ ਤੋਂ ਕਿਸਾਨਾਂ-ਮਜ਼ਦੂਰਾਂ ਅਤੇ ਸੂਬਾ ਸਰਕਾਰਾਂ ਦੇ ਪੱਲੇ ਨਿਰਾਸ਼ਾ ਹੀ ਪਈ ਹੈ। ਕਿਸਾਨ ਤੇ ਮਜ਼ਦੂਰ ਖ਼ੁਦਕੁਸ਼ੀਆਂ ਅਤੇ ਕਰਜ਼ਾ ਮੁਆਫ਼ੀ ਦੇ ਮੁੱਦੇ ਉੱਤੇ ਕੇਂਦਰੀ ਬਜਟ ਖਾਮੋਸ਼ ਹੈ। ਵਿੱਤ ਮੰਤਰੀ ਅਰੁਣ ਜੇਤਲੀ ਵੱਲੋਂ ਫ਼ਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਫ਼ਸਲ ਦੀ ਲਾਗਤ ਵਿੱਚ ਪੰਜਾਹ ਫ਼ੀਸਦੀ ਮੁਨਾਫ਼ਾ ਜੋੜ ਕੇ ਦੇਣ ਦਾ ਐਲਾਨ ਵੀ ਸਵਾਲਾਂ ਦੇ ਘੇਰੇ ਵਿੱਚ ਹੈ। ਅਸਲ ਮੁੱਦਾ ਲਾਗਤ ਤੈਅ ਕਰਨ ਦੇ ਅਮਲ ਨਾਲ ਜੁੜਿਆ ਹੋਇਆ ਹੈ। ਜੇਕਰ ਲਾਗਤ ਅਤੇ ਮੁੱਲ ਕਮਿਸ਼ਨ ਦੀ ਉਤਪਾਦਨ ਲਾਗਤ ਨੂੰ ਸਹੀ ਮੰਨਿਆ ਜਾਵੇ ਤਾਂ ਪੰਜਾਬ ਵਿੱਚ ਪਹਿਲਾਂ ਹੀ ਸਵਾਮੀਨਾਥਨ ਫਾਰਮੂਲਾ ਲਗਪਗ ਲਾਗੂ ਹੈ। ਲਿਹਾਜ਼ਾ 2022 ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਟੀਚਾ ਵੀ ‘ਜੁਮਲਾ’ ਸਾਬਤ ਹੋਣ ਦੇ ਆਸਾਰ ਹਨ। ਕੇਂਦਰ ਸਰਕਾਰ 24 ਫ਼ਸਲਾਂ ਦਾ ਘੱਟੋ ਘੱਟ ਸਮਰਥਨ ਮੁੱਲ (ਐਮਐਸਪੀ) ਨਿਰਧਾਰਤ ਕਰਦੀ ਹੈ। ਵਿੱਤ ਮੰਤਰੀ ਨੇ ਕਿਹਾ ਹੈ ਕਿ ਮੋਦੀ ਸਰਕਾਰ ਨੇ ਹਾੜੀ ਸੀਜ਼ਨ ਦੀਆਂ ਜ਼ਿਆਦਤਰ ਫਸਲਾਂ ਦਾ ਮੁੱਲ ਐਲਾਨ ਦਿੱਤਾ ਹੈ ਅਤੇ ਇਹ ਵੀ ਸਵਾਮੀਨਾਥਨ ਰਿਪੋਰਟ ਦੇ ਨੇੜੇ ਤੇੜੇ ਹੈ। ਅੱਗੋਂ ਸਿਧਾਂਤਕ ਤੌਰ ਉੱਤੇ ਹੀ ਸਾਉਣੀ ਫ਼ਸਲਾਂ ਦਾ ਮੁੱਲ ਉਤਪਾਦਨ ਲਾਗਤ ਵਿੱਚ ਪੰਜਾਹ ਫੀਸਦ ਮੁਨਾਫ਼ਾ ਜੋੜ ਕੇ ਐਲਾਨਿਆ ਜਾਵੇਗਾ। ਗੌਰਤਲਬ ਹੈ ਕਿ ਦਸ ਫੀਸਦ ਤੋਂ ਘੱਟ ਕਿਸਾਨਾਂ ਦੀਆਂ ਹੀ ਦੋ ਫ਼ਸਲਾਂ ਕਣਕ ਅਤੇ ਝੋਨਾ ਸਰਕਾਰੀ ਮੁੱਲ ਉੱਤੇ ਖਰੀਦੀਆਂ ਜਾਂਦੀਆਂ ਹਨ। ਬਾਕੀ ਫ਼ਸਲਾਂ ਦਾ ਕੇਵਲ ਸਮਰਥਨ ਮੁੱਲ ਐਲਾਨਿਆ ਜਾਂਦਾ ਹੈ, ਖਰੀਦ ਦੀ ਕੋਈ ਗਰੰਟੀ ਨਹੀਂ। ਇਸ ਬਾਰੇ ਨੀਤੀ ਆਯੋਗ ਸੂਬਾ ਸਰਕਾਰਾਂ ਨਾਲ ਮਿਲ ਕੇ ਅਜੇ ਕੋਈ ਨੀਤੀ ਬਣਾਉਣ ਦੀ ਕੋਸ਼ਿਸ਼ ਕਰੇਗਾ। ਖੇਤੀ ਲਾਗਤ ਅਤੇ ਮੁੱਲ ਕਮਿਸ਼ਨ ਵੱਲੋਂ ਉਤਪਾਦਨ ਲਾਗਤ ਨਿਰਧਾਰਤ ਕਰਨ ਲਈ ਬਣਾਈ ਪ੍ਰਣਾਲੀ ਨੁਕਸਦਾਰ ਹੋਣ ਕਰਕੇ ਕਿਸਾਨਾਂ ਨੂੰ ਲਾਭ ਨਹੀਂ ਹੁੰਦਾ। ਕਣਕ ਲਈ ਹਰਿਆਣਾ, ਯੂਪੀ ਅਤੇ ਮੱਧ ਪ੍ਰਦੇਸ਼ ਦੀ ਉਤਪਾਦਨ ਲਾਗਤ 1256 ਰੁਪਏ ਪ੍ਰਤੀ ਕੁਇੰਟਲ ਮੰਨੀ ਗਈ ਹੈ ਜਦਕਿ ਬਿਹਾਰ, ਮਹਾਰਾਸ਼ਟਰ ਅਤੇ ਪੱਛਮੀ ਬੰਗਾਲ ਵਿੱਚ ਇਸ ਤੋਂ ਵੱਧ ਹੈ। ਪੰਜਾਬ ਦੀ ਉਤਪਾਦਨ ਲਾਗਤ ਇਸ ਤੋਂ ਵੀ ਘੱਟ ਦਿਖਾਈ ਗਈ ਹੈ। ਜੇਕਰ 1256 ਵੀ ਮੰਨ ਲਈਏ ਤਾਂ ਵੀ ਲਾਗਤ ਉੱਤੇ 45 ਫੀਸਦ ਮੁਨਾਫ਼ਾ ਤਾਂ ਦਿੱਤਾ ਜਾ ਰਿਹਾ ਹੈ। ਕੀ ਇਹੀ ਸਵਾਮੀਨਾਥਨ ਰਿਪੋਰਟ ਦੀ ਕਹਾਣੀ ਹੈ ?

ਪੰਜਾਬ ਦੇ ਖੇਤੀ ਕਮਿਸ਼ਨਰ ਡਾ. ਬਲਵਿੰਦਰ ਸਿੰਘ ਸਿੱਧੂ ਨੇ ਕੇਂਦਰ ਦੇ ਫੈਸਲੇ ਨੂੰ ਸਿਧਾਂਤਕ ਤੌਰ ਉੱਤੇ ਦਰੁਸਤ ਦੱਸਦਿਆਂ ਕਿਹਾ ਹੈ ਕਿ ਉਤਪਾਦਨ ਲਾਗਤ ਦੇ ਅਮਲ ਨੂੰ ਪਾਰਦਰਸ਼ੀ ਅਤੇ ਵਧੇਰੇ ਦਰੁਸਤ ਕਰਨ ਦੀ ਜ਼ਰੂਰਤ ਹੈ। ਖੇਤੀ ਅਰਥ ਸ਼ਾਸਤਰੀ ਪ੍ਰੋ. ਰਣਜੀਤ ਸਿੰਘ ਘੁੰਮਣ ਨੇ ਕਿਹਾ ਕਿ ਉਨ੍ਹਾਂ ਵੱਲੋਂ ਕੀਤੇ ਅਧਿਐਨ ਮੁਤਾਬਿਕ ਪੰਜਾਬ ਦੇ ਕਿਸਾਨਾਂ ਦਾ ਹੀ ਹਜ਼ਾਰਾਂ ਕਰੋੜਾਂ ਰੁਪਿਆ ਸਰਕਾਰ ਨੇ ਘੱਟ ਮੁੱਲ ਨਿਰਧਾਰਤ ਕਰਕੇ ਦੱਬ ਰੱਖਿਆ ਹੈ। ਇਸ ਲਈ ਉਤਪਾਦਨ ਲਾਗਤ ਨੂੰ ਹਕੀਕਤ ਦੀ ਬੁਨਿਆਦ ਉੱਤੇ ਤੈਅ ਕਰਨ ਦੀ ਲੋੜ ਹੈ। ਅਰਥ ਸ਼ਾਸਤਰੀਆਂ ਦਾ ਮੰਨਣਾ ਹੈ ਕਿ ਅੰਕੜੇਬਾਜ਼ੀ ਦੀ ਖੇਡ ਨਾਲ ਕਿਸਾਨਾਂ ਦੀ ਆਮਦਨ ਦੁੱਗਣੀ ਹੋਣ ਦੀ ਕੋਈ ਸੰਭਾਵਨਾ ਨਹੀਂ। ਪ੍ਰੋਫੈਸਰ ਸੁੱਚਾ ਸਿੰਘ ਗਿੱਲ ਨੇ ਕਿਹਾ ਕਿ ਕੇਂਦਰੀ ਬਜਟ 2019 ਦੀਆਂ ਲੋਕ ਸਭਾ ਚੋਣਾਂ ਵੱਲ ਕੇਂਦਰਤ ਹੈ। ਬਜਟ ਦੀਆਂ ਤਜਵੀਜ਼ਾਂ ਉੱਤੇ ਅਮਲ ਦੀ ਪ੍ਰਕਿਰਿਆ ਹੀ ਚੋਣਾਂ ਤੱਕ ਦਾ ਸਮਾਂ ਲੈ ਜਾਵੇਗੀ।

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

# ...ਤੇ ਪ੍ਰੀਖਿਆ ਚਲਦੀ ਰਹੀ



ਅਵਤਾਰ ਐਸ.ਸੰਘਾ
(ਸਿਡਨੀ)
Avtar S. Sangha
ਮੋਬਾ:0437641033

**ਭਾਰਤ ਵਿੱਚ ਸਿਆਸਤ ਹੀ ਸਭ ਕੁੱਝ ਏ। ਅਗਰ ਇਸ ਦੇਸ਼ ਨੂੰ ਸਿਆਸਤਦਾਨਾਂ ਦਾ ਦੇਸ਼ ਕਹਿ ਲਿਆ ਜਾਵੇ ਤਾਂ ਅਤਿਕਥਨੀ ਨਹੀਂ ਹੋਵੇਗਾ। ਇਸ ਦੇਸ਼ ਵਿੱਚ ਇੱਟ ਚੁੱਕੇ ਤੇ ਪ੍ਰਧਾਨ ਮਿਲ ਜਾਂਦੇ ਹਨ। ਕੋਈ ਟੀਚਰ ਯੂਨੀਅਨ ਦਾ ਪ੍ਰਧਾਨ ਏ, ਕੋਈ ਪੱਲੇਦਾਰ ਯੂਨੀਅਨ ਦਾ ਪ੍ਰਧਾਨ ਏ, ਕੋਈ ਰਿਕਸ਼ਾ ਯੂਨੀਅਨ ਦਾ ਪ੍ਰਧਾਨ ਏ, ਕੋਈ ਦੁਕਾਨਦਾਰ ਯੂਨੀਅਨ ਦਾ ਪ੍ਰਧਾਨ ਏ, ਕੋਈ ਬਾਰ ਐਸੋਸੀਏਸ਼ਨ ਦਾ ਪ੍ਰਧਾਨ ਏ, ਕੋਈ ਦਿਹਾੜੀਦਾਰ ਯੂਨੀਅਨ ਦਾ ਪ੍ਰਧਾਨ ਏ, ਕੋਈ ਖੇਤ ਮਜ਼ਦੂਰ ਯੂਨੀਅਨ ਦਾ ਪ੍ਰਧਾਨ ਏ ਤੇ ਕੋਈ ਕਿਸੇ ਹੋਰ ਯੂਨੀਅਨ ਦਾ........**



**ਕਿਸ਼ਤ 45**

ਯੂਨੀਵਰਸਿਟੀ ਦਾ ਫੈਕਲਟੀ ਹਾਊਸ ਪ੍ਰੋਫੈਸਰਾਂ ਨਾਲ ਭਰਿਆ ਪਿਆ ਸੀ। ਬਹੁਤ ਸਾਰੇ ਪਹੁੰਚ ਗਏ ਸਨ ਤੇ ਬਾਕੀ ਪਹੁੰਚ ਰਹੇ ਸਨ। ਕੋਈ ਕੋਈ ਵਾਪਸ ਜਾਣ ਦੀ ਤਿਆਰੀ ਵੀ ਕਰ ਰਿਹਾ ਸੀ। ਫੈਕਲਟੀ ਹਾਊਸ ਵਿੱਚ ਰਹਿਣ ਸਹਿਣ ਦੀਆਂ ਪੂਰੀਆਂ ਸਹੂਲਤਾਂ ਹਨ। ਡੱਨਲਪ ਦੇ ਗੱਦਿਆਂ ਵਾਲੇ ਬੈੱਡ ਹਨ, ਅੰਦਰ ਹੀ ਨਾਲ ਲਗਦੇ ਟਾਇਲਟ ਹਨ, ਬਾਹਰ ਬੈਠਣ ਲਈ ਬਾਲਕੋਨੀ ਹੈ, ਪੜ੍ਹਨ ਲਈ ਅਲੱਗ ਮੇਜ਼ ਤੇ ਟੇਬਲਲੈਂਪ ਹੈ, ਬਿਲਟ ਇਨ ਅਲਮਾਰੀਆ ਹਨ, ਇਹਨਾਂ ਰਹਾਇਸ਼ਗਾਹਾਂ ਵਿਚ ਹਰ ਰੋਜ਼ ਅੰਗਰੇਜ਼ੀ ਦਾ ਅਖ਼ਬਾਰ ਆਉਂਦਾ ਏ, ਇੱਕ ਕੋਨੇ ਤੇ ਲਾਂਡਰੀ ਏ ਜਿੱਥੇ ਧੋਬੀ ਹਰ ਸਮੇਂ ਮੌਜੂਦ ਹੁੰਦਾ ਏ, ਅੰਦਰ ਡਾਈਨਿੰਗ ਹਾਲ ਏ, ਮੈਸ ਏ, ਇਸ ਮੈਸ ਤੇ ਖਾਣਾ ਸਸਤਾ ਮਿਲਦਾ ਹੈ, ਮੈਸ ਦੇ ਨਾਲ ਲਗਦੇ ਕਮਰੇ ਵਿੱਚ ਅੰਦਰੂਨੀ ਖੇਡਾਂ ਦਾ ਤੇ ਟੀ.ਵੀ. ਦੇਖਣ ਦਾ ਵਧਆਿ ਪ੍ਰਬੰਧ ਏ ਬਗੈਰਾ ਬਗੈਰਾ। ਫੈਕਲਟੀ ਹਾਊਸ ਯੂਨੀਵਰਸਿਟੀ ਦੇ ਪਿਛਲੇ ਪਾਸੇ ਇਕਾਂਤ ਥਾਂ ਤੇ ਬਣਿਆ ਹੋਇਆ ਏ। ਸਾਹਮਣੇ ਯੂਨੀਵਰਸਿਟੀ ਦੇ ਖੇਡ ਦੇ ਮੈਦਾਨ ਹਨ। ਨਾਲ ਲਗਦੀ ਖ਼ੂਬਸੂਰਤ ਸੜਕ ਦੇ ਦੁਆਲੇ ਪੇੜਾਂ ਦੀਆਂ ਕਤਾਰਾਂ ਹਨ। ਲੜਕਿਆਂ ਦੇ ਹੋਸਟਲ ਥੋੜ੍ਹੀ ਦੂਰੀ ਤੇ ਹਨ। ਪਿਛਲੇ ਪਾਸੇ ਉਜਾੜ ਜਿਹੀ ਥਾਂ ਤੇ ਸਵਿਮਿੰਗ ਪੂਲ ਏ ਤੇ ਜਿਮਨੇਜ਼ੀਅਨ ਏ। ਪੰਜਾਬ ਦੀ ਭੀੜ ਭੜੱਕੇ ਵਾਲੀ ਜ਼ਿੰਦਗੀ ਚੋਂ ਆ ਕੇ ਇੱਥੇ ਕੁਝ ਦਿਨ ਗੁਜਾਰਨੇ ਬੜੇ ਹੀ ਅੱਛੇ ਲਗਦੇ ਹਨ। ਕਦੀ ਕਦੀ ਇਸ ਪ੍ਰਕਾਰ ਦਾ ਭੁਚੱਕ ਵੀ ਪੈਂਦਾ ਏ ਜਿਵੇਂ ਕਿਸੇ ਵਿਕਸਤ ਦੇਸ਼ ਦੀ ਕਿਸੇ ਸੈਰਗਾਹ ਵਿੱਚ ਘੁੰਮਦੇ ਫਿਰਦੇ ਹੋਈਏ। ਸਟੂਡੈਂਟ ਸੈਂਟਰ ਵੀ ਬਹੁਤਾ ਦੂਰ ਨਹੀਂ। ਇੱਥੇ ਚਾਹ, ਕਾਫ਼ੀ, ਡੋਸਾ, ਬੜਾ, ਆਮਲੇਟ ਤੇ ਹੋਰ ਕਈ ਪ੍ਰਕਾਰ ਦੇ ਸਨੈਕਸ ਹਰ ਸਮੇਂ ਮਿਲਦੇ ਰਹਿੰਦੇ ਹਨ। ਇਸ ਸੈਂਟਰ ਵਿੱਚ ਹਮੇਸ਼ਾ ਗਹਿਮਾ ਗਹਿਮੀ ਰਹਿੰਦੀ ਏ। ਕਈ ਪ੍ਰੋਫੈਸਰ ਤਾਂ ਫੈਕਲਟੀ ਹਾਊਸ ਵਿੱਚ ਕਈ ਕਈ ਦਿਨ ਠਹਿਰਨ ਦਾ ਜੁਗਾੜ ਵੀ ਕਰ ਲੈਂਦੇ ਹਨ। ਪਰਚੇ ਦੇਖਣ ਲਈ ਬਹੁਤੇ ਦਿਨਾਂ ਦੀ ਡਿਊਟੀ ਲਗਾ ਲੈਂਦੇ ਹਨ। ਫੈਕਲਟੀ ਹਾਊਸ ਆਪਸੀ ਦੋਸਤੀਆਂ ਅਤੇ ਨੇੜਤਾਵਾਂ ਵਧਾਉਣ ਵਿੱਚ ਵੀ ਚੋਖਾ ਯੋਗਦਾਨ ਪਾਉਂਦਾ ਏ। ਨਾਲੇ ਮਰਦ ਅਤੇ ਇਸਤਰੀਆਂ ਦੇ ਕਮਰੇ (Suites) ਇਕੱਠੇ ਹੀ ਹਨ। ਕਿਸੇ ਦੀ ਪਿੱਛਿਓਂ ਕੋਈ ਦੋਸਤੀ ਬਣੀ ਹੋਈ ਹੋਵੇ ਤਾਂ ਇਹ ਜਗਾਹ ਇਕੱਠੇ ਰਹਿਣ ਲਈ ਬਹੁਤ ਹੀ ਅਨੁਕੂਲ ਏ। ਜੇਕਰ ਕਿਸੇ ਨੂੰ ਕੋਈ ਮਿਲਣ ਆ ਜਾਵੇ ਤਾਂ ਵੀ ਇਸਨੂੰ ਗੰਭੀਰਤਾ ਨਾਲ ਨਹੀਂ ਲਿਆ ਜਾਂਦਾ। ਜਿੰਨੀ ਜਿਆਦਾ ਸਖ਼ਤੀ ਲੜਕੀਆਂ ਦੇ ਹੋਸਟਲਾਂ ਵਿੱਚ ਸੀ ਓਨੀ ਹੀ ਜਿਆਦਾ ਨਰਮੀ ਫੈਕਲਟੀ ਹਊਸ ਵਿੱਚ ਸੀ। ਲੜਕੀਆਂ ਦੇ ਹੋਸਟਲਾਂ ਵਿੱਚ ਤਾਂ ਕੋਈ ਮਰਦ ਢੁੱਕ ਹੀ ਨਹੀਂ ਸੀ ਸਕਦਾ। ਇਸਦੇ ਉਲਟ ਫੈਕਲਟੀ ਹਾਊਸ ਵਿੱਚ ਕੋਈ ਜਦ ਮਰਜੀ ਆ ਕੇ ਕਿਸੇ ਨੂੰ ਸਿਰਫ਼ ਮਿਲ ਹੀ ਨਹੀਂ ਸੀ ਸਕਦਾ ਬਲਿਕ ਆਪਣੇ ਆਪ ਨੂੰ ਉਸਦਾ ਮਹਿਮਾਨ ਦੱਸ ਕੇ ਉਸ ਪਾਸ ਰਹਿ ਵੀ ਸਕਦਾ ਸੀ। ਇਹ ਇੰਜ ਇਸ ਕਰਕੇ ਸੀ ਕਿਉਂਕਿ ਇਹ ਜਗਾਹ ਸਿਆਣੇ ਲੋਕਾਂ ਦੀ ਸਮਝੀ ਜਾਂਦੀ ਸੀ, ਐਸੇ ਸਿਆਣੇ ਤੇ ਬੁੱਧੀਜੀਵੀ ਲੋਕਾਂ ਦੀ ਜਿਹਨਾਂ ਤੋਂ ਕੋਈ ਗਲਤ ਕੰਮ ਦੀ ਕਿਆਸਰਾਈ ਨਹੀਂ ਲਗਾ ਸਕਦਾ। ਫਿਰ ਵੀ ਕਈ ਵਾਰ ਹੁੰਦਾ ਇਸਦੇ ਉਲਟ ਸੀ। ਕਈ ਅਧਿਆਪਕ ਇਸ ਸਥਾਨ ਦੀ ਦੁਰਵਰਤੋਂ ਵੀ ਕਰਦੇ ਸਨ। ਕਈ ਆਪਣੇ ਨਾਲ ਆਪਣੇ ਬੀਵੀ ਬੱਚਿਆਂ ਨੂੰ ਲਿਆ ਕੇ ਇਸ ਦਾ ਸਦਉਪਯੋਗ ਵੀ ਕਰਦੇ ਸਨ। ਇੰਜ ਕਰਨ ਨਾਲ ਪਰੀਵਾਰ ਦਾ ਮਾਹੌਲ ਬਦਲ ਜਾਂਦਾ ਸੀ। ਫੈਕਲਟੀ ਹਾਊਸ ਦਾ ਸਟਾਫ ਬਾਹਰੋਂ ਆਏ ਪ੍ਰੋਫੈਸਰ ਤਬਕੇ ਦੀ ਬੜੀ ਇੱਜਤ ਕਰਦਾ ਸੀ। ਇਸ ਸਟਾਫ਼ ਵਿੱਚ ਕਈ ਅਧਿਆਪਕ ਐਸੇ ਵੀ ਹੋਇਆ ਕਰਦੇ ਸਨ ਜਿਹਨਾਂ ਦੀ ਯੂਨੀਵਰਸਿਟੀ ਵਿੱਚ ਸਾਖ ਬੜੀ ਮਜਬੂਤ ਹੋਇਆ ਕਰਦੀ ਸੀ। ਭਾਵੇਂ ਸੈਨੇਟ ਅਤੇ ਸਿੰਡੀਕੇਟ ਦੇ ਮੈਂਬਰਾਂ ਲਈ ਯੂਨੀਵਰਸਿਟੀ ਵਿੱਚ ਅਲੱਗ ਗੈਸਟ ਹਾਊਸ ਸੀ ਫਿਰ ਵੀ ਇਹ ਲੋਕ ਫੈਕਲਟੀ ਹਾਊਸ ਵਿੱਚ ਵੀ ਅਕਸਰ ਗੇੜੇ ਮਾਰਦੇ ਹੀ ਰਹਿੰਦੇ ਸਨ। ਕਿਸੇ ਕਾਲਜ ਦਾ ਇੱਕ ਸੇਵਾਮੁਕਤ ਪ੍ਰਿੰਸੀਪਲ ਇੱਥੇ ਕਈ ਮਹੀਨਿਆਂ ਤੋਂ ਰਹਿ ਰਿਹਾ ਸੀ। ਸਾਰੀ ਖੇਡ ਵਾਕਫ਼ੀਅਤ ਅਤੇ ਰਸੂਖ ਦੀ ਸੀ। ਜੇ ਵਾਕਫੀਅਤ ਕਿਸੇ ਵੱਡੇ ਸਿਆਸੀ ਬੰਦੇ ਨਾਲ ਹੋਵੇ ਫਿਰ ਤਾਂ ਭਾਵੇਂ ਇੱਥੇ ਕੋਈ ਜਿੰਨਾ ਚਿਰ ਮਰਜੀ ਰਹੀ ਜਾਵੇ। ਸੂਬੇ ਦੇ ਮੁੱਖ ਮੰਤਰੀ ਨਾਲ ਨੇੜਤਾ ਰੱਖਣ ਵਾਲਾ ਇੱਕ ਪ੍ਰੋਫੈਸਰ ਇੱਥੇ ਕਈ ਮਹੀਨਿਆਂ ਤੋਂ ਰਹਿ ਰਿਹਾ ਸੀ। ਸਾਰਾ ਅਮਲਾ ਫੈਲਾ ਉਸਦੇ ਪਿੱਛੇ ਪਿੱਛੇ ਫਿਰਦਾ ਰਹਿੰਦਾ ਸੀ। ਭਾਰਤ ਵਿੱਚ ਸਿਆਸਤ ਹੀ ਸਭ ਕੁੱਝ ਏ। ਅਗਰ ਇਸ ਦੇਸ਼ ਨੂੰ ਸਿਆਸਤਦਾਨਾਂ ਦਾ ਦੇਸ਼ ਕਹਿ ਲਿਆ ਜਾਵੇ ਤਾਂ ਅਤਿਕਥਨੀ ਨਹੀਂ ਹੋਵੇਗਾ। ਇਸ ਦੇਸ਼ ਵਿੱਚ ਇੱਟ ਚੁੱਕੇ ਤੇ ਪ੍ਰਧਾਨ ਮਿਲ ਜਾਂਦੇ ਹਨ। ਕੋਈ ਟੀਚਰ ਯੂਨੀਅਨ ਦਾ ਪ੍ਰਧਾਨ ਏ, ਕੋਈ ਪੱਲੇਦਾਰ ਯੂਨੀਅਨ ਦਾ ਪ੍ਰਧਾਨ ਏ, ਕੋਈ ਰਿਕਸ਼ਾ ਯੂਨੀਅਨ ਦਾ ਪ੍ਰਧਾਨ ਏ, ਕੋਈ ਦੁਕਾਨਦਾਰ ਯੂਨੀਅਨ ਦਾ ਪ੍ਰਧਾਨ ਏ, ਕੋਈ ਬਾਰ ਐਸੋਸੀਏਸ਼ਨ ਦਾ ਪ੍ਰਧਾਨ ਏ, ਕੋਈ ਦਿਹਾੜੀਦਾਰ ਯੂਨੀਅਨ ਦਾ ਪ੍ਰਧਾਨ ਏ, ਕੋਈ ਖੇਤ ਮਜ਼ਦੂਰ ਯੂਨੀਅਨ ਦਾ ਪ੍ਰਧਾਨ ਏ ਤੇ ਕੋਈ ਕਿਸੇ ਹੋਰ ਯੂਨੀਅਨ ਦਾ। ਇਹ ਸਭ ਲੋਕਤੰਤਰ ਢਾਂਚੇ ਦੀ ਦੇਣ ਹੈ। ਇਹ ਇੱਕ ਬਹੁਤ ਹੀ ਵੱਡਾ ਦੁਖਾਂਤ ਏ ਕਿ ਲੋਕਤੰਤਰੀ ਢਾਂਚੇ ਵਿੱਚ ਇੱਕ ਲੱਲੂ ਪੰਜੂ ਬੰਦਾ ਵੀ ਇੰਨਾ ਤਾਕਤਵਰ ਬਣ ਜਾਂਦਾ ਏ ਕਿ ਉਸਦੇ ਮੂਹਰੇ ਅੰਤਾਂ ਦੀ ਪੜ੍ਹੀਲਿਖੀ ਅਫਸਰਸ਼ਾਹੀ ਸਿਫਰ ਬਣ ਜਾਂਦੀ ਏ। ਜਿਸ ਬੰਦੇ ਨੂੰ ਆਮ ਜੀਵਨ ਵਿੱਚ ਕੋਈ ਦੁੱਕੀ ਜਿੰਨਾ ਵੀ ਨਹੀਂ ਪਛਾਣਦਾ ਜਦ ਉਹ ਚਾਰ ਬੰਦੇ ਇਕੱਠੇ ਕਰਕੇ ਉਹਨਾਂ ਦਾ ਪ੍ਰਧਾਨ ਬਣ ਜਾਂਦਾ ਏ ਤਾਂ ਉਹ ਦੇਵਤਾ ਸਮਾਨ ਮੰਨਿਆ ਜਾਣ ਲੱਗ ਪੈਂਦਾ ਏ। ਹਰ ਪਾਸਿਉਂ ਉਸਦੇ ਗਲ ਵਿੱਚ ਹਾਰ ਪੈਣੇ ਸ਼ੁਰੂ ਹੋ ਜਾਂਦੇ ਹਨ। ਉਸਦਾ ਖੈਰ ਮਕਦਮ ਕਰਨ ਲਈ ਲੋਕਾਂ ਦੇ ਤੰਤੇ ਲਗ ਜਾਂਦੇ ਹਨ।

ਸਿਆਸਤਦਾਨਾਂ ਤੋਂ ਬਾਅਦ ਯੂਨੀਵਰਸਿਟੀ ਦੇ ਸੈਨੇਟ ਤੇ ਸਿੰਡੀਕੇਟ ਦੇ ਮੈਂਬਰਾਂ ਦੀ ਵਾਰੀ ਆ ਜਾਂਦੀ ਏ। ਇਹ ਮੈਂਬਰ ਵੀ ਤਾਂ ਸਿਆਸਤਦਾਨ ਹੀ ਹਨ। ਇਹ ਵੀ ਲੋਕਤੰਤਰ ਦੀ ਹੀ ਦੇਣ ਹਨ। ਇਹ ਵੀ ਪੜ੍ਹਿਆ ਲਿਖਿਆ ਦੀਆਂ ਵੋਟਾਂ ਨਾਲ ਹੀ ਬਣਦੇ ਹਨ। ਇਹਨਾਂ ਦੀ ਵੀ ਯੂਨੀਵਰਸਿਟੀ ਵਿਚ ਪੂਰੀ ਸਿਫਾਰਸ਼ ਚਲਦੀ ਏ। ਮੇਰੇ ਇੱਕ ਦੋਸਤ ਪ੍ਰੋਫੈਸਰ ਦਾ ਨਵਾਂ ਨਵਾਂ ਵਿਆਹ ਹੋਇਆ ਸੀ। ਉਸਨੂੰ ਯੂਨੀਵਰਸਿਟੀ ਦੇ ਸ਼ਿਮਲੇ ਵਾਲੇ ਹੌਲੀਡੇਅ ਹੋਮ ਵਿੱਚ ਹਨੀਮੂਨ ਤੇ ਜਾਣ ਲਈ ਰਹਾਇਸ਼ ਚਾਹੀਦੀ ਸੀ। ਉਸਨੇ ਆਪ ਰਹਾਇਸ਼ ਲੈਣ ਦੀ ਕੋਸ਼ਿਸ਼ ਕੀਤੀ ਲੇਕਿਨ ਰਹਾਇਸ਼ ਨਾ ਮਿਲੀ। ਜਦ ਉਹਨੇ ਕਿਸੇ ਸੈਨੇਟਰ ਰਾਹੀਂ ਸਿਫਾਰਸ਼ ਪੁਆ ਕੇ ਕੋਸ਼ਿਸ਼ ਕੀਤੀ ਤਾਂ ਆਰਾਮ ਨਾਲ ਮਿਲ ਗਈ।

ਪ੍ਰਸ਼ੋਤਮ ਤੇ ਕਾਂਤਾ ਵੀ ਅੱਜ ਇੱਥੇ ਪੇਪਰ ਮਾਰਕਿੰਗ ਲਈ ਪਹੁੰਚੇ ਹੀ ਸਨ। ਪਿੱਛਿਓ ਉਹ ਅਲੱਗ ਬੱਸਾਂ ਵਿੱਚ ਆਏ ਸਨ। ਚੰਡੀਗੜ੍ਹ ਉਹ ਇਕੱਠੇ ਹੋ ਗਏ ਸਨ। ਚੰਡੀਗੜ੍ਹ ਦੇ 17 ਸੈਕਟਰ ਦੇ ਬੱਸ ਅੱਡੇ ਤੇ ਉਤਰ ਕੇ ਉਹਨਾਂ ਨੇ ਆਟੋ ਫੜਿਆ ਤੇ ਯੂਨੀਵਰਸਿਟੀ ਪਹੁੰਚ ਗਏ।

"ਆਪਾਂ ਪਿੱਛਿਓਂ ਤਾਂ ਇਕੱਲੇ ਇਕੱਲੇ ਆ ਗਏ ਹਾਂ। ਹੁਣ ਇੱਥੇ ਚੰਡੀਗੜ੍ਹ ਨਾ ਕੋਈ ਭਸੂੜੀ ਖੜ੍ਹੀ ਹੋ ਜਾਵੇ। ਸ਼ਾਇਦ ਕੋਈ ਹੋਰ ਵੀ ਉਧਰੋਂ ਸਾਡੇ ਕਾਲਜਾਂ ਵਿੱਚੋਂ ਪੇਪਰ ਮਾਰਕ ਕਰਨ ਆਇਆ ਹੋਵੇ", ਕਾਂਤਾ ਨੇ ਆਟੋ ਵਿੱਚ ਬੈਠਦੇ ਸਾਰ ਹੀ ਥੋੜਾ ਡਰ ਜਾਹਰ ਕੀਤਾ।

" ਫੈਕਲਟੀ ਹਾਊਸ ਦੇ ਮੂਹਰੇ ਜਾ ਕੇ ਸਾਨੂੰ ਦੋਹਾਂ ਨੂੰ ਅੱਡ ਅੱਡ ਹੋ ਜਾਣਾ ਚਾਹੀਦਾ ਏ। ਉਥੇ ਸਾਨੂੰ ਸਾਡਾ ਕੋਈ ਵਾਕਫ਼ ਵੀ ਮਿਲ ਸਕਦਾ ਏ। ਤੁਸੀਂ ਅੱਡ ਆਪਣੇ ਸੈਟ ਵਿੱਚ ਚਲੇ ਜਾਇਓ ਤੇ ਮੈਂ ਆਪਣੇ ਵਿੱਚ ਚਲਾ ਜਾਵਾਂਗਾ। ਸ਼ਾਮ ਨੂੰ ਕਿਸੇ ਪਾਸੇ ਘੁੰਮਣ ਨਿਕਲ ਜਾਵਾਂਗੇ।", ਪ੍ਰਸ਼ੋਤਮ ਨੇ ਕਾਂਤਾ ਨੂੰ ਸਲਾਹ ਦਿੱਤੀ।

"ਤੁਸੀਂ ਮੈਨੂੰ ਗਲਤ ਨਾ ਸਮਝੀ ਜਾਇਓ। ਮੈਂ ਤੁਹਾਡੇ ਨਾਲ ਕਿਤੇ ਵੀ ਘੁੰਮਣ ਜਾ ਸਕਦੀ ਹਾਂ, ਕਿਸੇ ਵੀ ਰੈਸਟੋਰੈਂਟ ਵਿੱਚ ਬੈਠ ਸਕਦੀ ਹਾਂ, ਈਵਨ ਯੂਨੀਵਰਸਿਟੀ ਦੇ ਸਟੂਡੈਂਟ ਸੈਂਟਰ 'ਚ ਵੀ ਬੈਠ ਕੇ ਗੱਲਾਂ ਕਰ ਸਕਦੀ ਹਾਂ ਲੇਕਿਨ ਮੈਂ ਤੁਹਾਡੇ ਨਾਲ ਸਿਨਮੇ ਨਹੀਂ ਜਾ ਸਕਦੀ। ਤੁਹਾਡੀ ਰਹਾਇਸ਼ ਵਿੱਚ ਨਹੀਂ ਜਾ ਸਕਦੀ ਤੇ ਨਾ ਹੀ ਤੁਸੀਂ ਮੇਰੀ ਰਹਾਇਸ਼ ਵਿੱਚ ਚੱਕਰ ਮਾਰ ਸਕਦੇ ਹੋ। ਮੇਰਾ ਤੁਹਾਡੇ ਨਾਲ ਇੱਥੇ ਹੋਣ ਦਾ ਮਕਸਦ ਇੱਕ ਹੀ ਏ।"

"ਉਹ ਕੀ ?"

"ਮੈਂ ਸਿਰਫ ਤੁਹਾਡੇ ਵਿਚਾਰ ਜਾਨਣੇ ਚਾਹੁੰਦੀ ਹਾਂ। ਮੈਂ ਤੁਹਾਡੇ ਸੁਭਾਅ ਨੂੰ ਤੇ ਤੁਹਾਡੀਆਂ ਆਦਤਾਂ ਨੂੰ ਨੇੜਿਓਂ ਤੱਕਣਾ ਚਾਹੁੰਦੀ ਹਾਂ। ਤੁਸੀਂ ਮੈਨੂੰ ਕਾਲਜ ਦੀ ਕਿਸੇ ਨਾਦਾਨ ਲੜਕੀ ਵਾਂਗ ਬਿਲਕੁਲ ਨਾ ਸਮਝਣਾ। ਮੈਂ ਮਰਦਾਂ ਦੀ ਮਨੋਬਿਰਤੀ ਨੂੰ ਬਹੁਤ ਚੰਗੀ ਤਰ੍ਹਾਂ ਸਮਝਦੀ ਹਾਂ।"

–ਚਲਦਾ

# ਆਸਟਰੇਲੀਅਨ ਸਿੱਖ ਫੋਰਮ ਸਿਡਨੀ | Australian Sikh Forum Sydney - 2018

Venue: Conference Room, Rydges Hotel Bankstown, 874 Hume Highway, Bass Hill, NSW 2197
On 31st Mar 2018, Saturday | 9.00am - 4.00pm

31st Australian Sikh Games
30th March – 1st April 2018
Venue: Crest Sporting Complex, McClean St, Bass Hill, NSW 2198

ANSSACC

## ਸਿੱਖ ਫੋਰਮ | Sikh Forum

### ਵਿਚਾਰ ਦੇ ਵਿਸ਼ੇ

- ਇਤਿਹਾਸਕ ਵਿਸ਼ੇ: (ਅਸੀਂ ਇਤਿਹਾਸ ਤੋਂ ਕੀ ਸਬਕ ਸਿੱਖਿਆ)
- ਖਾਲਸਾ ਰਾਜ: ਮਹਾਰਾਜਾ ਰਣਜੀਤ ਸਿੰਘ ਦਾ ਰਾਜ- 1799-1839 ( ਉਹ ਰਾਜਾ ਕਿਵੇਂ ਬਣਿਆ, ਕਿਵੇਂ ਮਿਸਲਾਂ ਇਕੱਠੀਆਂ ਕੀਤੀਆਂ, ਉਹਦਾ ਬਹਾਦਰੀ, ਲੋਕਤੰਤਰੀ, ਰਾਜਨੀਤਕ ਤੇ ਦੂਰਦਰਸ਼ਤਾ ਵਾਲਾ ਪੱਖ, ਕਿਵੇਂ ਲੋਕਾਂ ਦਾ ਰਾਜਾ ਬਣਿਆ)
- ਖਾਲਸਾ ਰਾਜ: 1839- 1849 ( ਧਰਮ ਨਿਰਪੱਖ ਤੇ ਬਹੁ-ਸੱਭਿਚਾਰਕ ਕਦਰਾਂ ਕੀਮਤਾਂ, ਸੰਸਾਰਿਕ ਸ਼ਕਤੀ, ਆਰਥਿਕ ਹਾਲਾਤ, ਕਾਨੂੰਨ ਦੀ ਸਥਿਤੀ)
- ਐਂਗਲੋ- ਸਿੱਖ ਯੁੱਧ ( ਕਾਰਨ, ਧੋਖਾਧੜੀ, ਲਾਲਚ ਦੀ ਰਾਜਨੀਤੀ, ਪਾਖੰਡਵਾਦ, ਭਾਰਤ ਦੀ ਆਜ਼ਾਦੀ ਦਾ ਪਹਿਲਾ ਅੰਦੋਲਨ)
- ਖਾਲਸਾ ਰਾਜ ਦਾ ਆਖਰੀ ਮਹਾਰਾਜਾ: ਦਲੀਪ ਸਿੰਘ (ਉਹਦੀ ਜ਼ਿੰਦਗੀ ਤੇ ਪਰਿਵਾਰ, ਭਾਰਤ ਦੀ ਅਜ਼ਾਦੀ ਦਾ ਪਹਿਲਾ ਯੋਧਾ, ਅੰਗਰੇਜ਼ਾ ਦੀ ਰਾਜਨੀਤੀ)
- ਮੌਜੂਦਾ ਵਿਸ਼ੇ
- ਸਿੱਖ ਨੌਜੁਆਨ ਸਿੱਖੀ ਦੀਆਂ ਕਦਰਾਂ ਕੀਮਤਾਂ ਤੋਂ ਦੂਰ ਕਿਉਂ
- ਡੇਰਾਵਾਦ ਦੀ ਲੋਕਾਂ ਚ ਖਿੱਚ

### Proposed Topics

- History Topics (what lessons we have learnt from our history)
- Khalsa Raj: Maharaja Ranjit Singh Era - 1799 - 1839
  (How he rose to power & combined misls, bravery, diplomacy, vision, people's person)
- Khalsa Raj: 1839-1849
  (Secular and multicultural values, super power, economic condition, law & order)
- Anglo-Sikh Wars:
  (Reasons, Treachery, Greed driven politics, Hypocrisy, 1st struggle for Independent India)
- Last Maharaja of Khalsa Raj: Duleep Singh
  (Life history & family, First revolutionary for Independence, Diplomacy by the English)
- Current Topics:
- Why Sikh youth is going away from the Sikh values, Sikh Doctrines and Gurudwaras?
- Why Deras are becoming more attractive?

- Please send your expression of interest by 16th February 2018 with your selected topic and abstract of the topic so that proper allocation of time can be arranged.
- Topic delivery will be preferred on 'Lean Concept' i.e. one A4 page display and explaining the topic with key features. You can speak in Punjabi or English.

For enquiries please contact
Manjinder Singh 0481200545 (National Coordinator), Prof. Maninder Singh 0431482987 (Sydney Coordinator)
Your expression of interest can also be sent via email to : manji.singh09@gmail.com

HARMAN FOUNDATION
HELPING HANDS

Harman Foundation invites you to the

# Fundraising dinner

to raise funds for victims of **Domestic Violence** in multicultural community and to buy a **12 Seater Van** for multipurpose use (including food drive initiatives).

Three course vegetarian meal | Full family entertainment

Saturday | February 10, 2018 | 05:30pm - 09:30 pm
Bowman Hall, 35 Campbell St, Blacktown NSW 2148

**Adult tickets : $60**
**Children** (under 12) **: $30**
**Table of 10 : $500**

Buy tickets online at www.harmanfoundation.org.au
or contact 1800 116 675
Commonwealth Bank BSB: 062093 I Acc No: 10255735

Golden Grain Mills Grewal Farms
CENTRAL EQUITY
Sehaj
Waratah Estate Agents
Star Car Wash
ਪੰਜਾਬ ਟਾਈਮਜ਼ PUNJAB TIMES
ਪੰਜਾਬ ਹੇਰਲਡ
indiantelegraph
Signature Group of Companies
CMRC Community Migrant Resource Centre
SWR FM ਮੇਲਾ ਗੀਤਾਂ ਦਾ 99.9FM SUN 8-10
Kaur Kollection
Your local club
JOY BOOTH
24X7 RADIO
Indian Link
The Sun-Herald
DESIONLINE

# CASTLE GROUP ANNOUNCES A BLOCKBUSTER DEVELOPMENT

There was a time when Bollywood fans in Australia used to crave for live entertainment by artists from India. But for a number of reasons, Australia didn't feature on the list of preferred destinations by Bollywood stars.



image credit AJ Singh/EventOz

In 2004, one man changed all that. Through sheer hard work, vision and a natural gift for connecting with people, **Yogesh Sharma** of Cinestar Events made the Indian film industry look at Australia in a new light. And the result was nothing short of spectacular.

Today the list of Bollywood legends who have performed in Australia boasts names such as Salman Khan, Asha Bhosle, Jagjit Singh, Sonu Nigam, Amit Kumar, Pankaj Udhas, Gurdas Maan, Adnaan Sami, Mika Singh and Sherya Ghoshal among many others. Each of these Bollywood stars was presented to the Australian audience by Cinestar Events. Each show was successful, giving both the public and sponsors complete value for money.



Yogesh Sharma with Asha Bhosle



Yogesh Sharma with Sonu Nigam

Cinestar Events is Sydney's leading name in organising successful Bollywood shows and concerts. Over the years, Cinestar Events has held almost 100 shows all over Australia, New Zealand and Fiji Islands.

The man behind the stupendous success and memorable shows is Yogesh Sharma – a consummate professional with a passion for excellence and a commitment to give people value for their money. Understandably, Yogesh Sharma is one of the most trusted names in the community in Australia, followed by thousands of people in several countries.



Yogesh Sharma with Shreya Ghosal

# Yogesh Sharma & Castle Group – a solid partnership

Now, Yogesh is set to embark upon another journey into the dynamic world of real estate.
As part of **Castle Group,** Yogesh will be joining the elite team of **Ritchie Perera** – one of the biggest names in entertainment as well as real estate, and **Kren Moodley** - one of the brightest prospects in real estate development in Sydney at present.

In a short time, Castle Group has emerged as one of the leading developers in the region, with their projects worth over $1 billion in Rouse Hill, Riverstone, Kellyville and Schofields.



## Ashton Gardens in Riverstone – Smart & stylish homes

One of the premium projects by Castle Group which has taken off very well is Ashton Gardens in Riverstone. With stage 1 now sold out, the anticipated release of stage 2 is now selling fast.

Ashton Gardens homes have been meticulously designed for the discerning buyer, achieving generous residences of immense style and efficiency.

**Well designed and well appointed:** Select from innovative four-bedroom designs with spacious two-storey layouts, a choice of elegant facades and state-of-the-art smart home technology. Kitchens are appointed with 900mm stainless steel Smeg ovens and 40mm stone waterfall benchtops as standard.

**Smart Homes with smart features:** Home automation systems can be operated from your mobile phone, remotely managing your keyless entry, lighting, air conditioning, alarm and Bose sound system. Oversized double garages feature workshop space and solar panels reduce your energy bill - just some of the features on offer. With Yogesh's experience, skills and network, the team at Castle Group is very excited to share its journey with him and reach out to potential buyers in the community. Yogesh will be actively involved in sales and marketing of our projects and we are confident that it will be a mutually rewarding relationship with investors being the real winners.




image credit AJ Singh/EventOz

ਅੱਜ ਇਹ ਮੁਲਕ੍ਹ ਅਓ, ਆਧੁਨਿਕ, ਮੁਲਕਾਂ ਵਿਚ ਗਿਣਿਆਂ ਜਾਂਦਾ ਹੈ। ਬਹੁ ਪੱਖੀ ਆਰਥਿਕਤਾ, ਜਿਵੇਂ ਕਿ ਤੇਲ ਦੇ ਨਿਰਯਾਤ ਅਤੇ ਵਾਪਾਰੀ ਸਮਾਨ ਦੇ ਆਯਾਤ ਦੇ ਨਾਲ਼ ਨਾਲ਼, ਦੁਬਈ ਸ਼ਹਿਰ ਟੂਰਿਜ਼ਮ, ਰੀਟੇਲ, ਫ਼ਾਈਨੈਂਸ ਵਜੋਂ, ਗਲੋਬਲ ਹੱਬ ਦੇ ਰੂਪ ਵਿਚ ਉਨਤ ਹੋ ਰਿਹਾ ਹੈ। ਇਹ ਸੰਸਾਰ ਦੀ ਸਭ ਤੋਂ ਉਚੀ ਇਮਾਰਤ, ਸੰਸਾਰ ਦਾ ਸਭ ਤੋਂ ਵੱਡਾ ਸ਼ੌਪਿੰਗ ਮਾਲ, ਸੰਸਾਰ ਦਾ ਸਭ ਤੋਂ ਵੱਡਾ ਹੋਟਲ ਤੇ ਇੰਟਰਟੇਨਮੈਂਟ ਸੈਂਟਰ, ਸੰਸਾਰ ਦੀ ਸਭ ਤੋਂ ਪਹਿਲੀ ਫੁੱਲੀ ਆਟੋਮੇਟਡ ਮੈਟਰੋ ਟਰੇਨ, ਸੰਸਾਰ ਦਾ ਸਭ ਤੋਂ ਲੰਮਾ ਆਰਚ ਬਰਿਜ ਅਤੇ ਮਨੁਖ ਸਾਜੀ ਸਭ ਤੋਂ ਦੁਨੀਆਂ ਦੀ ਵੱਡੀ ਬੰਦਰਗਾਹ ਦਾ ਮਾਲਕ ਹੈ।

ਅਤੇ ਹੁਣ ਦੁਬਈ ਵਿਚ, ਗਲਫ਼ ਦੇ ਮੁਲਕਾਂ ਦਾ ਸਭ ਤੋਂ ਪਹਿਲਾ ਗੁਰਦੁਆਰਾ ਵੀ ੨੦੧੦ ਵਿਚ ਬਣ ਗਿਆ ਹੈ। ਮੈਨ ਤੇ ਸ. ਸੁਰਿੰਦਰ ਸਿੰਘ ਜੀ, ਸ. ਹਰਜਿੰਦਰ ਸਿੰਘ ਦੁਆਰਾ ਦਿਤੀ ਹੋਈ ਸਣੇ ਡਰਾਈਵਰ, ਕਾਰ ਉਪਰ ਸਵਾਰ ਗੁਦੁਆਰਾ ਸਾਹਿਬ ਨੂੰ ਤੁਰ ਪਏ। ਸ਼ਾਇਦ ਓਦਣ ਸ਼ੁੱਕਰਵਾਰ ਦਾ ਦਿਨ ਸੀ। ਦੁਬਈ ਵਿਚ ਕੰਮ ਕਰਨ ਵਾਲ਼ੇ ਪੰਜਾਬੀ ਨੌਜਵਾਨ ਵਾਹਵਾ ਗਿਣਤੀ ਵਿਚ, ਪੈਦਨ ਲੀ ਗੁਰਦੁਆਰਾ ਸਾਹਿਬ ਵੱਲ ਜਾ ਰਹੇ ਸਨ। ਇਬਨ ਬਬੂਤਾ ਰੇਲਵੇ ਸਟੇਸ਼ਨ ਤੋਂ ਬਹੁਤੀ ਦੂਰ ਨਹੀਂ ਗੁਰਦੁਆਰਾ। ਮਾੜੇ, ਕਾਹਲ਼ੇ ਤੇ ਸਾਮਾਨ ਵਾਲ਼ੇ ਬੰਦੇ ਸਟੇਸ਼ਨ ਤੋਂ ਟੈਕਸੀ ਵੀ ਲੈ ਸਕਦੇ ਹਨ। ਉਸ ਸਮੇ ਉਹ ਦਸ ਦਰਾਹਮਾਂ ਵਿਚ ਗੁਰਦੁਆਰਾ ਸਾਹਿਬ ਪੁਚਾ ਦਿੰਦੀ ਸੀ/ਹੈ। ਅਸੀਂ ਜਦ ਗੁਰਦੁਆਰਾ ਸਾਹਿਬ ਪਹੁੰਚੇ ਤਾਂ ਓਥੇ ਬੜੀਆਂ ਰੌਣਕਾਂ ਸਨ। ਦੀਵਾਨ ਸਜ ਰਿਹਾ ਸੀ, ਸੰਗਤਾਂ ਲੰਗਰ ਛਕ ਰਹੀਆਂ ਸਨ। ਚਾਰ ਚੌਫੇਰੇ ਗਹਿਮਾ ਗਹਿਮੀ ਸੀ। ਮਾਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਰਗੀ ਰੌਣਕ ਲੱਗੀ ਹੋਈ ਸੀ। ਅਸੀਂ ਮੱਥਾ ਟੇਕਿਆ, ਲੰਗਰ ਛਕਿਆ ਤੇ ਕੁਝ ਸਮਾ ਕੀਰਤਨ ਸੁਣਿਆਂ। ਮੈਨੂੰ ਤੇ ਪਹਿਲੀਆਂ ਦੋ ਫੇਰੀਆਂ ਦੌਰਾਨ ਪਤਾ ਲੱਗਾ ਚੁੱਕਾ ਸੀ ਕਿ ਇਸ ਗੁਰਦੁਆਰਾ ਸਾਹਿਬ ਵਿਖੇ ਕਥਾ ਤੇ ਵਿਖਿਆਨ ਕਰਨ ਦੀ ਮਨਾਹੀ ਹੈ। ਸਿਰਫ ਪਾਠ ਤੇ ਕੀਰਤਨ ਹੀ ਹੋ ਸਕਦਾ ਹੈ। ਮੈਂ ਪ੍ਰਬੰਧਕਾਂ ਦੀ ਮਜਬੂਰੀ ਨੂੰ ਸਮਝ ਕੇ ਇਸ ਪ੍ਰਬੰਧ ਨਾਲ਼ ਸਹਿਮਤ ਹੋ ਚੁੱਕਾ ਸਾਂ ਪਰ ਸ. ਸੁਰਿੰਦਰ ਸਿੰਘ ਜੀ ਨੂੰ ਇਹ ਗੱਲ ਸੁਖਾਈ ਨਾ ਤੇ ਉਹ ਮੈਨੇਜਰ ਸਾਹਿਬ ਦੇ ਦਫ਼ਤਰ ਵੱਲ ਤੁਰ ਪਏ। ਮਗਰ ਮਗਰ ਮੈਂ ਵੀ ਤੁਰ ਪਿਆ। ਸ. ਸੁਰਿੰਦਰ ਸਿੰਘ ਹੋਰਾਂ ਨੇ ਦਲੀਲਾਂ ਦਿਤੀਆਂ, ਕੁਝ ਰੋਸਾ ਵੀ ਪਰਗਟ ਕੀਤਾ। ਪ੍ਰਬੰਧਕਾਂ ਨੇ ਆਪਣੀ ਮਜਬੂਰੀ ਦੱਸੀ। "ਪੰਚਾਂ ਦਾ ਕਿਹਾ ਸਿਰ ਮੱਥੇ ਪਰ ਪਨਾਲ਼ਾ ਓਥੇ ਦਾ ਓਥੇ।"

ਗੁਰਦੁਆਰੇ ਤੋਂ ਬਾਹਰ ਬਹੁਤ ਸਾਰੇ ਤਿਆਰ ਬਰ ਤਿਆਰ ਸਿੱਖ ਨੌਜਵਾਨ ਵੀ ਮਿਲ਼ੇ। ਉਹਨਾਂ ਵਿਚ ਕੁਝ ਦੁਮਾਲਾਧਾਰੀ ਸਿੰਘ ਵੀ ਸਨ। ਉਹਨਾਂ ਨਾਲ਼ ਸ. ਸੁਰਿੰਦਰ ਸਿੰਘ ਜੀ ਨੇ ਵਿਚਾਰਾਂ ਦਾ ਵਟਾਂਦਰਾ ਕੀਤਾ। ਪ੍ਰਬੰਧਕਾਂ ਵੱਲੋਂ ਕੀਰਤਨ, ਕਥਾ, ਵਿਖਿਆਨ ਆਦਿ ਦੀ ਪਾਬੰਦੀ ਦੇ ਵਿਰੁਧ ਵੀ ਗੱਲਾਂ ਹੋਈਆਂ। ਉਹਨਾਂ ਨੌਜਵਾਨਾਂ ਨੇ ਕੁਝ ਫੋਟੋਜ਼ ਵੀ ਖਿੱਚੀਆਂ।

'ਗੁਰੂ ਨਾਨਕ ਦਰਬਾਰ ਦੁਬਈ' ਨਾਮ ਦਾ ਗੁਰਦੁਆਰਾ, ਹਿਜ਼ ਹਾਈਨੈਸ ਸ਼ੇਖ਼ ਮੁਹੰਮਦ ਬਿਨ ਰਸ਼ੀਦ ਅਲ ਮਕਤੂਮ, ਵਾਈਸ ਪ੍ਰੈਜ਼ੀਡੈਂਟ ਅਤੇ ਪ੍ਰਾਈਮ ਮਿਨਿਸਟਰ ਆਫ਼ ਯੂ.ਏ.ਈ. ਅਤੇ ਰੂਲਰ ਆਫ਼ ਦੁਬਈ ਵੱਲੋਂ ਅਲਾਟ ਕੀਤੀ ਗਈ ਜ਼ਮੀਨ ਉਪਰ, ਉਪ੍ਰੋਕਤ ਦੀ ਆਗਿਆ ਨਾਲ਼ ਉਸਾਰਿਆ ਗਿਆ ਹੈ।

ਤੇਲ ਦੀ ਕਮਾਈ ਨਾਲ਼ ਇਸ ਦੇਸ਼ ਵਿਚ ਬਹੁਤ ਸਾਰੀਆਂ ਹੋਰ ਵਰਨਣ ਯੋਗ ਇਮਾਰਤਾਂ ਵਿਚੋਂ, ਗੁਰਦੁਆਰਾ ਗੁਰੂ ਨਾਨਕ ਦਰਬਾਰ ਦੇ ਨੇੜਲੇ ਮੈਟਰੋ ਸਟੇਸ਼ਨ ਤੋਂ ਬਾਹਰ ਨਿਕਲ਼ਦਿਆਂ ਹੀ, ਇਬਨ ਬਬੂਤਾ ਵਿਸ਼ਾਲ ਸ਼ਾਪਿੰਗ ਸੈਂਟਰ ਹੈ। ਏਥੋਂ ਤੁਰ ਕੇ ਜਾਂ ਟੈਕਸੀ ਰਾਹੀਂ ਗੁਰਦੁਆਰਾ ਸਾਹਿਬ ਜਾਇਆ ਜਾਂਦਾ ਹੈ। ਦੁਬਈ ਵਿਚ ੨੦੦੮ ਤੋਂ ਲੈ ਕੇ ਹੁਣ ਤੱਕ, ਦੁਨੀਆਂ ਦੀ ਸਭ ਤੋਂ ਉਚੀ ਇਮਾਰਤ 'ਬੁਰਜ ਖ਼ਲੀਫ਼ਾ' ਹੈ। ਐਨਟੀਨੇ ਤੋਂ ਬਿਨਾ ਇਸ ਦੀ ਉਚਾਈ ੮੨੯.੮ ਮੀਟਰ ਹੈ। ਇਹ ੨੦੦੪ ਵਿਚ ਬਣਨਾ ਸ਼ੁਰੂ ਹੋਇਆ ਤੇ ੨੦੧੦ ਵਿਚ ਮੁਕੰਮਲ ਹੋਇਆ। ਇਹ ਡਾਊਨ ਟਾਊਨ ਦੁਬਈ ਵਿਚ ਵਾਕਿਆ ਹੈ। ਜਿਥੇ ਬੁਰਜ ਖ਼ਲੀਫ਼ਾ ਵਾਪਾਰਕ ਕੇਂਦਰ ਹੈ ਓਥੇ ਇਹ ਸੈਰ ਸਪਾਟਾ ਕਰਨ ਆਇਆਂ ਵਾਸਤੇ ਵੇਖਣ ਵਾਲ਼ਾ ਥਾਂ ਹੈ। ਬੁਰਜ ਖ਼ਲੀਫ਼ਾ ਤੇ ਹਰੇਕ ਸ਼ਾਮ ਨੂੰ ਰੋਸ਼ਨੀਆਂ ਦੇ ਕਰਤਬ ਵਿਖਾਏ ਜਾਂਦੇ ਹਨ। ਤਰ੍ਹਾਂ ਤਰ੍ਹਾਂ ਦੀਆਂ ਰੋਸ਼ਨੀਆਂ ਖੇਲ੍ਹ ਕਰਦੀਆਂ ਹਨ ਤੇ ਦਰਸ਼ਕਾਂ ਦੇ ਮਨ ਮੋਂਹਦੀਆਂ ਹਨ। ਇਹ ਮਨੁਖ ਸਿਰਜਿਆ ਅਦਭੁਤ ਨਜ਼ਾਰਾ ਵੇਖਣ ਲਈ, ਦੂਰ ਦੁਰਾਡੇ ਦੇਸਾਂ ਦੇ ਯਾਤਰੂ ਆਉਂਦੇ ਹਨ।

ਇਸ ਤਰ੍ਹਾਂ ਨੌਂ ਦਿਨ ਅਸੀਂ ਸ. ਸੁਰਿੰਦਰ ਸਿੰਘ ਜੀ ਦੇ ਮਿੱਤਰ, ਗੁਰਸਿੱਖ ਸ ਹਰਜਿੰਦਰ ਸਿੰਘ ਜੀ ਹੋਰਾਂ ਦੀ ਖੁਲ੍ਹ ਦਿਲੀ ਨਾਲ਼ ਕੀਤੀ ਗਈ ਪ੍ਰਾਹੁਣਾਚਾਰੀ ਦਾ ਆਨੰਦ ਮਾਣਦੇ ਹੋਏ, ੨੯ ਨਵੰਬਰ ਵਾਲ਼ੇ ਦਿਨ, ਸ. ਸੁਰਿੰਦਰ ਸਿੰਘ ਜੀ ਦਿੱਲੀ ਵਾਲ਼ੇ ਅਤੇ ਮੈਂ ਸਿਡਨੀ ਵਾਲ਼ੇ ਜਹਾਜਾਂ ਤੇ ਸਵਾਰ ਹੋ ਕੇ, ਇਸ ਮੁਲਕ ਨੂੰ, ਮੁੜ ਕੇ ਵੀ ਫੇਰਾ ਪਾਉਣ ਦੀ ਆਸ ਰੱਖਦੇ ਹੋਏ, ਅਲਵਿਦਾ ਕਹਿ ਆਏ।

# ਆਸਟਰੇਲੀਅਨ ਸਿੱਖ ਖੇਡਾਂ ਸਿਡਨੀ 'ਚ ਈਸਟਰ ਮੌਕੇ, ਦਾਨੀ ਤੇ ਵਲੰਟੀਅਰਜ਼ ਅੱਗੇ ਆਉਣ

ਆਸਟਰੇਲੀਅਨ ਨੈਸ਼ਨਲ ਸਿੱਖ ਸਪੋਰਟਸ ਐਂਡ ਕਲਚਰਲ ਕੌਂਸਲ ਦੀਆਂ 31ਵੀਂਆ ਸਾਲਾਨਾ -2018 ਖੇਡਾਂ ਸਿਡਨੀ ਵਿਚ ਹੋਣ ਜਾ ਰਹੀਆ ਹਨ। ਇਹ ਖੇਡਾਂ 30 ਮਾਰਚ ਤੋਂ1 ਅਪਰੈਲ ਤੱਕ ਕਰੈਸਟ ਸਪੋਰਟਿੰਗ ਸੈਂਟਰ ਬਾਸ ਹਿੱਲ NSW 2198 (ਨੇੜੇ ਬੈਂਕਸਟਾਊਨ) ਵਿਚ ਕਰਵਾਈਆ ਜਾ ਰਹੀਆ ਹਨ। ਇਸ ਨਿਸ਼ਕਾਮ ਕੰਮ ਲਈ ਵਲੰਟੀਅਰਜ਼ ਅੱਗੇ ਆਉਣ ਅਤੇ ਖੇਡ ਕਮੇਟੀ ਨਾਲ ਸੰਪਰਕ ਕਰਨ।

ਸਿਡਨੀ ਵਾਸੀ ਖਿੜੇ ਮੱਥੇ ਆਪਣੇ ਘਰਾ ਦੇ ਦਰ ਬਾਹਰੋ ਆ ਰਹੇ ਖਿਡਾਰੀ ਤੇ ਖੇਡ ਪ੍ਰੇਮੀਆ ਲਈ ਜਰੂਰ ਖੋਲਣ। ਅਪਣੱਤ ਤੇ ਨਿੱਘ ਨਾਲ ਇਹਨਾਂ ਖੇਡਾਂ ਨੂੰ ਹੋਰ ਯਾਦਗਾਰੀ ਬਣਾਇਆ ਜਾ ਸਕਦਾ ਹੈ।ਪਰਵਾਸੀ ਕਾਰਣ ਅਸੀਂ ਬਹੁਤ ਕੁਛ ਪਿੱਛੇ ਛੱਡ ਆਏ ਹਾਂ। ਖਾਸਕਰ ਭੈਣ ਭਰਾ ਰਿਸ਼ਤੇਦਾਰ ਦੋਸਤ ਮਿੱਤਰ ਇਹਨਾਂ ਦੀ ਘਾਟ ਤਾਂ ਪੁਰੀ ਨਹੀਂ ਹੋ ਸਕਦੀ। ਪਰ ਜਦੋਂ ਅਸੀਂ ਇੱਕ ਦੂਜੇ ਨੂੰ ਵਿਦੇਸ਼ ਚ ਬੈਠੇ-ਬਿਠਾਏ ਭੈਣ ਭਰਾ ਦੋਸਤ ਮਿੱਤਰ ਸਮਝ ਕਿ ਮੇਲ ਮਿਲਾਪ ਕਰਾਗੇ ਤਾਂ ਵਿਛੋੜੇ ਦੀ ਚੀਸ ਜਰੂਰ ਘੱਟ ਹੋਵੇਗੀ।

ਸਿਡਨੀ ਦਾ ਮਾਹੌਲ ਕੰਮ ਕਾਜੀ ਤੇ ਰੁਝੇਵੇਂ ਭਰਪੂਰ ਜਰੂਰ ਹੈ ਪਰ ਜਦੋਂ ਸਾਲਾਨਾ ਸਿੱਖ ਖੇਡਾਂ ਹੋ ਰਹੀਆ ਹੋਣ ਤਾਂ ਇਨਾਂ ਲਈ ਵੇਹਲ ਕੱਢਣਾ ਹੋਰ ਵੀ ਜਰੂਰੀ ਹੋ ਜਾਦਾ ਹੈ। ਇਥੇ ਜਿਕਰਯੋਗ ਹੋਵੇਗਾ ਕਿ ਇਹ ਖੇਡਾਂ ਹਰ ਸਾਲ ਈਸਟਰ ਛੁੱਟੀਆਂ ਵਿਚ ਆਸਟਰੇਲੀਆ ਦੇ ਵੱਖ - ਵੱਖ ਸ਼ਹਿਰਾ ਵਿਚ ਕਰਵਾਈਆ ਜਾਦੀਆਂ ਹਨ।

ਸਿਡਨੀ ਵਿਚ ਨੈਸ਼ਨਲ ਸਿੱਖ ਖੇਡਾਂ ਕਾਫੀ ਲੰਭੇ ਸਮੇਂ ਬਾਅਦ ਹੋਣ ਜਾ ਰਹੀਆ ਹਨ। ਸਿਡਨੀ ਜਿਥੇ ਆਰਥਿਕ ਵਸੀਲੇ ਬਹੁਤ ਹਨ। ਸਿਡਨੀ ਵਿਚਲੇ ਭਾਰਤੀ ਪੰਜਾਬੀਆਂ ਦੇ ਕਾਰੋਬਾਰ ਵੀ ਵਰਨਣਯੋਗ ਹਨ। ਆਸਟਰੇਲੀਆਈ ਸਿੱਖ ਗੇਮਜ਼ ਸਿਡਨੀ ਲਈ ਦਾਨ ਕਰਨ ਲਈ BSB: 062020 ਖਾਤਾ ਨੰਬਰ: 10350704 ਵਿਚ ਫੰਡਜ਼ ਤਬਦੀਲ ਕੀਤੇ ਜਾ ਸਕਦੇ ਹਨ। ਈਮੇਲ ਰਾਹੀਂ ਸੈਕਰੇਟਰੀ ਪਾਸੋਂ ਰਸੀਦ ਪ੍ਰਾਪਤ ਕੀਤੀ ਜਾ ਸਕਦੀ ਹੈ। ਖੇਡਾਂ ਉੱਪਰ ਕਰੀਬ ਪੰਜ ਲੱਖ ਡਾਲਰ ਦਾ ਖਰਚਾ ਆਉਣ ਦੀ ਸੰਭਾਵਨਾ ਹੈ। ਇਸ ਰਾਸ਼ੀ ਨਾਲ ਖੇਡ ਗਰਾਊਡਾ, ਖਿਡਾਰੀਆਂ ਦਾ ਬੀਮਾ , ਇਨਾਮ ਅਤੇ ਹੋਰ ਕਈ ਪ੍ਰਕਾਰ ਦੇ ਖਰਚੇ ਹੋਣਗੇ।

ਆਸਟਰੇਲੀਅਨ ਨੈਸ਼ਨਲ ਸਿੱਖ ਸਪੋਰਟਸ ਐਂਡ ਕਲਚਰਲ ਕੌਂਸਲ (ਐਨਐਨਐਸਐਸਸੀ) ਖੇਡ ਕਮੇਟੀ ਦੇ ਨੈਸ਼ਨਲ ਪ੍ਰਧਾਨ ਅਮਨਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਸਾਲਾਨਾ ਖੇਡਾਂ ਚ ਆਸਟਰੇਲੀਆ ਭਰ ਵਿੱਚੋਂ ਅਤੇ ਗੁਆਂਢੀ ਮੁਲਕ ਨਿਊਜ਼ੀਲੈਂਡ , ਸਿੰਗਾਪੁਰ, ਮਲੇਸ਼ੀਆ ਅਤੇ ਇੰਡੋਨੇਸ਼ੀਆ ਸਮੇਤ ਹੋਰ ਦੇਸ਼ਾਂ ਵਿੱਚੋਂ 60 ਤੋਂ ਵੱਧ ਖੇਡ ਕਲੱਬਾ ਸ਼ਾਮਲ ਹੋ ਰਹੀਆ ਹਨ।

ਇਨਾਂ ਖੇਡਾਂ ਦਾ ਮੁੱਖ ਉਦੇਸ਼ ਸਿੱਖ ਧਰਮ ਦੇ ਸਿਧਾਂਤਾਂ ਨੂੰ ਵਿਰਾਸਤ ਨਾਲ ਜੁੜਦੇ ਹੋਏ ਸਿਹਤ ਸੰਭਾਲ ਦਾ ਸੁਨੇਹਾ ਦੇਣਾ ਹੈ।ਬਹੁ ਕੌਮੀ ਮੁਲਕ ਆਸਟਰੇਲੀਆ ਅਤੇ ਭਾਰਤੀ ਖੇਡਾਂ ਦੀ ਵਿਸ਼ਾਲ ਸ਼੍ਰੇਣੀ ਦੇ ਜ਼ਰੀਏ ਖੇਡ ਤੰਦਾਂ ਪੱਕੀਆਂ ਕਰਨ ਦਾ ਯਤਨ ਹੈ।ਇਹਨਾਂ ਤਿੰਨ ਦਿਨਾਂ ਖੇਡਾਂ ਦੌਰਾਨ 75 ਹਜ਼ਾਰ ਦੇ ਕਰੀਬ ਦਰਸ਼ਕ ਜੁੜਨ ਗੇ।

ਕਰੀਬ 2500 ਖਿਡਾਰੀ ਮੁੱਖ ਤੌਰ 'ਤੇ ਕਬੱਡੀ, ਸੋਕਰ, ਨੈੱਟਬਾਲ, ਹਾਕੀ, ਵਾਲੀਬਾਲ, ਕ੍ਰਿਕੇਟ, ਬਾਸਕਟਬਾਲ, ਟੱਚ ਫੁੱਟਬਾਲ ਅਤੇ ਟੋਗ-ਓ-ਵਾਰ ਸ਼ਾਮਲ ਹਨ। ਵਿਅਕਤੀਗਤ ਖੇਡਾਂ ਵਿੱਚ ਐਥਲੈਟਿਕਸ, ਬੈਡਮਿੰਟਨ, ਗੋਲਫ, ਟੈਨਿਸ ਅਤੇ ਕੁਸ਼ਤੀਆਂ ਵੀ ਸ਼ਾਮਲ ਹਨ।ਕਮੇਟੀ ਨੇ ਖੇਡਾਂ ਨੂੰ ਪੁਰੀ ਤਰਾਂ ਨਸ਼ਾ ਮੁਕਤ ਤੇ ਅਨੁਸ਼ਾਸਨ ਬੰਦ ਕਰਨ ਲਈ ਹੋਰ ਸਖਤੀ ਵਰਤੇ ਜਾਣ ਦੇ ਸੰਕੇਤ ਦਿੱਤੇ ਹਨ।

ਕਾਬਲੇਗੌਰ ਹੋਵੇਗਾ ਕਿ ਸਿਡਨੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਸਿੱਧੂ, ਮੀਤ ਪ੍ਰਧਾਨ ਮਹਿੰਦਰ ਸਿੰਘ ਬਿੱਟਾ, ਮੀਤ ਪ੍ਰਧਾਨ ਮਹਿਗਾ ਸਿੰਘ ਖੱਕ, ਖਜ਼ਾਨਚੀ ਮਾਈਕਲ ਸਿੰਘ, ਸਕੱਤਰ ਜਸਬੀਰ ਸਿੰਘ ਰੰਧਾਵਾ, ਸਹਾਇਕ ਸਕੱਤਰ ਰਾਜਬੀਰ ਸਿੰਘ ਅਟਵਾਲ, ਸਿਡਨੀ ਕੋਆਰਡੀਨੇਟਰ ਸੱਭਿਆਚਾਰਕ ਅਤੇ ਸੰਚਾਰ ਰਣਜੀਤ ਸਿੰਘ ਖੈੜਾ, ਟਰਾਂਸਪੋਰਟ ਨਰਿੰਦਰ ਜੀਤ ਸਿੰਘ ਗਰੇਵਾਲ, ਕਬੱਡੀ ਜ਼ੈਗ ਸਿੰਘ ਜੱਗੀ, ਵਾਲੀਬਾਲ ਬਲਰਾਜ ਸਿੰਘ ਓਗਰਾ, ਬਾਸਕਟ ਬਾਲ ਸਿਮਰਨ ਸਿੰਘ, ਹਾਕੀ ਅਬੈ ਥਿੰਦ, ਟੱਚ ਫੁੱਟਬਾਲ ਰੋਨੀ ਸਿੰਘ ਤੇ ਅਮਰਜੀਤ ਸੋਡੀ, ਬੈਡਮਿੰਟਨ ਹਰਪ੍ਰੀਤ ਸਿੰਘ ਸੇਖੋ, ਗੋਲਫ਼ ਮਨਵਿੰਦਰ ਸਿੰਘ ਮਾਵੀ, ਐਥਲੀਟ ਸਤਨਾਮ ਸਿੰਘ ਬਾਜਵਾ ਬਣੇ ਹਨ।

ਜਦੋਂ ਕਿ ਕ੍ਰਿਕਟ ਤੇ ਹੋਰਨਾ ਖੇਡਾਂ ਦੇ ਕੋਆਡੀਨੇਟਰ ਅਜੇ ਬਣਾਉਣੇ ਬਾਕੀ ਹਨ। ਸਿਡਨੀ ਖੇਡ ਕਮੇਟੀ ਦੀ ਮੀਟਿੰਗ ਰਿਵਸਬੀ ( ਸਿਡਨੀ ) ਵਿਖੇ ਨੈਸ਼ਨਲ ਪ੍ਰਧਾਨ ਅਮਨਦੀਪ ਸਿੰਘ ਸਿੱਧੂ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿਚ ਸ਼ੁਰਆਤੀ ਨੁਕਤੇ ਸਾਂਝੇ ਹੋਏ ਤੇ ਯੋਜਨਾਬੱਧ ਵਿਚਾਰ ਵਟਾਂਦਰਾ ਹੋਇਆ। ਪ੍ਰਧਾਨ ਸਿੱਧੂ ਅਨੁਸਾਰ ਇਹ ਕੇਵਲ ਖੇਡਾਂ ਦਾ ਕੁੰਭ ਹੀ ਨਹੀਂ ਹੈ ਬਲਕਿ


ਗੁਰਚਰਨ ਸਿੰਘ ਕਾਹਲੋਂ (ਸਿਡਨੀ)
kahlonsydney@gmail.com
+61422 108 049

ਆਸਟਰੇਲੀਆ ਵਿਚ ਵਸਦੇ ਸਿੱਖ ਪੰਜਾਬੀਆ ਲਈ ਹਰ ਸਾਲ ਇਸ ਇਕੱਠ ਰਾਹੀਂ ਬਣਦਾ ਸਰਵ ਸਾਂਝਾ ਪਲੇਟ ਫਾਰਮ ਹੈ। ਜਿਥੇ ਉਹ ਆਪਣੇ ਧਾਰਮਿਕ ਫਲਸਫੇ ਨੂੰ ਹੋਰ ਪੱਕਾ ਕਰਦੇ ਹੋਏ ਸਰਬੱਤ ਦੇ ਭਲੇ ਲਈ ਦ੍ਰਿੜ ਸੰਕਲਪ ਹੁੰਦੇ ਹਨ। ਨੈਸ਼ਨਲ ਕੋਆਰਡੀਨੇਟਰ ਮਨਜਿੰਦਰ ਸਿੰਘ, ਕੋਆਰਡੀਨੇਟਰ ਹਰਵਿੰਦਰ ਸਿੰਘ ਗਰਚਾ, ਗਿਆਨੀ ਸੰਤੋਖ ਸਿੰਘ, ਪਰਮਿੰਦਰ ਸਿੰਘ ਅਤੇ ਦੇਸ਼ - ਵਿਦੇਸ਼ ਤੋਂ ਹੋਰ ਆ ਰਹੇ ਵਿਦਵਾਨ ਸਿੱਖ ਖੇਡਾਂ ਦੌਰਾਨ ਆਪਣੇ ਵਿਚਾਰ ਸਾਂਝੇ ਕਰਨਗੇ।

ਸਿੱਖੀ ਪਛਾਣ ਬਾਰੇ ਜਾਗਰੂਕਤਾ, ਮੁੱਖ ਸਟਰੀਮ ਕਮਿਊਨਿਟੀ ਨੂੰ ਸ਼ਾਮਲ ਕਰਨਾ, ਆਪਣੇ ਕਾਰਜਾਂ ਵਿੱਚ ਹਿੱਸਾ ਲੈਣ ਲਈ ਸਰਗਰਮ ਕਰਨਾ, ਸ਼ਾਨਦਾਰ ਇਤਿਹਾਸਿਕ ਵਿਰਾਸਤੀ ਪਹਿਲੂਆਂ ਨੂੰ ਯਾਦ ਕਰਨਾ ਵੀ ਹੈ। ਆਸਟਰੇਲੀਆ ਵਿਚ ਸਿੱਖ ਪ੍ਰਵਾਸੀਆ ਨੂੰ ਆਪਸ ਚ ਕਿਵੇਂ ਜੋੜਨਾ ਹੈ, ਕੌਮੀ ਪੱਧਰ ਉੱਤੇ ਘੱਟ ਤੋਂ ਘੱਟ ਸਾਂਝਾ ਪ੍ਰੋਗਰਾਮ, ਸਮੂਹਿਕ ਪਾਲਿਸੀ, ਕਿਵੇਂ ਸਿੱਖ ਫੋਰਮ ਆਫ਼ ਆਸਟਰੇਲੀਅਨ ਗੇਮ ਇਸ ਵਿਚ ਅਗਵਾਈ ਕਰ ਸਕਦੇ ਹੈ, ਕਮਿਊਨਿਟੀ ਮਸਲਿਆਂ ਜਿਵੇਂ ਕਿ ਮਾਨਸਿਕ - ਸਿਹਤ ਮੁੱਦੇ, ਘਰੇਲੂ ਹਿੰਸਾ, ਨਵੇਂ ਪ੍ਰਵਾਸੀਆ ਦੇ ਮਸਲੇ ਆਦਿ ਬਾਰੇ ਵਿਚਾਰ ਵਟਾਂਦਰੇ ਤੋਂ ਬਾਅਦ ਹੱਲ ਤਲਾਸ਼ਣ ਦੇ ਸੁਝਾਅ ਤੇ ਉਪਰਾਲੇ ਹੋਣਗੇ।

# ਕੈਨੇਡਾ ਦੀ ਥਾਂ ਬੰਗਲੌਰ ਭੇਜੇ ਨੌਜਵਾਨ ਦਾ ਕਤਲ

ਟਾਂਡਾ-ਟਰੈਵਲ ਏਜੰਟਾਂ ਵੱਲੋਂ ਕੈਨੇਡਾ ਭੇਜਣ ਦੀ ਬਜਾਏ ਬੰਗਲੌਰ 'ਚ ਬੰਦੀ ਬਣਾ ਕੇ ਰੱਖੇ ਗਏ ਨੇੜਲੇ ਪਿੰਡ ਕਲਿਆਣਪੁਰ ਦੇ ਨੌਜਵਾਨ ਸੁਰਿੰਦਰਪਾਲ ਸਿੰਘ ਪਾਲੀ ਦਾ ਕਤਲ ਹੋ ਗਿਆ ਹੈ। ਪਿਛਲੇ ਮਹੀਨੇ ਟਾਂਡਾ ਪੁਲੀਸ ਨੇ ਬੰਦੀ ਬਣਾਉਣ ਵਾਲੇ ਚਾਰ ਵਿਅਕਤੀਆਂ ਖਿਲਾਫ਼ ਅਗਵਾ, ਠੱਗੀ, ਅਸਲਾ ਐਕਟ ਅਤੇ ਹੋਰ ਧਾਰਾਵਾਂ ਅਧੀਨ ਮਾਮਲੇ ਦਰਜ ਕੀਤੇ ਸਨ। ਪਾਲੀ ਚਾਰ ਭੈਣਾਂ ਦਾ ਇਕਲੌਤਾ ਭਰਾ ਸੀ ਅਤੇ ਉਸ ਦੀ ਲਾਸ਼ 6 ਦਸੰਬਰ ਨੂੰ ਬੰਗਲੌਰ ਵਿਖੇ ਝਾੜੀਆਂ ਵਿੱਚੋਂ ਮਿਲੀ ਸੀ। ਉਥੋਂ ਦੇ ਥਾਣਾ ਰਾਮ ਨਗਰ ਦੇ ਖੇਤਰ ਵਿੱਚ ਇਕ ਚਰਵਾਹੇ ਦੀ ਸੂਚਨਾ ਦੇ ਆਧਾਰ 'ਤੇ ਜਦੋਂ ਪੁਲੀਸ ਨੇ ਲਾਸ਼ ਬਰਾਮਦ ਕੀਤੀ ਤਾਂ ਪਾਲੀ ਦੇ ਹੱਥ-ਪੈਰ ਬੰਨ੍ਹੇ ਹੋਏ ਸਨ। ਬੰਗਲੌਰ ਪੁਲੀਸ ਨੇ ਮਾਮਲਾ ਦਰਜ ਕਰਕੇ 72 ਘੰਟੇ ਬਾਅਦ ਅਣਪਛਾਤੀ ਲਾਸ਼ ਸਮਝ ਕੇ ਉਸ ਦਾ ਅੰਤਿਮ ਸਸਕਾਰ ਵੀ ਕਰ ਦਿੱਤਾ ਸੀ। ਪਾਲੀ ਦੀ ਭਾਲ ਵਿੱਚ ਲੱਗੇ ਪਰਿਵਾਰ ਨੂੰ ਇਸ ਦੀ ਸੂਚਨਾ ਬੰਗਲੌਰ ਪੁੱਜ ਕੇ ਮਿਲੀ ਅਤੇ ਬੀਤੇ ਦਿਨੀਂ ਇਸ ਅਣਹੋਣੀ ਦਾ ਪਤਾ ਲੱਗਾ। ਟਾਂਡਾ ਪੁਲੀਸ ਨੇ 15 ਜਨਵਰੀ 2018 ਨੂੰ ਪਾਲੀ ਦੇ ਸਾਲੇ ਗੋਬਿੰਦ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਹਰਮਿੰਦਰ ਸਿੰਘ ਸ਼ੈਲੀ ਨਿਵਾਸੀ ਚੱਕ ਸ਼ਰੀਫ, ਜੇ ਡੀ ਪਟੇਲ, ਸੰਜੀਵ ਅਤੇ ਨਰੇਸ਼ ਪਟੇਲ ਖਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲੀਸ ਨੂੰ ਦਿੱਤੇ ਬਿਆਨਾਂ ਵਿੱਚ ਗੋਬਿੰਦ ਸਿੰਘ ਨੇ ਦੱਸਿਆ ਕਿ ਟਰੈਵਲ ਏਜੰਟ ਸ਼ੈਲੀ ਉਸ ਦੇ ਜੀਜੇ ਨੂੰ 3 ਦਸੰਬਰ 2017 ਨੂੰ ਕੈਨੇਡਾ ਭੇਜਣ ਲਈ ਘਰੋਂ ਲੈ ਕੇ ਗਿਆ ਸੀ ਅਤੇ ਕਿਹਾ ਸੀ ਕਿ ਅੰਮ੍ਰਿਤਸਰ ਤੋਂ ਮੁੰਬਈ, ਫਿਰ ਬੰਗਲੌਰ ਤੋਂ ਕੈਨੇਡਾ ਲਈ ਉਡਾਣ ਜਾਣੀ ਹੈ। ਉਸ ਨੇ ਦੋਸ਼ ਲਾਇਆ ਸੀ ਕਿ ਪਾਲੀ ਨੂੰ ਕੈਨੇਡਾ ਭੇਜਣ ਦੀ ਬਜਾਏ ਬੰਗਲੌਰ ਵਿੱਚ ਹੀ ਬੰਦੀ ਬਣਾ ਕੇ ਰੱਖਿਆ ਹੋਇਆ ਹੈ। ਉਸ ਨੇ ਦਾਅਵਾ ਕੀਤਾ ਕਿ ਇਹ ਜਾਣਕਾਰੀ ਜੀਜੇ ਦੇ ਨਾਲ ਗਏ ਦੋ ਨੌਜਵਾਨਾਂ ਨੇ ਫੋਨ 'ਤੇ ਉਸ ਨੂੰ ਦਿੱਤੀ ਸੀ, ਜੋ 22 ਲੱਖ ਅਤੇ 21 ਲੱਖ ਰੁਪਏ ਬੰਦੂਕ ਦੀ ਨੋਕ 'ਤੇ ਦੇ ਕੇ ਛੁੱਟ ਕੇ ਆਏ ਹਨ। ਗੋਬਿੰਦ ਨੇ ਆਪਣੇ ਬਿਆਨਾਂ ਵਿੱਚ ਖਦਸ਼ਾ ਜ਼ਾਹਿਰ ਕੀਤਾ ਸੀ ਕਿ ਮੁਲਜ਼ਮਾਂ ਨੇ ਉਸ ਦੇ ਜੀਜੇ ਦਾ ਕੋਈ ਸਰੀਰਕ ਨੁਕਸਾਨ ਕੀਤਾ ਹੈ। ਉਸ ਨੇ ਦੱਸਿਆ ਕਿ ਪਾਲੀ ਨਾਲ ਉਸ ਦੀ ਆਖਰੀ ਵਾਰ 5 ਦਸੰਬਰ 2017 ਦੀ ਰਾਤ ਨੂੰ ਗੱਲ ਹੋਈ ਸੀ। ਮ੍ਰਿਤਕ ਦੀ ਪਤਨੀ ਪਲਵਿੰਦਰ ਕੌਰ ਅਤੇ ਭੈਣਾਂ ਨੇ ਪਾਲੀ ਦੇ ਕਾਤਲਾਂ ਨੂੰ ਛੇਤੀ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਹੈ। ਟਾਂਡਾ ਥਾਣੇ ਦੇ ਮੁਖੀ ਪ੍ਰਦੀਪ ਸਿੰਘ ਨੇ ਦੱਸਿਆ ਕਿ ਪਰਿਵਾਰਕ ਮੈਂਬਰਾਂ ਨਾਲ ਏਐਸਆਈ ਲਖਵਿੰਦਰ ਸਿੰਘ ਬੰਗਲੌਰ ਗਏ ਸਨ। ਟਾਂਡਾ ਵਿੱਚ ਦਰਜ ਮਾਮਲੇ ਸਬੰਧੀ ਜਾਣਕਾਰੀ ਵੀ ਬੰਗਲੌਰ ਪੁਲੀਸ ਨਾਲ ਸਾਂਝੀ ਕੀਤੀ ਜਾਵੇਗੀ।

AARTI FABRICATIONS PTY LTD
WE BUILD WHAT OTHERS CAN ONLY DREAM
NSW Licence No. 282007C
ABN 77605511108

We Specialise In:- Structural Steel, Hot dip Galvanised Stairs, stainless kitchen Benches, Stainless Handrails, Glass Balustrade, Sheet Metal, Aluminium powder Coated Privacy Screens, Automated Sliding Gates, Pergola's Pool Fence, and All Kind of Site Welding's.

We Beat Any Valid Written Quote with Same Kind Of material Mentioned.



We Provide Free Site Measure and Quotes:-
After Approval of the Quote We Provide 3 D Autocad Drawings for customer Approval before fabrication
Director:- Harry Singh
Contact:-0410364373
Email:- Harry@Aartifabrications.com.
Web :- www.Aartifabrications.com.au



Sydney 2018

ਜਨ ਕੀ ਸੇਵਾ ਊਤਮ ਕਾਮਾ (ਅੰਗ ੧੬੪)

# Volunteers Required

## for the Sikh Games

## ਸਿੱਖ ਖੇਡਾਂ ਵਾਸਤੇ ਨਿਸ਼ਕਾਮ ਸੇਵਾਦਾਰਾਂ ਦੀ ਲੋੜ

**30th March to 1st April 2018**

[ Crest Sporting Complex,
McClean St, Bass Hill, NSW ]

Volunteers required for Langar Sewa and other duties

Even for only one day!!

**Even if you are not playing you can still be part of Sikh Games**

## Please Contact

**S. Manjinder Singh**
Mob. 0481 200 545
Email: manji.singh09@gmail.com

**Dr Pavitar Singh Sunner**
Mob. 0417 297 601




# ਚੰਡੀਗੜ੍ਹ ਸੀਨੀਅਰ ਅਥਲੈਟਿਕ ਮੀਟ 'ਚ 311 ਖਿਡਾਰੀਆਂ ਨੇ ਲਿਆ ਭਾਗ



ਚੰਡੀਗੜ੍ਹ- ਚੰਡੀਗੜ੍ਹ ਅਥਲੈਟਿਕ ਐਸੋਸੀਏਸ਼ਨ ਵੱਲੋਂ ਦੋ ਰੋਜ਼ਾ ਚੰਡੀਗੜ੍ਹ ਸੀਨੀਅਰ ਸਟੇਟ ਅਥਲੈਟਿਕ ਮੀਟ ਸਪੋਰਟਸ ਕੰਪਲੈਕਸ ਸੈਕਟਰ 27 ਵਿਖੇ ਕਰਵਾਈ ਗਈ। ਇਸ ਸਬੰਧੀ ਪ੍ਰਬੰਧਕ ਸਕੱਤਰ ਡੀਐਸਪੀ ਘਨੌਰ ਹਰਜਿੰਦਰ ਸਿੰਘ ਨੇ ਦੱਸਿਆ ਕਿ ਮੀਟ 'ਚ 311 ਖਿਡਾਰੀਆਂ ਨੇ ਹਿੱਸਾ ਲਿਆ। ਬੈਸਟ ਅਥਲੀਟ ਨੂੰ 3100 ਰੁਪਏ ਇਨਾਮ ਵਜੋਂ ਦਿੱਤਾ ਜਾਵੇਗਾ। ਅੱਜ ਦੇ ਜੇਤੂ ਖਿਡਾਰੀਆਂ ਨੂੰ ਡਾਇਰੈਕਟਰ ਸਪੋਰਟਸ ਪਰਮਿੰਦਰ ਸਿੰਘ ਵੱਲੋਂ ਇਨਾਮ ਵੰਡੇ ਗਏ।

ਇਸ ਮੌਕੇ ਮੁੱਖ ਮਹਿਮਾਨ ਵਜੋਂ ਹਿੰਮਤ ਸਿੰਘ ਕਾਂਗਰਸੀ ਆਗੂ ਸ਼ਾਮਲ ਹੋਏ। 100 ਮੀਟਰ ਦੇ ਕਰਵਾਏ ਗਏ ਦੌੜ ਮੁਕਾਬਲਿਆਂ 'ਚ ਪਹਿਲਾ ਸਥਾਨ ਹਸਨਦੀਪ, ਦੂਜਾ ਸਥਾਨ ਅਮਨਦੀਪ, ਤੀਜਾ ਸਥਾਨ ਅਯੁਸ਼ ਨੇ ਪ੍ਰਾਪਤ ਕੀਤਾ। 200 ਮੀਟਰ ਦੌੜ ਮੁਕਾਬਲਿਆਂ 'ਚ ਪਹਿਲਾ ਸਥਾਨ ਅਰੁਜਨ ਡੀਏਵੀ ਕਾਲਜ ਸੈਕਟਰ 10, ਦੂਜਾ ਸਥਾਨ ਅਯੁਸ਼ ਐਸਡੀ ਕਾਲਜ ਸੈਕਟਰ 32 ਅਤੇ ਤੀਜੇ ਸਥਾਨ 'ਤੇ ਭੁਪਿੰਦਰ ਸਪੋਰਟਸ ਕੰਪਲੈਕਸ ਸੈਕਟਰ 7 ਰਹੇ। 400 ਮੀਟਰ 'ਚ ਮਨਪ੍ਰੀਤ ਸਿੰਘ, ਜਗਸੀਰ ਸਿੰਘ, ਭੁਪਿੰਦਰ ਸਿੰਘ, 800 ਮੀਟਰ 'ਚ ਸਾਗਰ, ਆਲਮ, ਕ੍ਰਿਸ਼ਨ ਕੁਮਾਰ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ।

1500 ਮੀਟਰ ਦੌੜ 'ਚ ਮਨਪ੍ਰੀਤ ਸਿੰਘ ਸਪੋਰਟਸ ਕੰਪਲੈਕਸ ਸੈਕਟਰ 7 ਨੇ ਪਹਿਲਾ, ਸੁਨੀਲ ਕੁਮਾਰ ਡੀਏਵੀ ਕਾਲਜ ਸੈਕਟਰ ਨੇ ਦੂਜਾ, ਯੁਗਰਾਜ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ। 5 ਹਜ਼ਾਰ ਮੀਟਰ 'ਚ ਸੁਮਿਤ ਕੁਮਾਰ ਡੀਏਵੀ ਕਾਲਜ, ਸੰਦੀਪ ਕੁਮਾਰ ਤੇ ਗੁਰਪ੍ਰੀਤ ਸਿੰਘ ਐਸਜੀਜੀਐਸ ਖਾਲਸਾ ਕਾਲਜ ਸੈਕਟਰ-26 ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ। 10 ਹਜ਼ਾਰ ਮੀਟਰ 'ਚ ਵਿਚਤਰਾ ਸਿੰਘ ਓਪਨ ਯੂਨੀਰਸਿਟੀ ਚੰਡੀਗੜ੍ਹ ਨੇ ਪਹਿਲਾ, ਵਿਕਾਸ ਚੰਡੀਗੜ੍ਹ ਪੁਲੀਸ ਨੇ ਦੂਜਾ, ਅਨਿਤ ਕੁਮਾਰ ਪੀਜੀਸੀ ਸੈਕਟਰ 11 ਨੇ ਤੀਜਾ, ਲੰਬੀ ਛਾਲ 'ਚ ਹਰਪ੍ਰੀਤ ਸਿੰਘ ਨੇ ਪਹਿਲਾ, ਨਵਨੀਤ ਸਿੰਘ ਨੇ ਦੂਜਾ, ਕਰਮਨ ਸਿੰਘ ਨੇ ਤੀਜਾ, ਉੱਚੀ ਛਾਲ 'ਚ ਪ੍ਰਕਾਸ਼ ਯਾਦਵ ਨੇ ਪਹਿਲਾ, ਪ੍ਰਤੀਕ ਨੇ ਦੂਜਾ, ਪਾਰਸ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਸ਼ਾਟ-ਪੁੱਟ 'ਚ ਪਰਮਜੀਤ ਸਿੰਘ ਨੇ ਪਹਿਲਾ, ਨਵੀਨ ਕੁਮਾਰ ਨੇ ਦੂਜਾ, ਗੁਰਜੀਤ ਸਿੰਘ ਨੇ ਤੀਜਾ, ਡਿਸਕਸ ਥਰੋਅ 'ਚ ਪੁਨੀਤ ਨੇ ਪਹਿਲਾ, ਸਾਹਿਲ ਦੱਤਾ ਨੇ ਦੂਜਾ, ਗੁਰਜੀਤ ਸਿੰਘ ਨੇ ਤੀਜਾ, ਜਾਵਲੀਨ ਥਰੋਅ 'ਚ ਮੁਕੇਸ਼ ਕੁਮਾਰ ਨੇ ਪਹਿਲਾ, ਅੰਕਿਤ ਨੇ ਦੂਜਾ, ਅਮਨਦੀਪ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਟਰਿੱਪਲ ਜੰਪ 'ਚ ਕਰਮਨਜੀਤ ਸਿੰਘ ਪਹਿਲੇ, ਪ੍ਰਤੀਕ ਦੂਜੇ ਅਤੇ ਜਸਵਿੰਦਰ ਸਿੰਘ ਤੀਜੇ ਸਥਾਨ 'ਤੇ ਰਹੇ।

ਮਹਿਲਾ ਮੁਕਾਬਲਿਆਂ 'ਚ 200 ਮੀਟਰ 'ਚ ਸਿਮਰਨ ਨੇ ਪਹਿਲਾ, ਨਵਲੀਨ ਦੂਜੇ, ਰਾਜਬੀਰ ਕੌਰ ਤੀਜੇ, 400 ਮੀਟਰ ਦੌੜ 'ਚ ਮਹਿਤਾਬ ਪਹਿਲੇ, ਸਾਰਾ ਭੁਟਾਲ ਦੂਜੇ, ਖੁਸ਼ੀ ਤੀਜੇ, 800 ਮੀਟਰ ਦੌੜ 'ਚ ਰਾਜਬੀਰ ਕੌਰ ਪਹਿਲੇ, ਵੰਦਨਾ ਨਰਵਾਲ ਦੂਜੇ, ਲਵਨੀਤ ਕੌਰ ਤੀਜੇ ਸਥਾਨ 'ਤੇ ਰਹੀਆਂ।

1500 ਮੀਟਰ 'ਚ ਲਕਸ਼ਮੀ ਨੇ ਪਹਿਲਾ, ਸਮਿਤੀ ਸਾਂਗਵਾਨ ਨੇ ਦੂਜਾ, ਰਮਨਜੋਤ ਕੌਰ ਨੇ ਤੀਜਾ, 5 ਹਜ਼ਾਰ ਮੀਟਰ 'ਚ ਰਮਨਜੋਤ ਕੌਰ ਨੇ ਪਹਿਲਾ, ਸਮਰਿਤੀ ਸਾਂਗਵਾਨ ਨੇ ਦੂਜਾ, ਨਵਨੀਤ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਹੀ ਲੰਬੀ ਛਾਲ 'ਚ ਦਿਵਾਂਸ਼ੀ, ਹਰਮਨਪ੍ਰੀਤ, ਸਾਰਾ ਭੁਟਾਲ, ਉੱਚੀ ਛਾਲ 'ਚ ਪੂਜਾ ਅਹਲਾਵਤ, ਸਾਕਸ਼ੀ, ਸੁਖਜਿੰਦਰ ਕੌਰ ਅਤੇ ਟਰਿੱਪਲ ਜੰਪ 'ਚ ਹਰਮਨਪ੍ਰੀਤ ਕੌਰ, ਰਿੰਪੀ ਤੇ ਨਵਲੀਨ ਕੌਰ ਕ੍ਰਮਵਾਰ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਰਹੀਆਂ।

# ਤੀਰਥ ਪਹਿਲਵਾਨ ਨੇ ਜਿੱਤੀ ਪਟਕੇ ਦੀ ਕੁਸ਼ਤੀ



ਬੰਗਾ- ਪਿੰਡ ਕਟਾਰੀਆਂ ਵਿਖੇ ਡੇਰਾ ਪੀਰ ਸੁਲਤਾਨ ਲੱਖਦਾਤਾ ਕਾਦਰੀ ਦੇ ਦਰਬਾਰ 'ਤੇ ਕੁਸ਼ਤੀ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ 'ਚ 50 ਤੋਂ ਵੱਧ ਪਹਿਲਵਾਨਾਂ ਨੇ ਆਪਣੀ ਕੁਸ਼ਤੀ ਕਲਾ ਦੇ ਜੌਹਰ ਦਿਖਾਏ। ਪਟਕੇ ਦਾ ਘੋਲ ਪਟਿਆਲਾ ਦੇ ਪਹਿਲਵਾਨ ਕਰਮਾ ਅਤੇ ਫ਼ਗਵਾੜਾ ਦੇ ਪਹਿਲਵਾਨ ਤੀਰਥ ਵਿਚਕਾਰ ਹੋਇਆ। ਇਸ ਮੁਕਾਬਲੇ ਵਿੱਚ ਦੋਵਾਂ ਪਹਿਲਵਾਨਾਂ ਨੇ ਕੁਸ਼ਤੀ ਦੇ ਅਖ਼ੀਰਲੇ ਪਲਾਂ ਤੱਕ ਬਰਾਬਰ ਦੀ ਟੱਕਰ ਦਿੱਤੀ ਪਰ ਆਖਰ 'ਚ ਤੀਰਥ ਦੀ ਕੋਸ਼ਿਸ਼ ਜਿੱਤ ਵਿੱਚ ਬਦਲ ਗਈ ਤੇ ਪਟਕਾ ਉਸ ਸਿਰ ਸਜਾਇਆ ਗਿਆ। ਦੂਜੇ ਨੰਬਰ ਦੀ ਕੁਸ਼ਤੀ 'ਚ ਸਿਮਰਨ ਮੁਕੰਦਪੁਰ ਅਤੇ ਹਨੀ ਫਗਵਾੜਾ ਦੋਵੇਂ ਪਹਿਲਵਾਨ ਬਰਾਬਰ ਰਹੇ। ਇਨ੍ਹਾਂ ਮੁਕਾਬਲਿਆਂ ਦੇ ਜੇਤੂ ਪਹਿਲਵਾਨਾਂ ਨੂੰ ਨਗਦੀ ਅਤੇ ਗੁਰਜ ਦੇ ਕੇ ਸਨਮਾਨਤ ਕੀਤਾ ਗਿਆ। ਕੁਸ਼ਤੀ ਮੁਕਾਬਲਿਆਂ ਦੇ ਮੁੱਖ ਪ੍ਰਬੰਧਕ ਅਤੇ ਦਰਬਾਰ ਦੇ ਗੱਦੀ ਨਸ਼ੀਨ ਸਾਈਂ ਲਖਵੀਰ ਸ਼ਾਹ ਨੇ ਆਖਿਆ ਕਿ ਨਵੀਂ ਪੀੜ੍ਹੀ ਨੂੰ ਚੰਗੇ ਪਾਸੇ ਜੋੜਣ ਅਤੇ ਸਮਾਜਿਕ ਕੁਰੀਤੀਆਂ ਤੋਂ ਸੁਚੇਤ ਕਰਨ ਦੇ ਮਿਸ਼ਨ ਤਹਿਤ ਅਜਿਹੇ ਕਾਰਜ ਕੀਤੇ ਜਾ ਰਹੇ ਹਨ। ਇਸ ਕੁਸ਼ਤੀ ਦੰਗਲ 'ਚ ਪੰਚਾਇਤ ਅਤੇ ਪਿੰਡ ਦੇ ਮੋਹਤਵਾਰਾਂ ਦਾ ਨਿੱਘਾ ਸਹਿਯੋਗ ਰਿਹਾ। ਇਸ ਮੌਕੇ ਪ੍ਰਧਾਨ ਰਾਮ ਲਾਲ ਬਬਲੀ, ਜਸਵੀਰ ਸਿੰਘ ਸੌਂਧੀ, ਭਿੰਦਰ ਬ੍ਰਹਮਪੁਰੀ, ਕਟਾਰੀਆਂ ਦੇ ਚੌਕੀ ਇਂਚਾਰਜ ਹੀਰਾ ਲਾਲ, ਹਰਜੀਤ ਸਿੰਘ, ਗੁਰਮੇਲ ਰਾਮ ਆਦਿ ਵੀ ਸ਼ਾਮਲ ਸਨ।

# ਜਿੱਤ ਦੀ ਭੁੱਖ ਅਜੇ ਨਹੀਂ ਮਿਟੀ: ਫ਼ੈਡਰਰ



ਮੈਲਬਰਨ- ਉਮਰ ਨੂੰ ਪਿਛਾਂਹ ਧੱਕ ਆਪਣਾ 20ਵਾਂ ਗਰੈਂਡ ਸਲੈਮ ਖਿਤਾਬ ਜਿੱਤਣ ਵਾਲੇ ਰੌਜਰ ਫੈਡਰਰ ਨੇ ਸਾਫ਼ ਕਰ ਦਿੱਤਾ ਕਿ ਉਸ ਨੂੰ ਅਜੇ ਇਹ ਨਹੀਂ ਪਤਾ ਕਿ ਉਹ ਹੋਰ ਕਿੰਨੇ ਸਾਲ ਟੈਨਿਸ ਖੇਡੇਗਾ। ਸਵਿਟਰਜ਼ਲੈਂਡ ਦੇ 36 ਸਾਲਾ ਖਿਡਾਰੀ ਨੇ ਆਪਣਾ 6ਵਾਂ ਆਸਟਰੇਲੀਅਨ ਓਪਨ ਖ਼ਿਤਾਬ ਤੇ ਕਰੀਅਰ ਦਾ 20ਵਾਂ ਗਰੈਂਡ ਸਲੈਮ ਬੀਤੇ ਦਿਨ ਮਾਰਿਨ ਸਿਲਿਚ ਨੂੰ ਹਰਾ ਕੇ ਜਿੱਤਿਆ ਸੀ। ਫੈਡਰਰ ਨੇ ਪਿਛਲੇ ਸਾਲ ਇਸੇ ਮੈਦਾਨ 'ਤੇ ਸਪੇਨ ਦੇ ਰਾਫ਼ੇਲ ਨਡਾਲ ਨੂੰ ਮਾਤ ਦਿੱਤੀ ਸੀ।

ਪੁਰਸ਼ ਟੈਨਿਸ ਵਿੱਚ ਹੋਰ ਕਿੰਨਾ ਸਮਾਂ ਬਾਦਸ਼ਾਹਤ ਕਾਇਮ ਰੱਖਣ ਬਾਰੇ ਪੁੱਛੇ ਜਾਣ 'ਤੇ ਫ਼ੈਡਰਰ ਨੇ ਕਿਹਾ, 'ਮੈਂ ਨਹੀਂ ਜਾਣਦਾ। ਇਮਾਨਦਾਰੀ ਨਾਲ ਕਹਾਂ ਤਾਂ ਬਿਲਕੁਲ ਨਹੀਂ ਜਾਣਦਾ।' ਸਵਿਸ ਖਿਡਾਰੀ ਨੇ ਕਿਹਾ, 'ਮੈਂ ਪਿਛਲੇ 12 ਮਹੀਨਿਆਂ 'ਚ ਤਿੰਨ ਗਰੈਂਡ ਸਲੈਮ ਜਿੱਤੇ ਹਨ। ਖ਼ੁਦ 'ਤੇ ਯਕੀਨ ਨਹੀਂ ਹੁੰਦਾ। ਮੇਰੀ ਅੰਦਰਲੀ ਜਿੱਤ ਦੀ ਭੁੱਖ ਅਜੇ ਖ਼ਤਮ ਨਹੀਂ ਹੋਈ।' ਫ਼ੈਡਰਰ ਨੇ ਕਿਹਾ, 'ਮੈਂ ਹਰ ਟੂਰਨਾਮੈਂਟ ਨਹੀਂ ਖੇਡ ਸਕਦਾ। ਪਰ ਮੈਨੂੰ ਅਭਿਆਸ ਤੇ ਸਫ਼ਰ ਵਿੱਚ ਮਜ਼ਾ ਆਉਂਦਾ ਹੈ। ਮੇਰੇ ਕੋਲ ਚੰਗੀ ਟੀਮ ਹੈ ਜਿਸ ਕਰਕੇ ਇਹ ਸੰਭਵ ਹੋਇਆ ਹੈ।' ਉਨ੍ਹਾਂ ਕਿਹਾ, 'ਇਹ ਵੇਖ ਕੇ ਦਿਲ ਖ਼ੁਸ਼ ਹੋ ਜਾਂਦਾ ਹੈ ਕਿ ਮੇਰੇ ਮਾਤਾ ਪਿਤਾ ਨੂੰ ਮੇਰੇ 'ਤੇ ਮਾਣ ਹੈ। ਉਨ੍ਹਾਂ ਨੂੰ ਮੈਚ ਵੇਖਣ ਆਉਣਾ ਚੰਗਾ ਲਗਦਾ ਹੈ। ਇਸ ਨਾਲ ਮੈਨੂੰ ਹੋਰ ਚੰਗਾ ਖੇਡਣ ਦੀ ਪ੍ਰੇਰਨਾ ਮਿਲਦੀ ਹੈ।'

# ਮੌਜੂਦਾ ਸੈਸ਼ਨ 'ਚ ਫਿੱਟਨੈਸ ਸਭ ਤੋਂ ਮਹੱਤਵਪੂਰਨ ਹੋਵੇਗੀ : ਗੋਪੀਚੰਦ



ਨਵੀਂ ਦਿੱਲੀ– ਰਾਸ਼ਟਰਮੰਡਲ ਅਤੇ ਏਸ਼ੀਆਈ ਖੇਡਾਂ ਦੇ ਕਾਰਨ ਮੌਜੂਦਾ ਸੈਸ਼ਨ ਕਾਫੀ ਰੁਝਿਆ ਹੋਇਆ ਹੈ ਅਤੇ ਅਜਿਹੇ 'ਚ ਭਾਰਤ ਦੇ ਮੁੱਖ ਬੈਡਮਿੰਟਨ ਕੋਚ ਪੁਲੇਲਾ ਗੋਪੀਚੰਦ ਨੇ ਇਸ ਸਾਲ ਖਿਡਾਰੀਆਂ ਦੀ ਫਿੱਟਨੈੱਸ ਨੂੰ ਅਹਿਮ ਦਸਦੇ ਹੋਏ ਕਿਹਾ ਕਿ ਫਿਜ਼ੀਓ ਅਤੇ ਕੋਚਾਂ ਦੀ ਭੂਮਿਕਾ ਕਾਫੀ ਮਹੱਤਪੂਰਨ ਹੋਵੇਗੀ। ਇੰਡੀਆ ਓਪਨ 2018 ਦੀ ਲਾਂਚ ਪ੍ਰੈਸ ਕਾਨਫਰੰਸ 'ਚ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੰਦੇ ਹੋਏ ਗੋਪੀਚੰਦ ਨੇ ਕਿਹਾ, "ਇਹ ਰੁੱਝੇ ਹੋਏ ਪ੍ਰੋਗਰਾਮ ਦੇ ਬਾਰੇ 'ਚ ਗੱਲ ਕਰਨ ਦਾ ਸਹੀ ਮੰਚ ਨਹੀਂ ਹੈ। ਕੋਚਾਂ ਦਾ ਕੰਮ ਕਾਫੀ ਮੁਸ਼ਕਲ ਹੋ ਗਿਆ ਕਿਉਂਕਿ ਖਿਡਾਰੀਆਂ ਨੂੰ ਫਿੱਟ ਰੱਖਣਾ ਹੈ। ਚੋਟੀ ਦੇ ਖਿਡਾਰੀਆਂ ਤੋਂ ਕਾਫੀ ਉਮੀਦਾਂ ਹਨ ਅਤੇ ਇਹ ਉਨ੍ਹਾਂ ਲਈ ਚੁਣੌਤੀ ਹੈ। ਤੁਹਾਨੂੰ ਨਵੀਆਂ ਚੁਣੌਤੀਆਂ ਨਾਲ ਤਾਲਮੇਲ ਬਿਠਾਉਣਾ ਹੋਵੇਗਾ।" ਉਨ੍ਹਾਂ ਕਿਹਾ, "ਜਿਵੇਂ ਕਿ (ਕਿਦਾਂਬੀ) ਸ਼੍ਰੀਕਾਂਤ ਨੇ ਕਿਹਾ ਕਿ ਕਾਫੀ ਵੱਡੇ ਟੂਰਨਾਮੈਂਟ ਹੋਣ ਵਾਲੇ ਹਨ। ਅਤੇ ਫਿੱਟ ਰਹਿਣਾ ਮਹੱਤਵਪੂਰਨ ਹੈ ਅਤੇ ਅਜਿਹੇ 'ਚ ਕੋਚ ਅਤੇ ਫਿਜ਼ੀਓ ਦੀ ਭੂਮਿਕਾ ਮਹੱਤਵਪੂਰਨ ਹੋ ਜਾਂਦੀ ਹੈ ਜੋ ਫੈਸਲਾ ਕਰਦੇ ਹਨ ਕਿ ਤੁਹਾਨੂੰ ਕੀ ਖਾਣਾ ਹੈ, ਕਿਵੇਂ ਟ੍ਰੇਨਿੰਗ ਕਰਨੀ ਹੈ।"

# ਕਰੋੜਾਂ 'ਚ ਵਿਕੇ ਪਟਿਆਲਵੀ ਕ੍ਰਿਕਟਰ



ਪਟਿਆਲਾ- ਸ਼ਾਹੀ ਸ਼ਹਿਰ ਪਟਿਆਲਾ ਦਾ ਤੇਜ਼ ਗੇਂਦਬਾਜ਼ ਸੰਦੀਪ ਸ਼ਰਮਾ ਆਈਪੀਐਲ ਦੇ ਆਪਣੇ ਹੁਣ ਤੱਕ ਦੇ ਸਫ਼ਰ ਦੌਰਾਨ ਸਭ ਤੋਂ ਮਹਿੰਗੇ ਭਾਅ ਵਿਕਿਆ ਹੈ੍ਹ ਅੱਜ ਓਪਨ ਬੋਲੀ ਦੌਰਾਨ ਹੈਦਰਾਬਾਦ ਸਨਰਾਈਜ਼ਰਜ਼ ਨੇ ਉਸ ਨੂੰ ਤਿੰਨ ਕਰੋੜ ਰੁਪਏ 'ਚ ਖਰੀਦਿਆ। ਸਥਾਨਕ ਮਲਟੀਪਰਪਜ਼ ਸੈਕੰਡਰੀ ਸਕੂਲ ਦੀ ਪੈਦਾਇਸ਼ ਤੇ ਕੋਚ ਕਮਲਦੀਪ ਸਿੰਘ ਦਾ ਸਿਖਾਂਦਰੂ ਇਹ ਕ੍ਰਿਕਟ ਖਿਡਾਰੀ ਇਸ ਤੋਂ ਪਹਿਲਾਂ ਕਿੰਗਜ਼ ਇਲੈਵਨ ਪੰਜਾਬ ਲਈ ਖੇਡਦਾ ਰਿਹਾ ਹੈ। ਸੰਦੀਪ ਜ਼ਿੰਬਾਬਵੇ ਖ਼ਿਲਾਫ਼ ਦੇਸ਼ ਦੀ ਨੁਮਾਇੰਦਗੀ ਵੀ ਕਰ ਚੁੱਕਾ ਹੈ੍ਹ ਕੋਚ ਕਮਲਦੀਪ ਸਿੰਘ ਨੇ ਸੰਦੀਪ ਨੂੰ ਇਸ ਪ੍ਰਾਪਤੀ 'ਤੇ ਮੁਬਾਰਕਬਾਦ ਦਿੱਤੀ ਹੈ। ਯਾਦ ਰਹੇ ਕਿ ਪਟਿਆਲਾ ਨਾਲ ਹੀ ਸਬੰਧਤ ਸਿਧਾਰਥ ਕੌਲ ਦੀ ਬੋਲੀ 3.80 ਕਰੋੜ 'ਚ ਹੋਈ ਹੈ, ਜੋ ਕਿ ਹੋਰ ਵੀ ਵੱਡੀ ਪ੍ਰਾਪਤੀ ਹੈ੍ਹ

# ਬੁਮਰਾਹ ਨਾਲੋਂ ਭੁਵਨੇਸ਼ਵਰ ਪਹਿਲੀ ਪਸੰਦ: ਹੋਲਡਿੰਗ





ਜੌਹੈੱਨਸਬਰਗ- ਵੈਸਟਇੰਡੀਜ਼ ਦੇ ਮਹਾਨ ਕ੍ਰਿਕਟਰ ਮਾਈਕਲ ਹੋਲਡਿੰਗ ਨੂੰ ਨਵੀਂ ਗੇਂਦ ਨਾਲ ਗੇਂਦਬਾਜ਼ੀ ਕਰਨ ਦੀ ਜਸਪ੍ਰੀਤ ਬਮਰਾਹ ਦੀ ਸਮਰੱਥਾ 'ਤੇ ਸ਼ੱਕ ਹੈ। ਹੋਲਡਿੰਗ ਨੇ ਕਿਹਾ ਕਿ ਬਮਰਾਹ ਦਾ ਗੇਂਦਬਾਜ਼ੀ ਹੁਨਰ ਇਸ ਸਾਲ ਭਾਰਤ ਦੇ ਇੰਗਲੈਂਡ ਦੌਰੇ 'ਤੇ ਉਸ ਨੂੰ ਅੰਤਿਮ ਗਿਆਰਾਂ ਵਿੱਚ ਉਨ੍ਹਾਂ ਦੀ ਪਹਿਲੀ ਪਸੰਦ ਨਹੀਂ ਬਣਾਉਂਦਾ।

ਇਸ ਖ਼ਬਰ ਏਜੰਸੀ ਨਾਲ ਗੱਲਬਾਤ ਕਰਦਿਆਂ ਹੋਲਡਿੰਗ ਨੇ ਕਿਹਾ, 'ਮੈਨੂੰ ਇਸ ਗੱਲ ਦਾ ਯਕੀਨ ਨਹੀਂ ਕਿ ਉਹ ਨਵੀਂ ਗੇਂਦ ਨਾਲ ਚੰਗਾ ਗੇਂਦਬਾਜ਼ ਸਾਬਤ ਹੋਵੇਗਾ। ਉਹ ਨਵੀਂ ਗੇਂਦ ਨਾਲ ਗੇਂਦਬਾਜ਼ੀ ਕਰਦਿਆਂ ਸੱਜੇ ਹੱਥ ਦੇ ਬੱਲੇਬਾਜ਼ਾਂ ਤੋਂ ਗੇਂਦ ਨੂੰ ਦੂਰ ਰੱਖਣ ਲਈ ਜੂਝਦਾ ਹੈ। ਲਿਹਾਜ਼ਾ, ਉਹ ਵਿਦੇਸ਼ੀ ਦੌਰਿਆਂ 'ਤੇ ਮੇਰੀ ਪਹਿਲੀ ਪਸੰਦ ਨਹੀਂ ਹੋਵੇਗਾ। ਮੇਰੀ ਪਹਿਲੀ ਪਸੰਦ ਹਮੇਸ਼ਾਂ ਭੁਵਨੇਸ਼ਵਰ ਕੁਮਾਰ ਹੋਵੇਗਾ।' ਸਾਬਕਾ ਕ੍ਰਿਕਟਰ ਨੇ ਕਿਹਾ, 'ਮਗਰੋਂ ਮੈਂ ਈਸ਼ਾਂਤ ਸ਼ਰਮਾ ਤੇ ਮੁਹੰਮਦ ਸ਼ਮੀ ਬਾਰੇ ਸੋਚਾਂਗਾ। ਜਦੋਂ ਭਾਰਤ ਇੰਗਲੈਂਡ ਵਿੱਚ ਖੇਡੇਗਾ ਤਾਂ ਪਿੱਚਾਂ ਦੱਖਣੀ ਅਫ਼ਰੀਕਾ ਤੋਂ ਬਿਲਕੁਲ ਵੱਖ ਹੋਣਗੀਆਂ। ਮੈਂ ਬਮਰਾਹ ਨੂੰ ਨਹੀਂ ਖਿਡਾਵਾਂਗਾ ਕਿਉਂਕਿ ਉਹ ਗੇਂਦ ਕਰਦਾ ਨਹੀਂ ਬਲਕਿ ਸੁੱਟਦਾ ਹੈ। ਇੰਗਲਿਸ਼ ਪਿੱਚਾਂ ਨੂੰ ਅਜਿਹੇ ਗੇਂਦਬਾਜ਼ ਦੀ ਲੋੜ ਹੈ, ਜੋ ਗੇਂਦ ਨੂੰ ਜ਼ਮੀਨ 'ਤੇ ਰੱਖੇ ਤੇ ਥੋੜ੍ਹਾ ਮੂਵ ਕਰੇ।' ਯਾਦ ਰਹੇ ਕਿ ਬਮਰਾਹ ਨੇ ਦੱਖਣੀ ਅਫ਼ਰੀਕਾ ਵਿੱਚ ਆਪਣੀ ਪਲੇਠੀ ਟੈਸਟ ਲੜੀ ਖੇਡਦਿਆਂ ਤੀਜੇ ਟੈਸਟ ਵਿੱਚ ਪਹਿਲੀ ਵਾਰ ਪੰਜ ਵਿਕਟ ਲਏ। ਉਂਜ ਹੋਲਡਿੰਗ ਨੇ ਇਹ ਜ਼ਰੂਰ ਮੰਨਿਆ ਕਿ ਭਾਰਤੀ ਤੇਜ਼ ਗੇਂਦਬਾਜ਼ ਪੁਰਾਣੀ ਗੇਂਦ ਨਾਲ ਵੰਨ-ਸੁਵੰਨਤਾ ਨਾਲ ਗੇਂਦਬਾਜ਼ੀ ਕਰਨ ਦੇ ਸਮਰੱਥ ਹੈ।

# ਦਰਜਾਬੰਦੀ 'ਚ ਲਾਰਾ ਤੋਂ ਅੱਗੇ ਲੰਘਿਆ ਕੋਹਲੀ



ਦੁਬਈ- ਭਾਰਤੀ ਕਪਤਾਨ ਵਿਰਾਟ ਕੋਹਲੀ ਨੇ ਦੱਖਣੀ ਅਫ਼ਰੀਕਾ ਖ਼ਿਲਾਫ਼ ਜੌਹੈੱਨਸਬਰਗ ਵਿੱਚ ਖੇਡੇ ਤੀਜੇ ਟੈਸਟ ਵਿੱਚ ਮਿਲੇ 12 ਅੰਕਾਂ ਨਾਲ ਟੈਸਟ ਬੱਲੇਬਾਜ਼ਾਂ ਦੀ ਆਲਟਾਈਮ ਕਰੀਅਰ ਹਾਈ ਦਰਜਾਬੰਦੀ ਵਿੱਚ ਵੈਸਟ ਇੰਡੀਜ਼ ਦੇ ਦਿੱਗਜ ਬ੍ਰਾਇਨ ਲਾਰਾ ਨੂੰ ਪਿਛਾਂਹ ਧੱਕ ਦਿੱਤਾ ਹੈ। ਸਾਲ 2017 ਦੇ ਸਰਵੋਤਮ ਕ੍ਰਿਕਟਰ ਚੁਣੇ ਗਏ ਵਿਰਾਟ ਨੇ ਤੀਜੇ ਤੇ ਆਖਰੀ ਟੈਸਟ ਦੀ ਸ਼ੁਰੂਆਤ 900 ਅੰਕਾਂ ਨਾਲ ਕੀਤੀ ਸੀ। ਟੈਸਟ ਵਿੱਚ 54 ਤੇ 41 ਦੌੜਾਂ ਦੀ ਪਾਰੀ ਨਾਲ ਭਾਰਤੀ ਕਪਤਾਨ ਨੂੰ 12 ਅੰਕ ਮਿਲੇ ਤੇ ਹੁਣ ਉਸ ਦੇ 912 ਅੰਕ ਹਨ। ਉਹ ਆਲਟਾਈਮ ਸੂਚੀ ਵਿੱਚ 26ਵੇਂ ਸਥਾਨ 'ਤੇ ਹੈ। ਇਸ ਸੂਚੀ ਵਿੱਚ ਡੌਨ ਬਰੈਡਮੈਨ 961 ਅੰਕਾਂ ਨਾਲ ਸਿਖਰ 'ਤੇ ਹੈ। ਭਾਰਤੀ ਕਪਤਾਨ ਹੁਣ ਹਮਵਤਨ ਤੇ ਆਈਸੀਸੀ ਕ੍ਰਿਕਟ ਹਾਲ ਆਫ਼ ਫੇਮ ਸੁਨੀਲ ਗਾਵਸਕਰ ਦੇ ਨੇੜੇ ਪੁੱਜ ਗਿਆ ਹੈ, ਜਿਨ੍ਹਾਂ ਦੇ 1979 ਵਿੱਚ ਇੰਗਲੈਂਡ ਖ਼ਿਲਾਫ਼ ਓਵਲ ਟੈਸਟ ਮਗਰੋਂ 916 ਅੰਕ ਸਨ।

# ਅੰਡਰ 19 ਟੀਮ ਨੂੰ ਨਕਦ ਪੁਰਸਕਾਰ ਦੇਵੇਗਾ ਬੀ.ਸੀ.ਸੀ.ਆਈ.



ਨਵੀਂ ਦਿੱਲੀ– ਬੀ.ਸੀ.ਸੀ.ਆਈ. ਅੰਡਰ-19 ਵਿਸ਼ਵ ਕੱਪ ਫਾਈਨਲ 'ਚ ਪਹੁੰਚੀ ਭਾਰਤੀ ਟੀਮ ਨੂੰ ਨਕਦ ਪੁਰਸਕਾਰ ਦੇਵੇਗਾ। ਕਾਰਜਵਾਹਕ ਪ੍ਰਧਾਨ ਸੀ.ਕੇ. ਖੰਨਾ ਨੇ ਇਸ ਦਾ ਐਲਾਨ ਕੀਤਾ ਹੈ। ਨਿਊਜ਼ੀਲੈਂਡ ਦੇ ਕ੍ਰਾਈਸਟਚਰਚ 'ਚ ਹੋਏ ਸੈਮੀਫਾਈਨਲ 'ਚ ਪਾਕਿਸਤਾਨ ਨੂੰ ਹਰਾ ਕੇ ਭਾਰਤ ਨੇ ਖਿਤਾਬੀ ਮੁਕਾਬਲੇ 'ਚ ਜਗ੍ਹਾ ਬਣਾਈ ਹੈ।ਖੰਨਾ ਨੇ ਕਿਹਾ, "ਮੈਂ ਪੂਰੀ ਟੀਮ ਅਤੇ ਕੋਚ ਰਾਹੁਲ ਦ੍ਰਾਵਿੜ ਨੂੰ ਵਧਾਈ ਦੇਣਾ ਚਾਹੁੰਦਾ ਹਾਂ। ਅਗਲੀ ਪੀੜ੍ਹੀ ਦੇ ਕ੍ਰਿਕਟਰਾਂ ਨੂੰ ਤਿਆਰ ਕਰਨ 'ਚ ਰਾਹੁਲ ਦਾ ਯੋਗਦਾਨ ਸ਼ਲਾਘਾਯੋਗ ਰਿਹਾ ਹੈ। ਉਨ੍ਹਾਂ ਦੀ ਬਦੌਲਤ ਸਾਨੂੰ ਪ੍ਰਤਿਭਾਸ਼ਾਲੀ ਕ੍ਰਿਕਟਰਾਂ ਦਾ ਪੂਲ ਮਿਲ ਗਿਆ ਹੈ।" ਉਨ੍ਹਾਂ ਕਿਹਾ, "ਬੀ.ਸੀ.ਸੀ.ਆਈ. ਉਨ੍ਹਾਂ ਨੂੰ ਨਕਦ ਪੁਰਸਕਾਰ ਦੇਵੇਗਾ ਅਤੇ ਸਨਮਾਨਤ ਕਰੇਗਾ।"




# ਸੋਨਮ ਇਸ ਸਾਲ ਮਾਰੇਗੀ ਚੌਕਾ

ਸ਼ਾਂਤੀ ਸਵਰੂਪ ਤ੍ਰਿਪਾਠੀ



ਗਪਗ ਦੋ ਸਾਲ ਪਹਿਲਾਂ ਸੋਨਮ ਕਪੂਰ ਨੇ ਦਲੇਰ ਏਅਰਹੋਸਟੈੱਸ ਨੀਰਜਾ ਭਨੋਟ ਦੀ ਬਾਇਓਪਿਕ 'ਨੀਰਜਾ' ਵਿੱਚ ਮੁੱਖ ਭੂਮਿਕਾ ਨਿਭਾ ਕੇ ਬਹੁਤ ਸ਼ੋਹਰਤ ਅਤੇ ਐਵਾਰਡ ਹਾਸਲ ਕੀਤੇ ਸਨ। ਹੁਣ ਪੂਰੇ ਦੋ ਸਾਲ ਬਾਅਦ ਉਹ ਘੱਟ ਕੀਮਤ 'ਤੇ ਸੈਨੇਟਰੀ ਨੈਪਕਿਨ ਉਪਲੱਬਧ ਕਰਵਾਉਣ ਵਾਲੇ ਅਰੂਣਾਚਲਮ ਮੁਰੂਗਨਾਥਨ ਉੱਤੇ ਬਣੀ ਫ਼ਿਲਮ 'ਪੈਡਮੈਨ' ਨੂੰ ਲੈ ਕੇ ਚਰਚਾ ਵਿੱਚ ਹੈ। ਪੇਸ਼ ਹੈ ਸੋਨਮ ਕਪੂਰ ਨਾਲ ਹੋਈ ਗੱਲਬਾਤ ਦੇ ਅੰਸ਼:

-ਫ਼ਿਲਮ 'ਨੀਰਜਾ' ਦੇ ਪ੍ਰਦਰਸ਼ਨ ਦੇ ਦੋ ਸਾਲ ਤੋਂ ਬਾਅਦ ਤੁਸੀਂ ਹੁਣ 'ਪੈਡਮੈਨ' ਵਿੱਚ ਨਜ਼ਰ ਆਓਗੇ। ਇੰਨਾ ਅੰਤਰ ਕਿਉਂ ?

-ਮੈਨੂੰ ਅਹਿਸਾਸ ਹੀ ਨਹੀਂ ਹੋਇਆ ਕਿ ਦੋ ਸਾਲ ਗੁਜ਼ਰ ਗਏ ਕਿਉਂਕਿ ਇਸ ਵਿੱਚ ਮੈਂ ਚਾਰ ਫ਼ਿਲਮਾਂ ਦੀ ਸ਼ੂਟਿੰਗ ਕੀਤੀ ਹੈ। ਹੁਣ ਇਹ ਚਾਰੋ ਫ਼ਿਲਮਾਂ ਇਕੱਠੇ ਇਸ ਸਾਲ ਰਿਲੀਜ਼ ਹੋਣ ਵਾਲੀਆਂ ਹਨ। ਮੇਰੀ ਕੋਸ਼ਿਸ਼ ਰਹਿੰਦੀ ਹੈ ਕਿ ਹਰ ਸਾਲ ਮੇਰੀ ਇੱਕ ਜਾਂ ਦੋ ਫ਼ਿਲਮਾਂ ਹੀ ਰਿਲੀਜ਼ ਹੋਣ। ਇਹ ਪਹਿਲਾ ਮੌਕਾ ਹੋਵੇਗਾ ਜਦੋਂ ਇੱਕ ਹੀ ਸਾਲ ਵਿੱਚ ਮੇਰੀਆਂ ਚਾਰ ਫ਼ਿਲਮਾਂ ਆਉਣਗੀਆਂ। ਇਹ ਕਿਵੇਂ ਹੋਇਆ, ਮੈਨੂੰ ਵੀ ਨਹੀਂ ਪਤਾ।

-ਕਲਾਕਾਰ ਦੇ ਤੌਰ ਉੱਤੇ ਜਦੋਂ ਚਾਰ ਫ਼ਿਲਮਾਂ ਇੱਕ ਹੀ ਸਾਲ ਵਿੱਚ ਆਉਂਦੀਆਂ ਹਨ ਤਾਂ ਉਸਦਾ ਕੀ ਅਸਰ ਹੁੰਦਾ ਹੈ ?

- ਬਹੁਤ ਅਸਰ ਪੈਂਦਾ ਹੈ। ਹਰ ਤਿੰਨ ਮਹੀਨੇ ਬਾਅਦ ਇੱਕ ਫ਼ਿਲਮ ਆਵੇਗੀ। 'ਪੈਡਮੈਨ' ਤਾਂ ਇਸ ਮਹੀਨੇ ਹੀ ਆ ਰਹੀ ਹੈ। ਇਸਤੋਂ ਬਾਅਦ 'ਵੀਰੇ ਦੀ ਵੈਡਿੰਗ' ਆਏਗੀ। ਫਿਰ ਸੰਜੈ ਦੱਤ ਦੀ ਬਾਇਓਪਿਕ 'ਦੱਤ' ਆਏਗੀ। ਫਿਰ 'ਜੋਆ ਸਾਥੀ' ਆਏਗੀ।

6 ✳✤✚⩍–'ਨੀਰਜਾ' ਵਿੱਚ ਮੁੱਖ ਭੂਮਿਕਾ ਨਿਭਾਉਣ ਦੇ ਬਾਅਦ 'ਪੈਡਮੈਨ' ਦੀ ਛੋਟੀ ਭੂਮਿਕਾ ਕਰਨ ਦੀ ਕੀ ਵਜ੍ਹਾ ਰਹੀ ?

- ਤੁਹਾਨੂੰ ਕੀ ਲੱਗਦਾ ਹੈ ? ਮੈਂ ਇਹ ਫ਼ਿਲਮ ਕਿਉਂ ਕੀਤੀ ਹੋਵੇਗੀ ? ਮੈਨੂੰ ਲੱਗਦਾ ਹੈ ਕਿ ਇਸ ਗੱਲ ਨੂੰ ਤੁਸੀਂ ਵੀ ਸਮਝਦੇ ਹੋ ਕਿ ਫ਼ਿਲਮ 'ਪੈਡਮੈਨ' ਦਾ ਵਿਸ਼ਾ ਬਹੁਤ ਮਹੱਤਵਪੂਰਨ ਹੈ। ਦੂਜੀ ਗੱਲ ਕਿਰਦਾਰ ਛੋਟਾ ਨਹੀਂ ਸਗੋਂ ਮਹੱਤਵਪੂਰਨ ਹੈ। ਇਸਦਾ ਵਿਸ਼ਾ ਹਰ ਨਾਰੀ ਅਤੇ ਨਾਰੀ ਉੱਨਤੀ ਨਾਲ ਜੁੜਿਆ ਹੋਇਆ ਹੈ। ਜਦੋਂ ਮੇਰੇ ਕੋਲ ਆਰ ਬਾਲਕੀ ਇਸ ਫ਼ਿਲਮ ਦੀ ਪੇਸ਼ਕਸ਼ ਲੈ ਕੇ ਆਏ ਅਤੇ ਉਨ੍ਹਾਂ ਨੇ ਦੱਸਿਆ ਕਿ ਇਹ ਫ਼ਿਲਮ ਅਕਸ਼ੈ ਕੁਮਾਰ ਕਰ ਰਹੇ ਹਨ ਤਾਂ ਮੈਨੂੰ ਥੋੜ੍ਹਾ ਜਿਹਾ ਅਜੀਬ ਲੱਗਿਆ। ਮੇਰੇ ਦਿਮਾਗ਼ ਵਿੱਚ ਸਵਾਲ ਆਇਆ ਕਿ ਇਸ ਫ਼ਿਲਮ ਵਿੱਚ ਅਕਸ਼ੈ ਕੁਮਾਰ ਹੋਣਗੇ ਤਾਂ ਇਹ ਫ਼ਿਲਮ ਉਸ ਤਰ੍ਹਾਂ ਦੀ ਜਾਗਰੂਕਤਾ ਕਿਵੇਂ ਪੈਦਾ ਕਰੇਗੀ, ਜਿਸਦੀ ਜ਼ਰੂਰਤ ਹੈ ? ਇੱਕ ਕਮਰਸ਼ਲ ਐਕਟਰ ਔਰਤਾਂ ਨਾਲ ਜੁੜੀ ਇੱਕ ਯਥਾਰਥਕ ਅਤੇ ਅਤਿ ਮਹੱਤਵਪੂਰਨ ਸਮੱਸਿਆ ਨੂੰ ਯਥਾਰਥਕ ਅੰਦਾਜ਼ ਵਿੱਚ ਪਰਦੇ ਉੱਤੇ ਕਿਵੇਂ ਲਿਆ ਸਕਣਗੇ ? ਫਿਰ ਮੈਂ ਤੈਅ ਕੀਤਾ ਕਿ ਔਰਤਾਂ ਦੀ ਸੈਨੇਟਰੀ ਨੈਪਕਿਨ ਦੀ ਸਮੱਸਿਆ ਵਾਲੀ ਇਸ ਫ਼ਿਲਮ ਦਾ ਮੈਨੂੰ ਹਰ ਹਾਲ ਵਿੱਚ ਹਿੱਸਾ ਬਣਨਾ ਹੈ। ਹੁਣ ਜਦੋਂ ਮੈਂ ਇਹ ਫ਼ਿਲਮ ਕੀਤੀ ਹੈ ਤਾਂ ਮੈਂ ਕਹਿ ਸਕਦੀ ਹਾਂ ਕਿ ਇਹ ਇੱਕ ਕਮਰਸ਼ਲ ਮਨੋਰੰਜਕ ਫ਼ਿਲਮ ਦੇ ਨਾਲ ਨਾਲ ਜਾਗਰੂਕਤਾ ਫੈਲਾਉਣ ਵਾਲੀ ਫ਼ਿਲਮ ਹੈ। ਇਸਦਾ ਮੁੱਦਾ ਬਹੁਤ ਮਹੱਤਵਪੂਰਨ ਹੈ।

-ਕੀ ਤੁਸੀਂ ਇਸ ਉੱਤੇ ਕੋਈ ਜਾਣਕਾਰੀ ਇਕੱਠੀ ਕੀਤੀ ਹੈ ?

- ਮੈਂ ਇਸ ਵਿਸ਼ੇ ਉੱਤੇ ਕਾਫ਼ੀ ਪੜ੍ਹਿਆ ਹੈ। ਸਾਡੇ ਦੇਸ਼ ਵਿੱਚ ਸਿਰਫ਼ 12 ਫ਼ੀਸਦੀ ਔਰਤਾਂ ਨੂੰ ਹੀ ਸੈਨੇਟਰੀ ਨੈਪਕਿਨ ਉਪਲੱਬਧ ਹੈ। ਸਾਡੇ ਦੇਸ਼ ਵਿੱਚ ਤਕਰੀਬਨ 84 ਫ਼ੀਸਦੀ ਔਰਤਾਂ ਮਾਸਿਕ ਧਰਮ ਦੇ ਦਿਨਾਂ ਵਿੱਚ ਰਾਖ, ਪੱਤੇ ਜਾਂ ਗੰਦੇ ਕੱਪੜਿਆਂ ਦੀ ਵਰਤੋਂ ਕਰਦੀਆਂ ਹਨ ਜਿਸਦੀ ਵਜ੍ਹਾ ਨਾਲ ਉਨ੍ਹਾਂ ਨੂੰ ਕਈ ਤਰ੍ਹਾਂ ਦੀਆਂ ਬਿਮਾਰੀਆਂ ਲੱਗ ਜਾਂਦੀਆਂ ਹਨ ਅਤੇ ਉਨ੍ਹਾਂ ਦੀ ਕੁਵੇਲੇ ਮੌਤ ਵੀ ਹੋ ਜਾਂਦੀ ਹੈ।

-ਫ਼ਿਲਮ 'ਪੈਡਮੈਨ' ਦੇ ਆਪਣੇ ਕਿਰਦਾਰ ਨੂੰ ਲੈ ਕੇ ਤੁਸੀਂ ਕੀ ਕਹੋਗੇ ?

- ਫ਼ਿਲਮ ਵਿੱਚ ਮੇਰੇ ਕਿਰਦਾਰ ਦਾ ਨਾਮ ਪਰੀ ਹੈ। ਹੁਣ ਤਕ ਅਸੀਂ ਸੁਣਦੇ ਆਏ ਹਾਂ ਕਿ ਹਰ ਸਫਲ ਮਰਦ ਦੇ ਪਿੱਛੇ ਇੱਕ ਔਰਤ ਹੁੰਦੀ ਹੈ, ਪਰ ਇਸ ਫ਼ਿਲਮ ਵਿੱਚ ਇੱਕ ਸਫਲ ਇਨਸਾਨ ਦੇ ਨਾਲ ਇੱਕ ਸਫਲ ਔਰਤ ਹੈ। ਅਸਲ ਵਿੱਚ ਇਸ ਫ਼ਿਲਮ ਵਿੱਚ ਮੇਰਾ ਕਿਰਦਾਰ ਉਨ੍ਹਾਂ ਦੇ ਬਿਜਨਸ ਭਾਗੀਦਾਰ ਦਾ ਹੈ ਜੋ ਉਸਨੂੰ ਬਹੁਤ ਚੰਗੀ ਤਰ੍ਹਾਂ ਨਾਲ ਸਮਝਦੀ ਹੈ ਕਿ ਕੀ ਕਰਨਾ ਹੈ ਅਤੇ ਕੀ ਨਹੀਂ ਕਰਨਾ ਹੈ। ਪਰੀ ਪਹਿਲੀ ਇਨਸਾਨ ਹੈ ਜੋ ਉਸਦੇ ਨਾਲ ਖੜ੍ਹੀ ਹੁੰਦੀ ਹੈ ਤੇ ਅੱਗੇ ਵਧਣ ਲਈ ਪ੍ਰੇਰਿਤ ਕਰਦੀ ਹੈ। ਮੇਰੇ ਹਿਸਾਬ ਨਾਲ ਪਰੀ ਦਾ ਕਿਰਦਾਰ ਬਹੁਤ ਹੀ ਵੱਖ ਤਰ੍ਹਾਂ ਦਾ ਅਤੇ ਅਤਿ ਮਹੱਤਵਪੂਰਨ ਕਿਰਦਾਰ ਹੈ। ਪਰੀ ਅੱਜ ਦੀ ਕੁੜੀ ਹੈ। ਮੈਂ ਹਮੇਸ਼ਾਂ ਇਸੇ ਤਰ੍ਹਾਂ ਦੇ ਕਿਰਦਾਰ ਨਿਭਾਏ ਹਨ। ਮੈਂ ਆਪਣੇ ਆਪ ਇਸੇ ਤਰ੍ਹਾਂ ਦੇ ਕਿਰਦਾਰ ਚੁਣਦੀ ਹਾਂ। ਮੇਰਾ ਮੰਨਣਾ ਹੈ ਕਿ ਜੇਕਰ ਤੁਸੀਂ ਕਲਾਕਾਰ ਹੋ, ਤੁਸੀਂ ਕਲਾ ਦੇ ਮਾਧਿਅਮ ਤੋਂ ਪੈਸੇ ਕਮਾ ਰਹੇ ਹੋ। ਕਲਾਕਾਰ ਹੋਣ ਦੇ ਨਾਤੇ ਕੁਝ ਲੋਕ ਤੁਹਾਨੂੰ ਪਸੰਦ ਕਰਦੇ ਹਨ ਤਾਂ ਤੁਹਾਡੇ ਲਈ ਜ਼ਰੂਰੀ ਹੁੰਦਾ ਹੈ ਕਿ ਤੁਸੀਂ ਉਨ੍ਹਾਂ ਕਿਰਦਾਰਾਂ ਨੂੰ ਨਿਭਾਓ ਜੋ ਆਮ ਲੋਕਾਂ ਦੀਆਂ ਗੱਲਾਂ ਕਰਨ ਅਤੇ ਆਮ ਲੋਕਾਂ ਨੂੰ ਪ੍ਰੇਰਿਤ ਕਰਨ।

-ਤੁਹਾਨੂੰ ਨਹੀਂ ਲੱਗਦਾ ਕਿ ਹਰ ਕਿਸੇ ਨੂੰ ਹੁਣ ਸੈਨੇਟਰੀ ਨੈਪਕਿਨ ਉੱਤੇ ਜੀਐੱਸਟੀ ਘਟਾਉਣ ਜਾਂ ਮੁਆਫ਼ ਕਰਨ ਦੀ ਗੱਲ ਸਰਕਾਰ ਨਾਲ ਕਰਨੀ ਚਾਹੀਦੀ ਹੈ ?

- ਮੈਨੂੰ ਲੱਗਦਾ ਹੈ ਕਿ ਫ਼ਿਲਮ ਦੇ ਨਿਰਮਾਤਾ ਇਸ ਬਾਰੇ ਕੁਝ ਸੋਚ ਰਹੇ ਹੋਣਗੇ। ਸਰਕਾਰ ਵੀ ਸਮਝਦੀ ਹੈ ਕਿ ਸੈਨੇਟਰੀ ਨੈਪਕਿਨ ਲਗਜ਼ਰੀ ਚੀਜ਼ ਨਹੀਂ ਹੈ। ਇਹ ਜ਼ਰੂਰਤ ਦੀ ਚੀਜ਼ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਲਗਜ਼ਰੀ ਚੀਜ਼ਾਂ ਉੱਤੇ ਟੈਕਸ ਜ਼ਿਆਦਾ ਲਗਾਏ ਅਤੇ ਸੈਨੇਟਰੀ ਨੈਪਕਿਨ ਤਾਂ ਹਰ ਕੁੜੀ ਅਤੇ ਔਰਤ ਨੂੰ ਮੁਫ਼ਤ ਵਿੱਚ ਮਿਲ ਸਕੇ, ਅਜਿਹੀ ਵਿਵਸਥਾ ਕਰੇ। ਘੱਟ ਤੋਂ ਘੱਟ ਪਿੰਡ ਵਿੱਚ ਤਾਂ ਇਹ ਮੁਫ਼ਤ ਵਿੱਚ ਦਿੱਤਾ ਹੀ ਜਾਣਾ ਚਾਹੀਦਾ ਹੈ। ਇਸ ਲਈ ਵੀ ਲੋਕਾਂ ਵਿੱਚ ਜਾਗਰੂਕਤਾ ਲਿਆਉਣ ਦੀ ਲੋੜ ਹੈ।

-ਫ਼ਿਲਮ 'ਨੀਰਜਾ' ਤੋਂ ਬਾਅਦ ਤੁਹਾਡੇ ਨਿੱਜੀ ਜੀਵਨ ਵਿੱਚ ਕੀ ਤਬਦੀਲੀ ਆਈ ?

- ਸੱਚ ਤਾਂ ਇਹ ਹੈ ਕਿ 'ਨੀਰਜਾ' ਹੀ ਨਹੀਂ ਹੁਣ ਤਕ ਮੈਂ ਜਿੰਨੇ ਵੀ ਕਿਰਦਾਰ ਨਿਭਾਏ ਹਨ, ਹਰ ਕਿਰਦਾਰ ਦੀ ਵਜ੍ਹਾ ਨਾਲ ਮੇਰੀ ਜ਼ਿੰਦਗੀ ਵਿੱਚ ਕੁਝ ਨਾ ਕੁਝ ਤਬਦੀਲੀ ਆਈ ਹੈ। ਹਰ ਕਿਰਦਾਰ ਨੂੰ ਨਿਭਾਉਂਦੇ ਹੋਏ ਮੈਂ ਕਾਫ਼ੀ ਕੁਝ ਸਿੱਖਿਆ ਹੈ। ਵੇਖੋ, 'ਨੀਰਜਾ' ਦੇ ਬਾਅਦ ਮੇਰੇ ਮਨ ਵਿੱਚ ਇਹ ਗੱਲ ਆਈ ਕਿ ਹਮੇਸ਼ਾਂ ਸੱਚ ਬੋਲਣਾ ਚਾਹੀਦਾ ਹੈ। ਸੱਚ ਬੋਲਣ ਤੋਂ ਨਹੀਂ ਡਰਨਾ ਚਾਹੀਦਾ ਹੈ ਅਤੇ ਕੁਝ ਨਾ ਕੁਝ ਨਵਾਂ ਕਰਦੇ ਰਹਿਣਾ ਚਾਹੀਦਾ ਹੈ। ਇਸ ਲਈ ਮੇਰੇ ਲਈ ਉਨ੍ਹਾਂ ਕਿਰਦਾਰਾਂ ਨੂੰ ਚੁਣਨਾ ਜ਼ਰੂਰੀ ਹੁੰਦਾ ਹੈ ਜੋ ਲੋਕਾਂ ਨੂੰ ਵੀ ਪ੍ਰੇਰਨਾ ਦੇਣ ਅਤੇ ਮੇਰੇ ਅੰਦਰ ਤਬਦੀਲੀ ਵੀ ਲਿਆਉਣ।

-ਤੁਸੀਂ ਕਿਹਾ ਕਿ 'ਨੀਰਜਾ' ਕਰਨ ਤੋਂ ਬਾਅਦ ਤੁਹਾਡੀ ਜ਼ਿੰਦਗੀ ਵਿੱਚ ਤਬਦੀਲੀ ਆਈ ਹੈ ਕਿ ਤੁਸੀਂ ਸੱਚ ਬੋਲੋਗੇ। ਕੀ ਤੁਸੀਂ ਆਪਣੇ ਵਿਆਹ ਦੇ ਮੁੱਦੇ ਉੱਤੇ ਸੱਚ ਦੱਸੋਗੇ ?

-ਤੁਸੀਂ ਮੈਨੂੰ ਮੇਰੇ ਕਰੀਅਰ ਦੀ ਸ਼ੁਰੂਆਤ ਤੋਂ ਜਾਣਦੇ ਹੋ। ਤੁਹਾਨੂੰ ਪਤਾ ਹੈ ਕਿ ਮੈਂ ਆਪਣੀ ਨਿੱਜੀ ਜ਼ਿੰਦਗੀ ਨੂੰ ਲੈ ਕੇ ਕਦੇ ਮੀਡੀਆ ਨਾਲ ਗੱਲ ਨਹੀਂ ਕਰਦੀ। ਮੈਂ ਆਪਣੀ ਨਿੱਜੀ ਜ਼ਿੰਦਗੀ ਅਤੇ ਕਰੀਅਰ ਦੋਨਾਂ ਨੂੰ ਵੱਖ ਰੱਖਣਾ ਪਸੰਦ ਕਰਦੀ ਹਾਂ। ਪਿਛਲੇ ਦਸ ਸਾਲ ਵਿੱਚ ਮੈਂ ਕਦੇ ਵੀ ਆਪਣੀ ਨਿੱਜੀ ਜ਼ਿੰਦਗੀ ਉੱਤੇ ਗੱਲ ਨਹੀਂ ਕੀਤੀ।

-ਗੋਲਡਨ ਗਲੋਬ ਐਵਾਰਡ ਦੇ ਵਕਤ ਤੁਸੀਂ ਟਵੀਟ ਕੀਤਾ ਸੀ ਕਿ ਬੌਲੀਵੁੱਡ ਨਾਲ ਜੁੜੀ ਹਰ ਔਰਤ ਨੂੰ ਇੱਕ ਦੂਜੇ ਨਾਲ ਖੜ੍ਹਾ ਹੋਣਾ ਚਾਹੀਦਾ ਹੈ ਜਿਸ ਉੱਤੇ ਕਈਆਂ ਨੇ ਅਜੀਬ ਪ੍ਰਤੀਕਿਰਿਆ ਦਿੱਤੀ ?

-ਤਾਂ ਕੀ ਹੋਇਆ. ਮੈਂ ਹਮੇਸ਼ਾਂ ਸੱਚ ਅਤੇ ਆਪਣੇ ਦਿਲ ਦੀ ਗੱਲ ਕਹਿੰਦੀ ਰਹਾਂਗੀ। ਮੈਂ ਬਿਨਾਂ ਸਵਾਰਥ ਦੇ ਗੱਲ ਕਰਦੀ ਹਾਂ। ਮੇਰੀ ਟੀਮ ਦੇ ਕਈ ਲੋਕ ਤਾਂ ਮੈਨੂੰ ਬੇਨਤੀ ਕਰਦੇ ਹਨ ਕਿ ਮੈਂ ਉਨ੍ਹਾਂ ਲਈ ਟਵੀਟ ਕਰ ਦੇਵਾਂ, ਪਰ ਮੈਂ ਮਨ੍ਹਾ ਕਰ ਦਿੰਦੀ ਹਾਂ। ਕਈ ਵਾਰ ਮੈਨੂੰ ਆਪਣੇ ਟਵੀਟ ਹਟਾਉਣ ਲਈ ਕਿਹਾ ਜਾਂਦਾ ਹੈ, ਮੈਂ ਮਨ੍ਹਾਂ ਕਰ ਦਿੰਦੀ ਹਾਂ। ਮੇਰੀ ਰਾਇ ਵਿੱਚ ਕਲਾਕਾਰ ਦੇ ਤੌਰ 'ਤੇ ਸਾਡੀ ਆਪਣੀ ਕੁਝ ਜ਼ਿੰਮੇਵਾਰੀ ਬਣਦੀ ਹੈ।

-ਤੁਸੀਂ ਚਾਰ ਸਾਲ ਤੋਂ ਫ਼ਿਲਮ 'ਬੈਟਲ ਆਫ ਬਿਟੋਰਾ' ਬਣਾ ਰਹੇ ਹੋ, ਉਸਦਾ ਕੀ ਹੋਇਆ ?

- ਚਿੰਤਾ ਨਾ ਕਰੋ। ਇਸ ਸਾਲ ਦਸੰਬਰ ਵਿੱਚ ਇਸਦੀ ਸ਼ੂਟਿੰਗ ਸ਼ੁਰੂ ਹੋ ਜਾਵੇਗੀ। ਮੈਂ ਅਨੂਜਾ ਚੌਹਾਨ ਦੀ ਹੀ ਕਹਾਣੀ 'ਦਿ ਜੋਆ ਫੈਕਟਰ' 'ਤੇ ਆਧਾਰਿਤ ਫ਼ਿਲਮ 'ਜੋਆ ਸਾਥੀ' ਦੀ ਸ਼ੂਟਿੰਗ ਕਰ ਰਹੀ ਹਾਂ। ਇਹ ਫ਼ਿਲਮ ਇਸ ਸਾਲ ਰਿਲੀਜ਼ ਹੋਵੇਗੀ। 'ਬੈਟਲ ਆਫ ਬਿਟੋਰਾ' ਦੀ ਲੇਖਕ ਵੀ ਅਨੂਜਾ ਚੌਹਾਨ ਹੈ। 'ਬੈਟਲ ਆਫ ਬਿਟੋਰਾ' ਵਿੱਚ ਪਹਿਲਾਂ ਫਵਾਦ ਖ਼ਾਨ ਸੀ, ਪਰ ਬਦਲੇ ਹੋਏ ਹਾਲਾਤ ਵਿੱਚ ਉਹ ਨਹੀਂ ਹੋਣਗੇ ਤਾਂ ਅਸੀਂ ਕਿਸੇ ਹੋਰ ਕਲਾਕਾਰ ਦੀ ਤਲਾਸ਼ ਕਰ ਰਹੇ ਹਾਂ। .

# ਕੈਟਰੀਨਾ ਕੈਫ਼ ਜਸ਼ਨ ਕਾਮਯਾਬੀ ਦੇ



'ਟਾਈਗਰ ਜ਼ਿੰਦਾ ਹੈ' ਦੇ ਚੱਲਣ ਨਾਲ ਕਾਮਯਾਬੀ ਦੀ ਸੜਕ 'ਤੇ ਦੌੜ ਰਹੀ ਕੈਟਰੀਨਾ ਕੈਫ ਫਿਰ 'ਠੱਗਜ਼ ਆਫ ਹਿੰਦੋਸਤਾਨ' ਨਾਲ ਪ੍ਰਸੰਸਾ ਹਾਸਲ ਕਰੂ, ਇਹ ਅੰਦਾਜ਼ੇ ਲੱਗਣੇ ਜਾਰੀ ਹਨ। ਇਸ 'ਠੱਗਜ਼ ਆਫ ਹਿੰਦੋਸਤਾਨ' 'ਚ ਕੈਟੀ ਡਾਂਸਰ ਬਣੀ ਹੈ। ਕੈਟੀ ਨੇ ਪਿਛਲੇ ਦਿਨੀਂ ਅਲੀ ਅੱਬਾਸ ਜ਼ਫ਼ਰ ਜੋ 'ਟਾਈਗਰ ਜ਼ਿੰਦਾ ਹੈ' ਦੇ ਡਾਇਰੈਕਟਰ ਹਨ, ਦਾ ਜਨਮ ਦਿਨ ਸੀ ਤੇ ਪੈਰਾਂ ਨੂੰ ਮਹਿੰਦੀ ਨਾਲ ਸਜਾਈ ਆਪਣੀ ਦੀਦੀ ਈਸਾਬੇਲਾ ਨਾਲ ਉਹ ਪਾਰਟੀ 'ਚ ਆਈ ਸੀ। ਕੈਟੀ ਨੇ ਇਸ ਪਾਰਟੀ 'ਚ ਖ਼ੂਬ ਨਾਚ ਨੱਚਿਆ। ਗੱਲ ਉਸ ਦੀ ਫ਼ਿਲਮ 'ਠੱਗਜ਼ ਆਫ ਹਿੰਦੋਸਤਾਨ' ਦੀ ਤਾਂ ਸਲਮਾਨ ਖਾਨ ਦੇ ਭਾਣਜੇ ਆਹਿਲ ਨਾਲ ਟੋਆਏ ਟਰੇਨ 'ਚ ਮਸਤੀ ਕਰਨ ਵਾਲੀ ਕੈਟੀ ਦਾ ਕਿਰਦਾਰ ਇਸ ਵਿਚ ਨਿੱਕਾ ਹੀ ਹੈ। ਹਾਂ, ਸਨਾ ਸ਼ੇਖ ਦਾ ਕਿਰਦਾਰ ਉਸ ਤੋਂ ਵੱਡਾ ਹੈ, ਜੋ ਕੈਟਰੀਨਾ ਦੀ ਹਮਸ਼ਕਲ ਕਹੀ ਜਾਂਦੀ ਹੈ। 'ਟਾਈਗਰ ਜ਼ਿੰਦਾ ਹੈ' ਨਾਲ ਫਿਰ ਕੈਰੀਅਰ ਜ਼ਿੰਦਾ ਕਰ ਚੁੱਕੀ ਕੈਟੀ ਦੀ ਸ਼ਾਹਰੁਖ ਨਾਲ ਫ਼ਿਲਮ 'ਜ਼ੀਰੋ' ਵੀ ਬਣ ਰਹੀ ਹੈ। ਇਸ ਦੀ ਪਹਿਲੀ ਝਲਕ ਨੂੰ ਚੰਗਾ ਹੁੰਗਾਰਾ ਮਿਲਿਆ ਹੈ।

# ਅੱਖਾਂ ਜਦੋਂ ਮੀਟੀਆਂ ਜ਼ਮਾਨਾ ਮੈਨੂੰ ਰੋਏਗਾ....



ਪੰਜਾਬੀ ਗਾਇਕੀ ਦੀ ਪੁਰਸੋਜ਼ ਆਵਾਜ਼ ਦੇ ਧਨੀ ਫਕੀਰਾਨਾ ਸੁਭਾਅ ਦੇ ਮਾਲਕ ਵਧੀਆ ਗਾਇਕ ਤੇ ਕਲਾਕਾਰ ਹੋਣ ਦੇ ਨਾਲ-ਨਾਲ ਵਧੀਆ ਇਨਸਾਨ ਅਤੇ ਵਧੀਆ ਦੋਸਤ ਸਾਬਰ ਕੋਟੀ ਅੱਜ ਸਾਡੇ ਵਿਚਕਾਰ ਨਹੀਂ ਰਹੇ। ਸੁੱਚਾ ਸਿੰਘ ਸਾਬਰ ਕੋਟੀ ਹੁਰਾਂ ਪਿੰਡ ਕੋਟ ਕਰਾਰ ਖਾਂ (ਕਪੂਰਥਲਾ) ਵਿਖੇ 26 ਜਨਵਰੀ 1966 ਨੂੰ ਸੰਗੀਤਕ ਫਿਜ਼ਾ ਵਿਚ ਜਨਮ ਲਿਆ। ਉਨ੍ਹਾਂ ਨੇ ਮਹਿਜ਼ ਚਾਰ ਸਾਲ ਦੀ ਉਮਰ ਵਿਚ ਲੋਹੇ ਦੇ ਡੱਬਿਆਂ 'ਤੇ ਤਬਲਾ ਵਜਾਉਣਾ ਸ਼ੁਰੂ ਕਰ ਦਿੱਤਾ ਸੀ। ਸੰਗੀਤ ਉਨ੍ਹਾਂ ਨੂੰ ਘਰੋਂ ਵਿਰਾਸਤ ਵਿਚ ਮਿਲ ਗਿਆ ਸੀ, ਕਿਉਂਕਿ ਉਨ੍ਹਾਂ ਦੇ ਪਿਤਾ ਅਤੇ ਵੱਡੇ ਭਾਈ ਹਰਬੰਸ ਲਾਲ ਕੱਵਾਲੀ ਗਰੁੱਪਾਂ ਵਿਚ ਤਬਲਾ ਵਾਦਕ ਸਨ। ਛੋਟੀ ਉਮਰੇ ਹੀ ਉਨ੍ਹਾਂ ਹਾਰਮੋਨੀਅਮ ਦੀ ਸਿੱਖਿਆ ਗ੍ਰਹਿਣ ਕਰਨੀ ਆਪਣੇ ਮੁਢਲੇ ਉਸਤਾਦ ਬਾਪੂ ਬਖ਼ਸ਼ੀ ਰਾਮ ਤੋਂ ਸ਼ੁਰੂ ਕਰ ਦਿੱਤੀ ਸੀ ਅਤੇ ਫਿਰ ਉਸਤਾਦ ਗੀਤਕਾਰ ਜਨਾਬ ਨਿਰਧਨ ਕਰਤਾਰਪੁਰੀ ਹੁਰਾਂ ਤੋਂ ਤੁਲੱਫ਼ਜ਼ ਅਤੇ ਸ਼ਾਇਰੀ ਸਬੰਧੀ ਪਿੰਗਲ ਅਰੂਜ਼ ਸਬੰਧੀ ਜਾਣਕਾਰੀ ਹਾਸਲ ਕੀਤੀ। ਗਾਇਕੀ ਦਾ ਫ਼ਨ ਮਾਸਟਰ ਪ੍ਰੇਮੀ ਰਾਮ, ਪੂਰਨਸ਼ਾਹ ਕੋਟੀ ਤੋਂ ਗ੍ਰਹਿਣ ਕੀਤਾ। ਇਸ 19 ਸਾਲਾਂ ਦੇ ਸਫ਼ਰ ਤੋਂ ਬਾਅਦ ਉਨ੍ਹਾਂ ਸੰਗੀਤ ਤੇ ਗਾਇਕੀ ਦੀ ਦੁਨੀਆ ਵਿਚ ਆਪਣਾ ਪਹਿਲਾ ਕਦਮ ਰੱਖਿਆ। ਸਟੇਜ ਤੋਂ ਉਨ੍ਹਾਂ ਨੇ ਪਹਿਲਾ ਗੀਤ 'ਲਾਲ ਮੇਰੀ ਪੱਤ ਰੱਖਿਓ' ਗਾਇਆ। ਆਪਣੇ ਇਕ ਇੰਟਵਿਊ ਵਿਚ ਉਨ੍ਹਾਂ ਤਜਿੰਦਰ ਮਨਚੰਦਾ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਕਿਹਾ ਕਿ ਜ਼ਿੰਦਗੀ ਵਿਚ ਸਭ ਤੋਂ ਖ਼ੁਸ਼ੀ ਦਾ ਉਨ੍ਹਾਂ ਲਈ ਇਹੀ ਪਲ ਸੀ ਅਤੇ ਫਿਰ ਉਨ੍ਹਾਂ ਦੇ ਗੀਤਾਂ ਦੀਆਂ ਕੈਸਟਾਂ ਲਗਾਤਾਰ ਹੇਠ ਉੱਤੇ ਆਉਣੀਆਂ ਸ਼ੁਰੂ ਹੋਈਆਂ ਜੋ ਬਹੁਤ ਹੀ ਮਕਬੂਲ ਹੋਈਆਂ। ਇਨ੍ਹਾਂ ਵਿਚ ਚੰਨਾ ਤੇਰੇ ਤਾਰੇ, ਸੋਨੇ ਦਿਆ ਵੇ ਕੰਗਣਾ, ਸ਼ੌਕ ਅਮੀਰਾਂ ਦੇ, ਹੰਝੂ, ਤਨਹਾਈਆਂ, ਗਮ ਨਹੀਂ ਮੁੱਕਦੇ, ਦੁੱਖ ਦੇਣ ਦੀ, ਗੁਲਾਬੋ, ਮੰਗੀ ਗਈ ਮੁਹਾਲੀ, ਨਿਸ਼ਾਨੀਆਂ, ਮੁੰਦਰਾਂ ਵਾਲਾ ਜੋਗੀ, ਪਿਆਰ ਦੀ ਡਿਗਰੀ, ਕੇਸਰੀ ਪੱਗ ਵਾਲਿਆ ਅਤੇ ਹੋਰ ਵੀ ਬਹੁਤ ਕੈਸਟਾਂ ਤੋਂ ਇਲਾਵਾ ਸੂਫੀਆਨਾ ਅਤੇ ਲੋਕ ਗਾਇਕੀ ਦੇ ਇਸ ਕਲਾਕਾਰ ਨੇ ਪੰਜਾਬੀ ਫ਼ਿਲਮਾਂ ਵਿਚ ਵੀ ਆਪਣੀ ਗਾਇਕੀ ਦਾ ਲੋਹਾ ਮਨਵਾਇਆ। ਘੜਾ ਵੱਜਦਾ ਘੜੋਲੀ ਵੱਜਦੀ (ਪ੍ਰਮਿੰਦਰ ਸੰਧੂ ਅਤੇ ਸਰਬਜੀਤ ਨਾਲ) ਕੁਝ ਰੁੱਖ ਮੈਨੂੰ ਪੁੱਤ ਲਗਦੇ, ਇਸ਼ਕ ਨਚਾਵੇ ਗਲੀ ਗਲੀ, ਨਹਿਰ ਵਾਲੇ ਪੁਲ 'ਤੇ (ਸਰਦੂਲ ਸਿਕੰਦਰ, ਭੋਟੂ ਸ਼ਾਹ, ਫਿਰੋਜ਼ ਖਾਨ, ਸ਼ੌਕਤ ਅਲੀ ਨਾਲ) ਪਿੰਡ ਦੀ ਕੁੜੀ, ਜਾਨ ਜਾਨ ਮਜਾਜਣ ਆਦਿ ਗੀਤਾਂ ਤੋਂ ਇਲਾਵਾ ਇਕ ਗ਼ਜ਼ਲਾਂ ਦੀ ਸੀਡੀ ਵੀ ਤਿਆਰ ਕੀਤੀ ਹੋਈ ਸੀ, ਜਿਸ ਵਿਚ ਪਦਮ ਸ੍ਰੀ ਡਾ: ਸੁਰਜੀਤ ਪਾਤਰ, ਉਲਫ਼ਤ ਬਾਜਵਾ, ਹਰਜਿੰਦਰ ਕੰਗ, ਇਨ੍ਹਾਂ ਸਤਰਾਂ ਦੇ ਲੇਖਕ (ਰਾਜਿੰਦਰ ਪਰਦੇਸੀ) ਅਤੇ ਗੁਰਦਿਆਲ ਰੌਸ਼ਨ ਦੀਆਂ ਗ਼ਜ਼ਲਾਂ ਸ਼ਾਮਿਲ ਹਨ। ਹਰਜਿੰਦਰ ਕੰਗ ਹੁਰਾਂ ਦੀ ਗ਼ਜ਼ਲ ਅੱਖਾਂ ਜਦੋਂ ਮੀਟੀਆਂ ਜ਼ਮਾਨਾ ਮੈਨੂੰ ਰੋਏਗਾ-ਰਾਜਿੰਦਰ ਪਰਦੇਸੀ ਦੀ ਗ਼ਜ਼ਲ 'ਕਿੰਨਾ ਹੁਸੀਨ ਮੌਸਮ ਕਿੰਨਾ ਉਦਾਸ ਹਾਂ ਮੈਂ'-ਉਹ ਅਕਸਰ ਸਟੇਜਾਂ 'ਤੇ ਗਾਉਂਦੇ ਰਹਿੰਦੇ ਸਨ। ਗ਼ੈਰ-ਫ਼ਿਲਮੀ ਗੀਤਾਂ ਵਿਚ ਉਨ੍ਹਾਂ ਦੇ ਚਰਚਿਤ ਉਹ ਮੌਸਮ ਵਾਂਗੂ ਬਦਲ ਗਏ ਅਸੀਂ ਰੁੱਖਾਂ ਵਾਂਗੂ ਖੜ੍ਹੇ ਰਹੇ, 'ਅਸੀਂ ਧੁਰ ਅੰਦਰ ਤੱਕ ਲੀਰਾਂ ਹੋਏ ਬੈਠੇ ਹਾਂ, ਤਾਰਾ ਅੰਬਰਾਂ 'ਤੇ ਕੋਈ-ਕੋਈ ਏ,' ਹੰਝੂਆਂ ਵਿਚ, ਸਾਉਣ ਦਾ ਮਹੀਨਾ ਹੋਵੇ, ਜੀਹਦੇ ਵਿਚ ਤੇਰੀ ਯਾਦ ਪਈ ਦਿਲ ਕੱਢ ਕੇ ਸੁੱਟਣਾ ਬਾਕੀ ਏ, ਦੂਰ ਜਾਣ ਵਾਲਿਆ ਵੇ ਤੈਨੂੰ ਟੋਲਦੇ ਰਵ੍ਹਾਂਗੇ, ਸ਼ੌਕ ਅਮੀਰਾਂ ਦਾ, ਫਿਰ ਪੁੱਛਾਂਗੇ ਕਿੰਜ ਬੀਤੀ, ਤੂੰ ਆਪਣਾ ਹਾਲ ਸੁਣਾ, ਸਾਡੀਆਂ ਨਿਸ਼ਾਨੀਆਂ, ਸੋਨੇ ਦਿਆ ਵੇ ਕੰਗਣਾ, ਸੱਜਣਾਂ ਦੇ ਵਿਹੜੇ ਵਿਚ, ਕਿੱਕਰੇ, ਕੀਮਤ, ਆਸ਼ਕਾਂ ਦੀ ਜ਼ਿੰਦਗੀ 'ਚ ਦੁੱਖ ਨਹੀਓਂ ਮੁੱਕਦਾ, ਜੇ ਲਾਈ ਏ ਤਾਂ ਸਾਡੇ ਨਾਲ ਲਾਈ ਰੱਖੀਂ ਸੋਹਣਿਆਂ ਅਜਿਹੇ ਗੀਤ ਹਨ, ਜੋ ਪੰਜਾਬੀ ਪਿਆਰਿਆਂ ਦੇ ਦਿਲਾਂ ਵਿਚ ਹਮੇਸ਼ਾ-ਹਮੇਸ਼ਾ ਲਈ ਧੜਕਦੇ ਰਹਿਣਗੇ। ਸੁੱਚਾ ਸਿੰਘ ਸਾਬਰ ਕੋਟੀ ਅੰਤ 25 ਜਨਵਰੀ ਨੂੰ ਸ਼ਾਮ 5 ਵੱਜ ਕੇ ਪੰਜ ਮਿੰਟ 'ਤੇ ਸਾਨੂੰ ਵਿਛੋੜਾ ਦੇ ਗਏ।

*-ਰਾਜਿੰਦਰ ਪ੍ਰਦੇਸੀ*




*We Serve Imported Beer*

# PUNJAB

## INDIAN SWEETS & RESTAURANT

**WE ARE PROUD TO OPEN OUR NEW BRANCH AT ST. MARY'S.**

**RESTAURANT & FUNCTION CENTRE**

**EXOTIC MENU, DINING CAPACITY UPTO 300 PPL**
**MODERN BAR WITH VARIETIES OF DRINKS.**
**A FACILITY OF PARTIES, CONFERENCES, SEMINARS, BUSINESS WORKSHOPS & PRODUCT LAUNCHING.**




**P: 02 8809 4455**
27 Mount Druitt Road,
Mount Druitt, NSW 2770

Mon to Fri 12:00 noon to 10:00pm
Sat - Sun10:00am to 10:00pm

**P: 02 8664 0248**
1/95, Queen St,
St Marys, NSW 2760

Open 7 Days
4:00pm to 10:00pm

Fully Licensed

حلال HALAL

**WE DO OUTDOOR CATERING FOR ALL OCCASIONS**

**M: 0411093970 M: 0434289151**



(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

# ਅਣਕਿਆਸੀ ਪੀੜਾ

ਮਾਸਟਰ ਅਜੀਤ ਸਿੰਘ
(ਅਸਟ੍ਰੇਲੀਆ)
0450088201



ਦੁਪਹਿਰ ਦੇ ਦੋ ਵੱਜ ਚੁੱਕੇ ਸਨ,ਰਾਜ ਪੁੱਤਰ ਰੋਟੀ ਮੇਜ਼ ਉੱਪਰ ਲੱਗ ਗਈ ਹੈ,ਮਾਤਾ ਜੀ ਦੀ ਅਵਾਜ ਆਈ,ਆਏ ਮਾਤਾ ਜੀ,ਦੋਨੋ ਰੋਟੀ ਵਾਲੇ ਮੇਜ਼ ਤੇ ਸਜ ਗਈਆ,ਮਾਤਾ ਜੀ ਤੁਸੀ ਵੀ ਆ ਜੋ,ਹਾਂ ਤੇ ਪਿਤਾ ਜੀ ਅਜੇ ਤੱਕ ਨਹੀਂ ਆਏ,ਬੇਟਾ ਉੱਨਾਂ ਦਾ ਫ਼ੋਨ ਆਇਆ ਸੀ,ਬਈ ਮੈਂ ਸ਼ਾਮ ਨੂੰ ਆਵਾ ਗਾ,ਰਾਜ ਨੇ ਜਾਨਣਾ ਚਾਹਿਆਂ।ਰੋਟੀ ਖਾਣ ਤੋਂ ਬਾਅਦ ਰਾਜ ਅਪਣੀ ਮਾਤਾ ਨਾਲ ਭਾਂਡੇ ਰਸੋਈ ਵਿੱਚ ਰੱਖਣ ਆਈ ਤਾਂ ਚਾਹ ਤਿਆਰ ਦੇਖ ਕੇ ਰਾਜ ਬੋਲੀ ,ਵਾਹ ਮਾਤਾ ਇਹ ਮੌਜਾ ਕਿਤੇ ਨੀ ਮਿਲਦੀਆਂ ,ਰਾਜ ਮਾਤਾ ਨੂੰ ਚਿੰਬੜ ਗਈ,ਮਾਤਾ ਨੇ ਕਲਾਵੇ ਵਿੱਚ ਲੈ ਕੇ ਪਿਆਰ ਕੀਤਾ ਤੇ ਦੋਵੇਂ ਮਾਂਵਾਂ ,ਧੀਆਂ ਚਾਹ ਲੈ ਕੇ ਆ ਗਈਆ,ਕਮਾਲ ਆ ਚਾਹ ਵੀ ਆ ਗਈ,ਨਵਨੀਤ ਬੋਲੀ,ਮਾਤਾ ਨੇ ਚਾਹ ਮੱਠੀ ਅੱਗ ਤੇ ਰੱਖੀ ਹੋਈ ਸੀ,ਜਦੋਂ ਅਸੀਂ ਗਈਆਂ,ਉਬਾਲਾ ਆਇਆ ,ਚਾਹ ਕੱਪਾਂ ਵਿੱਚ ਪਾਈ ਤੇ ਲੈ ਆਦੀ।ਨਵਨੀਤ ਨੇ ਚਾਹ ਪੀਣ ਤੋਂ ਬਾਅਦ ਦੋਨਾ ਮਾਂਵਾਂ ਧੀਆ ਤੋਂ ਜਾਣ ਦੀ ਆਗਿਆ ਲਈ ਤੇ ਬਚਿਆਂ ਨੂੰ ਬਣਦਾ ਪਿਆਰ ਦੇ ਕੇ ਵਾਪਸ ਤੁਰ ਪਈ। ਰਾਜ ਤੇ ਨਵਨੀਤ ਦੀ ਫ਼ੋਨ ਤੇ ਅਕਸਰ ਗੱਲ ਹੁੰਦੀ ਰਹਿੰਦੀ,ਜਦੋਂ ਵੀ ਗੱਲ ਹੋਣੀ ਨਵਨੀਤ ਨੇ ਪਹਿਲਾ ਇਹੀ ਪੁੱਛਣਾ ਕਿ ਸੀਤਲ ਦਾ ਫ਼ੋਨ ਆਇਆ ,ਜਦ ਰਾਜ ਨੇ ਅੱਗੋਂ ਨਾਹ ਵਿੱਚ ਉਤਰ ਦੇਣਾ ਤਾਂ ਨਵਨੀਤ ਨੇ ਕਹਿਣਾ ਅੜਿਆ ਸੀਤਲ ਤੈਨੂੰ ਕੀ ਹੋ ਗਿਆ,ਜਿਸ ਪਰਵਾਰ ਵਿੱਚ ਕੁਦਰਤ ਵੱਲੋਂ ਅਣਗਿਣਤ ਬਖ਼ਸ਼ਸ਼ਾਂ ਦੇ ਭੰਡਾਰਾ ਦੀਆ ਰਹਿਮਤਾ ਦਾ ਖ਼ਜ਼ਾਨਾ ਦਾਨ ਕੀਤਾ ਹੋਵੇ ਤੂੰ ਫਿਰ ਵੀ ਦੂਰ ਦੂਰ ਰਹਿਨਾਂ ।ਨਵਨੀਤ ਪੰਜ ਮਹੀਨੇ ਹੋਣ ਨੂੰ ਆਏ ਨੇ,ਨਿਰਮੋਹੀ ਨੇ ਇਕ ਵਾਰ ਵੀ ਫ਼ੋਨ ਤੇ ਬੋਲਾ ਦੀ ਸਾਂਝ ਨਹੀਂ ਪਾਈ,ਅੱਜ ਮੈਂ ਸਭ ਕੁਝ ਹੁੰਦਿਆਂ ਹੋਇਆਂ ਵੀ ਆਪਣੇ ਆਪ ਨੂੰ ਅਧੂਰੀ ਸਮਝਦੀ ਹਾਂ,ਬਚਿਆਂ ਦਾ ਵੀ ਮੋਹ ਨਹੀਂ ਜਾਗਿਆ,ਹੁਣ ਤਾਂ ਮੈਨੂੰ ਵੀ ਤੇਰੀ ਕਹੀ ਗੱਲ ਸੱਚੀ ਹੁੰਦੀ ਜਾਪਦੀ ਹੈ,ਬਿਰਹਾ ਦੀ ਤੜਪ ਤਾਂ ਚੈਨ ਨਹੀ ਪੈਣ ਦਿੰਦੀ,ਮੇਰੀ ਇਹੀ ਇਕ ਆਖਰੀ ਆਸ ਸੀ,ਉਹ ਵੀ ਜਾਂਦੀ ਰਹੀ।ਹੁਣ ਮੈਂ ਫ਼ਿਨਲੈਂਡ ਜਾ ਕੇ ਤੇਰੀ ਕਹੀ ਹੋਈ ਗੱਲ ਦੀ ਪੂਰੀ ਘੋਖ ਪੜਤਾਲ ਕਰਾ ਗਾ,ਨਿਮਾਣੀ ਬਣ ਕੇ ਅੰਤਾ ਦਾ ਸੰਤਾਪ ਭੋਗਿਆ ਹੈ,ਹੁਣ ਮੈਂ ਆਪਣੇ ਜੀਊਣ ਦੇ ਅਧਿਕਾਰ ਦੀ ਲੜਾਈ ਲੜਾ ਗੀ।ਸੋ ਨਵਨੀਤ ਤੂੰ ਹੁਣ ਮੇਰੀ ਚਿੰਤਾ ਛੱਡ ਤੇ ਇਹ ਦਸ ਤੈਨੂੰ ਡਾਕਟਰ ਨੇ ਕੀ ਦਸਿੱਆਹੈ,ਰਾਜ ਡਾਕਟਰ ਨੇ ਇੱਕ ਤੋਂ ਪੰਦਰਾਂ ਮਾਰਚ ਦੇ ਵਿੱਚ ਵਿੱਚ ਸਹਿਜ ਹਾਲਤ ਨਾਲ ਜਣੇਪਾ ਹੋਣ ਦੀ ਖ਼ੁਸ਼ਖ਼ਬਰੀ ਦੀ ਗੱਲ ਆਖੀ ਹੈ,ਫਿਰ ਮੈਂ ਟਿਕਟ ਦੇ ਦਿਨ ਨਾਂ ਵਧਾਵਾਂ ਮੈਂ ਦਸ ਕੁ ਦਿਨ ਬਾਅਦ ਦੋਨਾ ਮਾਂ ,ਪੁੱਤਰ ਨੂੰ ਮਿਲ ਜਾਵਾ ਗੀ,ਮੇਰੀ ਵਾਪਸੀ ਤੀਹ ਮਾਰਚ ਦੀ ਹੈ,ਉਜ ਜਿਸ ਤਰਾਂ ਤੂੰ ਕਹੇ ਮੈਂ ਉੰਜ ਹੀ ਕਰਾ ਗੀ।ਰਾਜ ਜਿਵੇਂ ਤੂੰ ਆਖਿਆ ਏ ਇਵੇਂ ਠੀਕ ਏ,ਦੀਪ ਦੀ ਪੜਾਈ ਦਾ ਅੱਗੇ ਪਹਿਲਾ ਬੜਾ ਨੁਕਸਾਨ ਹੋ ਗਿਆ ਹੈ,ਭੈਣ ਮੇਰੀਏ ਸੁਖ ਦਾ ਵੇਲਾਂ ਆਵੇ,ਦੋਨਾ ਸਹੇਲੀਆਂ ਨੇ ਆਪਣੇ ਧੁਰ ਅੰਦਰੋਂ ਬੋਲਾ ਦੀ ਸਾਂਝ ਪਾਈ।

ਨਵਨੀਤ ਦੇ ਨੌਂ ਮਾਰਚ 2013 ਨੂੰ ਪੁੱਤਰ ਨੇ ਜਨਮ ਲਿਆ,ਜੋਬਨ ਨੇ ਰਾਜ ਨੂੰ ਫ਼ੋਨ ਕਰ ਕੇ ਵਧਾਈਆਂ ਸਾਂਝੀਆਂ ਕੀਤੀਆਂ,ਰਾਜ ਨੂੰ ਖ਼ੁਸ਼ੀ ਨੇ ਬਾਵਰਾ ਕਰ ਦਿੱਤਾ,ਇਨਾ ਦੋਨਾ ਸਹੇਲੀਆਂ ਦਾ ਇਕ ਦੂਜੀ ਨਾਲ ਅੰਤਾ ਦਾ ਪਿਆਰ ਸੀ,ਹਾਂ ਜੀ ਜੋਬਨ ਤੁਸੀਂ ਇਹ ਦੱਸੋ ਮੈਂ ਕੱਦ ਦੋਹਾ ਮਾਂ,ਪੁੱਤ ਦੇ ਦਰਸ਼ਨ ਕਰਨ ਆਵਾ,ਰਾਜ ਤੁਸੀਂ ਪੰਦਰਾਂ ਮਾਰਚ ਨੂੰ ਰੁਦਰਪਰ ਹਸਪਤਾਲ ਹੀ ਆ ਜਾਵੋ,ਠੀਕ ਹੈ ਭਾ ਜੀ।ਰਾਜ ਤੇ ਜਸਵੀਰ ਸਿੰਘ(ਪਿਤਾ)ਦੋਨੋ ਪੰਦਰਾਂ ਮਾਰਚ ਨੂੰ ਰੁਦਰਪਰ ਹਸਪਤਾਲ ਨਵਨੀਤ ਤੇ ਕਾਕੇ ਨੂੰ ਮਿਲਨ ਪੁੱਜ ਗਏ,ਨਵਨੀਤ ,ਰਾਜ ਨੂੰ ਦੇਖ ਕੇ ਖ਼ੁਸ਼ੀ ਵਿੱਚ ਭਾਵਕ ਹੋ ਗਈ,ਜਸਵੀਰ ਸਿੰਘ ਤੇ ਜੋਬਨ ਬਾਹਰ ਬੈਠ ਕੇ ਚਾਹ ਪੀਣ ਲੱਗ ਪਏ ਤੇ ਰਾਜ ਲਈ ਚਾਹ ਦਾ ਕੱਪ ਅੰਦਰ ਭੇਜ ਦਿੱਤਾ।ਵੀਹ ਕੁ ਮਿੰਟ ਤੋਂ ਵੱਧ ਡਾਕਟਰ ਸਮਾਂ ਨਹੀਂ ਦਿੰਦੇ,ਦੋਨਾ ਆਪਣੇ ਦਿਲਾਂ ਦੀਆ ਖ਼ੁਸ਼ੀਆਂ ਸਾਂਝੀਆਂ ਕੀਤੀਆਂ ਤੇ ਵਾਪਸੀ ਲਈ ਆਗਿਆ ਲਈ ਤੇ ਗੱਡੀ ਘਰ ਵੱਲ ਨੂੰ ਮੋੜ ਲਈ।ਪਿਤਾ ਜੀ ਮੈਂ ਤੁਹਾਨੂੰ ਇਕ ਬੇਨਤੀ ਕਰਨ ਲੱਗੀ ਹਾਂ,ਜੋਬਨ ਹੁਰੀ ਕਾਕੇ ਦੀ ਪਾਰਟੀ ਤੇ ਤੁਹਾਨੂੰ ਜ਼ਰੂਰ ਸੱਦਣ ਗੇ ਤੇ ਤੁਸੀਂ ਹਰ ਹਾਲਤ ਜਾਣਾ ਹੈ,ਇਹ ਨਵਨੀਤ ਤੇ ਜੋਬਨ ਹੀ ਹਨ ਜੋ ਮੈਨੂੰ ਹਰ ਸਮੇਂ ਚੰਗੀ ਰਾਏ ਦੇ ਕੇ ਮੇਰੇ ਮਨੋਬਲ ਨੂੰ ਕਮਜ਼ੋਰ ਨਹੀਂ ਪੈਣ ਦਿੰਦੇ,ਠੀਕ ਹੈ ਬੇਟਾ ਜੀ ਅਸੀਂ ਜ਼ਰੂਰ ਜਾਵਾ ਗੇ।

ਰਾਜ ਨੇ ਅਪਣੀ ਵਾਪਸੀ ਦੀ ਤਿਆਰੀ ਸ਼ੁਰੂ ਕਰ ਦਿੱਤੀ,ਗਿਣਤੀ ਦੇ ਦਿਨ ਮੁੱਕਦਿਆਂ ਪਤਾ ਹੀ ਨਾਂ ਲੱਗਾ ਤੇ ਤੀਹ ਮਾਰਚ ਦਾ ਦਿਨ ਆ ਗਿਆ,ਸਾਰੇ ਪਰਵਾਰ ਨੇ ਰਾਜ ਨੂੰ ਪਿਆਰ ਭਰੀ ਵਿਦਾਇਗੀ ਸੰਗ ਢੇਰ ਸਾਰੀਆਂ ਸੁਭ ਇਸ਼ਾਵਾ ਦੇ ਕੇ ਘਰੋਂ ਤੋਰਿਆ।ਸ਼ਾਮ ਨੂੰ ਰਾਜ ਫ਼ਿਨਲੈਂਡ ਦੇ ਅੱਠ ਕੁ ਵਜੇ ਰਾਜ਼ੀ ਖ਼ੁਸ਼ੀ ਘਰ ਪੁੱਜ ਗਈ,ਘਰ ਪੁੱਜ ਕੇ ਜੋ ਕੁਝ ਰਸੋਈ ਵਿੱਚ ਲਭਾ ਤਿਆਰ ਕਰ ਕੇ ਬਚਿਆਂ ਨੂੰ ਖਵਾਇਆ ਤੇ ਆਪ ਖਾਧਾ,ਸਫ਼ਰ ਦੀ ਥਕਾਵਟ ਕਾਰਨ ਬਿਸਤਰ ਉੱਪਰ ਪੈਂਦਿਆਂ ਹੀ ਨੀਂਦਰ ਨੇ ਘੇਰ ਲਿਆ।ਸੀਤਲ ਨੂੰ ਰਾਜ ਦੇ ਆਉਣ ਬਾਰੇ ਜਾਣਕਾਰੀ ਨਹੀਂ ਸੀ,ਕਿ ਕਦੋਂ ਵਾਪਸੀ ਹੈ, ਉੰਜ ਵੀ ਰਾਜ ਲਈ ਉਸ ਦੇ ਮਨ ਵਿਚੋਂ ਮੋਹਮਾ ਅਲੋਪ ਹੋ ਚੁੱਕੀ ਸੀ,ਛੇ ਮਹੀਨੇ ਵਿੱਚ ਸੀਤਲ ਨੇ ਕਦੀ ਵੀ ਰਾਜ ਤੇ ਬਚਿਆਂ ਨਾਲ ਫ਼ੋਨ ਤੇ ਬੋਲ ਸਾਂਝੇ ਨਹੀਂ ਕੀਤੇ ਸਨ।ਰਾਤ ਦੇ ਗਿਆਰਾਂ ਕੁ ਵਜੇ ਦਰਵਾਜ਼ਾ ਖ਼ੁਲਿਆ,ਰਾਜ ਦੀ ਜਾਗ ਖੁੱਲ ਗਈ, ਦੂਜੀ ਚਾਬੀ ਤਾਂ ਸੀਤਲ ਕੋਲ ਹੀ ਸੀ,ਰਾਜ ਨੇ ਸੋਚਿਆ ਸ਼ਾਇਦ ਪਤਾ ਲੱਗਣ ਤੇ ਮੋਹ ਜਾਗ ਜਾਵੇ ਤੇ ਬਚਿਆਂ ਨਾਲ ਲੇਟੀ ਰਹੀ।ਸੀਤਲ ਦੇ ਨਾਲ ਇਕ ਲੜਕੀ ਦੀ ਅਵਾਜ਼ ਜਦ ਰਾਜ ਦੇ ਕੰਨੀ ਪਈ ਤਾਂ ਸਰੀਰ ਦਾ ਅੰਗ ਅੰਗ ਵਿੱਚ ਬਿਜਲੀ ਦੀ ਤਾਰ ਵਾਂਗੂ ਫਿਰ ਗਈ,ਰਾਜ ਨੇ ਸਬਰ ਤੋਂ ਕੰਮ ਲਿਆ ,ਦੋਹਾ ਦੀਆ ਹਰਕਤਾਂ ਤੇ ਨਜ਼ਰ ਰੱਖੀ,ਰਸੋਈ ਵਿੱਚ ਆਂ ਕੇ ਜਦ ਪੈਗ ਲਾਉਣ ਲੱਗੇ ਤਾਂ ਅਚਾਨਕ ਸੀਤਲ ਦੀ ਨਜ਼ਰ ਅਟੈਚੀ ਉੱਪਰ ਪਈ ਤਾਂ ਯਕ ਦਮ ਭਾਜੜ ਪੈ ਗਈ,ਇਤਨੇ ਨੂੰ ਰਾਜ ਵੀ ਉਠ ਖਲੋਤੀ ਤੇ ਬੋਲੀ ਸੀਤਲ ਹੁਣ ਤਾਂ ਸਭ ਕੁਝ ਪਤਾ ਲੱਗ ਚੁੱਕਾ ਹੈ,ਅਪਣੀ ਦੋਸਤ ਲੜਕੀ ਨੂੰ ਰਾਤ ਦੇ ਹਨੇਰੇ ਵਿੱਚ ਬਾਹਰ ਨਾਂ ਕੱਢ,ਗੱਲ ਬਾਤ ਦੇ ਸਮੇਂ ਵਿੱਚ ਲੜਕੀ ਖਿਸਕ ਗਈ।ਰਾਜ ਨੇ ਸੀਤਲ ਨੂੰ ਬਾਹੋ ਫੜਿਆ ਤੇ ਦੂਜੇ ਕਮਰੇ ਵਿੱਚ ਬਚਿਆਂ ਤੋਂ ਪਾਸੇ ਲੈ ਗਈ,ਮੈਨੂੰ ਇਹ ਦਸ ਕਿ ਇਸ ਕੁੜੀ ਵਿੱਚ ਮੇਰੇ ਨਾਲ਼ੋਂ ਕਿਹੜੀ ਚੀਜ਼ ਵੱਧ ਹੈ,ਮੈਨੂੰ ਇਸ ਦਾ ਉਤਰ ਚਾਹੀਦਾ ਹੈ,ਹੁਣ ਬੋਲਦਾ ਕਿਉਂ ਨਹੀਂ,ਉਸ ਕੁੜੀ ਨਾਲ ਤਾਂ ਬੜੀਆ ਪਿਆਰ ਦੀਆ ਗੱਲਾਂ ਕਰਦਾ ਸੀ, ਅੱਜ ਮੈਨੂੰ ਸਮਝਣ ਵਿੱਚ ਦੇਰ ਨਹੀਂ ਲੱਗੀ ਤੂੰ ਮਚਲਾ ਏ,ਡਰਾਮੇ ਕਰ ਕੇ ਦਿਖਾਉਂਦਾ ਰਿਹਾ ਏ ਕਿ ਕੰਮ ਦਾ ਬੋਝ ਹੈ,ਅੱਜ ਪਤਾ ਚਲਿਆਂ ਤੂੰ ਵੰਨ ਸੁਵੰਨੀਆਂ ਸੇਂਜਾ ਦਾ ਠਰਕੀ ਏ।ਪਹਿਲਾ ਮੈਂ ਪਰਵਾਰ ਨੂੰ ਜ਼ੋੜਨ ਲਈ ਹਰ ਹੀਲਾ ਵਸੀਲਾ ਵਰਤਿਆ ਸੀ ,ਹੁਣ ਤੈਨੂੰ ਮੈਂ ਔਰਤ ਦਾ ਅਸਲੀ ਰੂਪ ਦਿਖਾਵਾ ਗੀ ਅਤੇ ਆਪਣੇ ਹਕਾ ਲਈ ਕਾਨੂੰਨੀ ਲੜਾਈ ਲੜਾ ਗੀ,ਤੂੰ ਅੱਜ ਤੋਂ ਹੀ ਸਮਝ ਲੈ ਕਿ ਆਪਾ ਵੱਖ ਹੋ ਗਏ ਹਾਂ।ਮੈਨੂੰ ਕਈ ਦੋਸਤ ਕੁੜੀਆਂ ਨੇ ਇਸ ਪਾਸੇ ਦਾ ਇਸ਼ਾਰਾ ਵੀ ਦਿੱਤਾ ਪਰ ਹਰ ਵਾਰ ਇਹੀ ਤਸੱਲੀ ਦੇਣੀ ਕਿ ਸੀਤਲ ਇਤਨਾ ਗਿਰ ਨਹੀਂ ਸਕਦਾ ,ਛੇ ਮਹੀਨੇ ਇੰਡੀਆ ਜਾਣ ਦਾ ਵੀ ਮੈਂ ਫੈਸਲਾ ਤਾਂ ਲਿਆ ਕਿ ਕਿਸੇ ਤਰਾਂ ਤੈਨੂੰ ਬਚਿਆਂ ਦਾ ਮੋਹ ਜਾਗ ਪਵੇ,ਪਰ ਤੂੰ ਤਾਂ ਅਤਿ ਦਰਜੇ ਦਾ ਕਮੀਨਾ ਤੇ ਪੱਥਰ ਦਿਲ ਨਿਕਲਿਆ।ਸੀਤਲ,ਰਾਜ ਦੀਆ ਗੱਲਾ ਦਾ ਉਤਰ ਦਿੱਤੇ ਬਗੈਰ ਹੀ ਰਾਤ ਨੂੰ ਘਰੋਂ ਚਲਾ ਗਿਆ।।

ਰਾਜ ਨੇ ਸਭ ਤੋਂ ਪਹਿਲਾ ਨਵਨੀਤ ਨੂੰ ਆਪਣੇ ਘਰ ਪੁੱਜਣ ਬਾਰੇ ਦਸਿਆ ਤੇ ਕਾਕੇ ਦੀ ਸਿਹਤ ਤੇ ਉਸ ਦੀ ਸਿਹਤ ਦਾ ਪਤਾ ਕੀਤਾ,ਨਵਨੀਤ ਨੇ ਕਿਹਾ ਅਸੀਂ ਬਿਲਕੁਲ ਠੀਕ ਹਾਂ ,ਸਾਨੂੰ ਹਸਪਤਾਲ ਤੋਂ ਛੁੱਟੀ ਮਿਲ ਚੁੱਕੀ ਹੈ ਤੇ ਠੀਕ ਠਾਕ ਘਰ ਪੁੱਜ ਗਏ ਹਾਂ।ਰਾਜ ਤੂੰ ਆਪਣੇ ਸੀਤਲ ਦੀ ਸੁਣਾ,ਨਵਨੀਤ ਉਸ ਬਾਰੇ ਕੀ ਸੁਣਾਵਾਂ,ਤੇਰੀ ਗੱਲ ਸੱਚੀ ਹੋ ਗਈ,ਪਰਾਈਆ ਸੇਂਜਾ ਮਾਨਣ ਦਾ ਠਰਕੀ ਹੈ,ਰਾਜ ਨੇ ਜੋ ਵਾਪਰਿਆਂ ਸਾਰਾ ਕੁਝ ਕਹਿ ਸੁਣਾਇਆ,ਮੈਂ ਜਲਦੀ ਤੋਂ ਜਲਦੀ ਵਕੀਲ ਕਰ ਕੇ ਤਲਾਕ ਦਾ ਕੇਸ ਅਦਾਲਤ ਵਿੱਚ ਪਾ ਦਿਆਂ ਗੀ,ਰਾਜ ਘਾਬਰਨ ਦੀ ਲੋੜ ਨਹੀਂ ,ਅਸੀਂ ਸਾਰਾ ਪਰਵਾਰ ਹਰ ਸਮੇਂ ਤੇਰੇ ਨਾਲ ਖੜੇ ਹਾਂ,ਨਵਨੀਤ ਤੁਹਾਡੀ ਪ੍ਰੇਰਨਾਮਈ ਸ਼ਕਤੀ ਹੀ ਤਾਂ ਮੈਨੂੰ ਡੋਲਣ ਨਹੀਂ ਦਿੰਦੀ,ਤੁਸੀਂ ਚਿੰਤਾ ਨੀ ਕਰਨੀ,ਮੈਂ ਖ਼ਬਰ ਕਰਦੀ ਰਹਾ ਗੀ।ਮੈਂ ਪਿਤਾ ਜੀ ਹੁਰਾ ਨੂੰ ਵੀ ਫ਼ੋਨ ਤੇ ਦਸ ਦਿੱਤਾ ਹੈ,ਕਿਹਾ ਵੀ ਸੀ ਚਿੰਤਾ ਨੀ ਕਰਨੀ,ਮਾਪੇ ਹੈ ਨਾਂ,ਧੀ ਦੀ ਚਿੰਤਾ ਹੋ ਜਾਂਦੀ ਹੈ,ਜੇ ਤੈਨੂੰ ਠੀਕ ਲੱਗੇ ਤਾਂ ਜੋਬਨ ਜਾ ਕੇ ਆਪਣੇ ਢੰਗ ਨਾਲ ਹੌਸਲਾ ਦੇ ਆਵੇ,ਜੋਬਨ ਜਾਏ ਗਾ,ਫਿਕਰ ਨਾਂ ਕਰ,ਨਵਨੀਤ ਨੇ ਹੌਸਲਾ ਦਿੱਤਾ।

ਦਸੰਬਰ-2013 ਵਿੱਚ ਰਾਜ ਨੇ ਤਲਾਕ ਦਾ ਕੇਸ ਵਕੀਲ ਰਾਹੀ ਅਦਾਲਤ ਵਿੱਚ ਲਾ ਦਿੱਤਾ,ਤਿੰਨ ਕੁ ਮਹੀਨੇ ਪਿੱਛੋਂ ਅਦਾਲਤ ਨੇ ਸੀਤਲ ਨੂੰ ਨੋਟਿਸ ਭੇਜ ਕੇ ਹਾਜ਼ਰ ਹੋਣ ਲਈ ਕਿਹਾ,ਸੀਤਲ ਨਾਂ ਗਿਆ,ਦੁਬਾਰਾ ਫਿਰ ਕੁਝ ਸਮੇਂ ਪਿੱਛੋਂ ਨੋਟਿਸ ਭੇਜਿਆ ,ਇਸ ਵਾਰ ਸੀਤਲ ਹਾਜ਼ਰ ਹੋ ਗਿਆ।ਵਕੀਲ ਨੇ ਰਾਜਵੀਰ ਵੱਲੋਂ ਪਾਏ ਤਲਾਕ ਨਾਮੇ ਨੂੰ ਸੀਤਲ ਨੂੰ ਪੜ੍ਹ ਕੇ ਸੁਣਾਇਆ,ਤੁਸੀ ਕੁੱਝ ਕਹਿਣਾ ਚਾਹੁੰਦੇ ਹੋ,ਮੈਂ ਸਹਿਮਤ ਹਾਂ ,ਮੈਂ ਦਸਤਖ਼ਤ ਕਰਨ ਨੂੰ ਤਿਆਰ ਹਾਂ,ਸੀਤਲ ਦਾ ਉਤਰ ਸੀ,ਵਕੀਲ ਨੇ ਕਾ.ਗਜ਼ ਸੀਤਲ ਅੱਗੇ ਰੱਖੇ ਤੇ ਜੱਜ ਸਾਹਿਬ ਦੇ ਸਾਹਮਣੇ ਉਸ ਨੇ ਸਾਰੇ ਕਾ.ਗਜ਼ਾਂ ਉੱਪਰ ਦਸਤਖ਼ਤ ਕਰ ਦਿੱਤੇ,ਜੂਨ-2014 ਵਿੱਚ ਤਲਾਕ ਮਨਜ਼ੂਰ ਹੋ ਗਿਆ।ਸੀਤਲ ਨੂੰ ਜੱਜ ਸਾਹਿਬ ਨੇ ਕਿਹਾ, ਕਿ ਜਦ ਤੱਕ ਰਾਜਵੀਰ ਨੂੰ ਸਰਕਾਰ ਵੱਲੋਂ ਰਹਾਇਸ਼ ਲਈ ਮਕਾਨ ਨਹੀ ਮਿਲਦਾ,ਉਦੋਂ ਤਕ ਰਾਜਵੀਰ ਇਸ ਪਹਿਲੇ ਮਕਾਨ ਵਿੱਚ ਹੀ ਰਹੇ ਗੀ,ਰਾਸ਼ਨ ਤੇ ਹੋਰ ਖ਼ਰਚਾ ਤੁਸੀਂ ਕਰੋ ਗੇ,ਰਾਜਵੀਰ ਨੂੰ ਕੋਈ ਨੋਕ ਝੋਕ ਨਹੀਂ ਕਰੋ ਗੇ,ਇਸ ਦੇ ਕਮਰੇ ਵੱਲ ਝਾਕਣਾ ਤੱਕ ਨਹੀਂ,ਬਚਿਆਂ ਨੂੰ ਰਾਜਵੀਰ ਦੀ ਆਗਿਆ ਤੋਂ ਬਗੈਰ ਨਹੀਂ ਮਿਲ ਸਕਦੇ,ਇਸ ਸਾਰੀ ਕਾਰਵਾਈ ਦੇ ਸਮੇਂ ਰਾਜਵੀਰ ਵੀ ਹਾਜ਼ਰ ਰਹੀ। ਅਕਤੂਬਰ-2014 ਵਿੱਚ ਸਰਕਾਰ ਵੱਲੋਂ ਦੋ ਕਮਰਿਆਂ ਵਾਲਾ ਮਕਾਨ ਵੀ ਮਿਲ ਗਿਆ ਤੇ ਬਚਿਆਂ ਦੇ ਖ਼ਰਚੇ ਲਈ ਸੀਤਲ ਨੂੰ ਹਦਾਇਤ ਕੀਤੀ ਗਈ ਕਿ ਉਹ ਹਰਮਹੀਨੇ ਦੇ ਸ਼ੁਰੂ ਵਿੱਚ ਇਹ ਰਕਮ ਰਾਜਵੀਰ ਦੇ ਖਾਤੇ ਵਿੱਚ ਜਮਾਂ ਕਰਾਵੇ,ਖ਼ਰਚਾ ਨਾਂ ਜਮਾਂ ਕਰਵਾਣ ਤੇ ਸਖ਼ਤ ਕਾਰਵਾਈ ਕੀਤੀ ਜਾਵੇ ਗੀ।ਰਾਜ ਨੂੰ ਘਰ ਦਾ ਲੋੜੀਂਦਾ ਸਮਾਨ ਕੁਝ ਤਾਂ ਪਹਿਲੇ ਮਕਾਨ ਚੋ ਮਿਲ ਗਿਆ ਤੇ ਕੁਝ ਸਮਾਨ ਲਈ ਸਰਕਾਰ ਨੇ ਸਹਾਇਤਾ ਕਰ ਦਿੱਤੀ।

ਮਕਾਨ ਵਿਕਣ ਤੇ ਬੈਂਕ ਦੇ ਕਰਜ਼ਾ ਦੇਣ ਤੋਂ ਬਾਅਦ ਬਚਦੀ ਰਕਮ ਦੋਹਾ ਵਿੱਚ ਅੱਧੋ-ਅੱਧੀ ਮਕਾਨ ਵੇਚਣ ਵਾਲੀ ਏਜੰਸੀ ਰਾਜਵੀਰ ਅਤੇ ਸੀਤਲ ਦੇ ਖਾਤਿਆਂ ਵਿੱਚ ਜਮਾਂ ਕਰਵਾ ਦੇਵੇ।ਲੱਗ -ਭੱਗ ਮਈ-ਜੂਨ 2015 ਤੱਕ ਸਭ ਕੁਝ ਨਿਪਟ ਗਿਆ,ਰਾਜ ਵਧੀਆਂ ਨੌਕਰੀ ਕਰਦੀ ਹੈ ,ਬੱਚੇ ਦੀ ਪੜਾਈ ਛੇਵੀਂ ਜਮਾਤ ਤੋਂ ਯੂਨੀਵਰਸਿਟੀ ਤੱਕ ਮੁਫ਼ਤ ਹੈ,ਦੀਪ ਛੇਵੀਂ ਵਿੱਚ ਪੜਦਾ ਹੈ,ਚਾਂਦਨੀ ਅਜੇ ਛੋਟੀ ਜਮਾਤ ਵਿੱਚ ਪੜਦੀ ਹੈ ,ਉਸ ਦੀ ਫ਼ੀਸ ਦੇਣੀ ਪੈਂਦੀ ਹੈ,ਰਾਜ ਪਿਛਲੇ ਸੱਤ ਕੁ ਸਾਲ ਦੇ ਤਨਾਅ ਭਰੇ ਜੀਵਨ ਤੋਂ ਮੁਕਤ ਹੋ ਕੇ ਅਨੰਦਮਈ ਜੀਵਨ ਬਤੀਤ ਕਰ ਰਹੀ ਹੈ,ਸਮਾਜਿਕ ਰਿਸ਼ਤਿਆਂ ਦੀ ਕਦਰ ਕਰਦੀ ਹੋਣ ਕਰ ਕੇ ਹਰ ਕੋਈ ਉਸ ਨੂੰ ਮਾਣ ਦਿੰਦਾ ਹੈ।ਰਾਜ ਨੇ ਆਪਣੇ ਰਸਤੇ ਆਪ ਟਟੋਲਣ ਸਿੱਖ ਲਏ ਹਨ,ਸੰਘਰਸ਼ ਤੇ ਸਬਰ ਰਸਤਿਆ ਲਈ ਰਾਹ ਦਸੇਰਾ ਬਣਦੇ ਹਨ,ਰਸਤਾ ਮੰਜ਼ਲ ਤੱਕ ਜਾਣ ਲਈ ਤੁਹਾਡਾ ਸਾਥ ਦਿੰਦਾ ਹੈ।2017 ਦੇ ਫ਼ਰਵਰੀ ਮਹੀਨੇ ਤੋਂ ਰਾਜ ਇਕ ਵੱਡੇ ਸਟੋਰ ਵਿੱਚ ਮੈਨੇਜਰ ਦੀ ਜਿਮੇਵਾਰੀ ਨਿਭਾ ਰਹੀ ਹੈ,ਅੱਜ ਸਵੇਰ ਦਾ ਹਰ ਪਲ ਰਾਜ ਦਾ ਅਪਣਾ ਹੈ ਤੇ ਉਹ ਮਾਣਦੀ ਵੀ ਹੈ,ਹੁਣ ਉਹ ਬਚਿਆਂ ਨਾਲ ਰੁੱਝ ਗਈ ਹੈ,ਬਚਿਆਂ ਨੂੰ ਸਵੇਰ ਵੇਲੇ ਜਗਾ ਕੇ,ਨਾਸ਼ਤਾ ਖਵਾ ਕੇ ,ਤਿਆਰ ਕਰ ਕੇ ਸਕੂਲ ਭੇਜਣੇ ਤੇ ਫਿਰ ਆਪ ਤਿਆਰ ਹੋ ਕੇ ਨੌਕਰੀ ਤੇ ਸਮੇਂ ਸਿਰ ਪੁੱਜਣਾ ,ਪੰਜ ਦਿਨਾਂ ਦਾ ਪਤਾ ਹੀ ਨੀ ਲਗਦਾ ਕਦੋਂ ਬੀਤ ਜਾਂਦੇ ਹਨ।ਸਨਿੱਚਰਵਾਰ ਤੇ ਐਤਵਾਰ ਘਰ ਦੇ ਕੰਮ-ਕਾਰ ਵਿੱਚ ਲੱਗ ਜਾਂਦੇ ਹਨ,ਬੀਤ ਗਏ ਸਮੇਂ ਨੂੰ ਭੁੱਲਾ ਕੇ ਹੱਥ ਵਾਲੇ ਪਲਾ ਨੂੰ ਸਾਂਭਣਾ ਉਸ ਨੇ ਸਿੱਖ ਲਿਆ ਹੈ।

-ਸਮਾਪਤ

# ਮੈਂ ਏ.ਟੀ.ਐਮ. ਬੋਲ ਰਿਹਾਂ...




ਮੈਂ ਏ.ਟੀ.ਐਮ. ਬੋਲ ਰਿਹਾਂ ਹਾਂ। ਮੇਰੇ ਘਾੜਿਆਂ ਨੇ ਬੜੇ ਪਿਆਰ ਨਾਲ ਮੇਰਾ ਨਾਂਅ ਰੱਖਿਆ ਸੀ 'ਆਟੋਮੈਟਿਕ ਟੈਲਰ ਮਸ਼ੀਨ' ਪਰ ਅੱਜਕਲ੍ਹ ਮੈਂ ਲੋਕਾਂ ਵਿਚ 'ਆਉਣਗੇ ਤੇ ਮਿਲਣਗੇ' ਦੇ ਨਾਂਅ ਨਾਲ ਜਾਣਿਆਂ ਜਾਣ ਲੱਗਾਂ ਹਾਂ। ਪਿਛਲੇ ਦਿਨਾਂ ਤੋਂ ਅਜੀਬੋ-ਗ਼ਰੀਬ ਸਥਿਤੀ ਦੇਖਣ ਨੂੰ ਮਿਲੀ, ਮੇਰੇ ਪ੍ਰਬੰਧਕਾਂ ਨੇ ਕਦੀ ਵੀ ਮੇਰੇ ਕੋਲ ਦੋ ਗ੍ਰਾਹਕ ਇਕੱਠੇ ਨਹੀਂ ਸੀ ਆਉਣ ਦਿੱਤੇ। ਮੇਰੇ ਮੋਹਰੇ ਕਦੇ ਲੋਕਾਂ ਦੀ ਭੀੜ ਲੱਗੀ ਹੀ ਨਹੀਂ ਸੀ। ਪਰ ਹੁਣ ਕੁਝ ਦਿਨਾਂ ਤੋਂ ਮੇਰੇ ਦੁਆਲੇ ਲੰਮੀਆਂ ਕਤਾਰਾਂ ਵਿਚ ਬੀਬੇ ਤੇ ਬੀਬੀਆਂ ਝੁਰਮਟ ਪਾਈ ਖੜ੍ਹੇ ਹੁੰਦੇ ਹਨ। ਮੈਂ ਹੈਰਾਨ ਹੁੰਦਾਂ ਹਾਂ ਕਿ ਮੈਂ ਤਾਂ ਪਹਿਲਾਂ ਵਾਲਾ ਹਾਂ। ਲੋਕ ਵੀ ਪਹਿਲਾਂ ਵਾਲੇ ਹਨ। ਜਿਨ੍ਹਾਂ ਦੇ ਚਿਹਰੇ ਮੈਨੂੰ ਮਹੀਨੇ ਵਿਚ ਇਕ ਅੱਧੀ ਵਾਰ ਦੇਖਣ ਨੂੰ ਮਿਲਦੇ ਸਨ, ਉਹ ਹੁਣ ਦਿਨ ਚੜ੍ਹਨ ਤੋਂ ਪਹਿਲਾਂ ਮੇਰੇ ਸਾਹਮਣੇ ਖੜ੍ਹੇ ਹੁੰਦੇ। ਬੜੀਆਂ ਸੁਆਦਲੀਆਂ ਗੱਲਾਂ ਸੁਣਨ ਨੂੰ ਮਿਲਦੀਆਂ, ਇਨ੍ਹਾਂ ਕੋਲੋਂ, ਪਰ ਕਈ ਵਾਰ ਜਦ ਮੇਰੇ ਸਾਹਮਣੇ ਖਲੋ ਕੇ ਇਹ ਆਪੋ-ਆਪਣੇ ਦੁੱਖ ਫਰੋਲਦੇ ਹਨ, ਤਾਂ ਮੈਨੂੰ ਬੜਾ ਤਰਸ ਆਉਂਦਾ ਹੈ, ਪਰ ਮੈਂ ਆਪਣੇ ਮਾਲਕਾਂ ਦਾ ਗੁਲਾਮ ਹਾਂ, ਉਨ੍ਹਾਂ ਦੀ ਹੁਕਮ ਅਦੂਲੀ ਨਹੀਂ ਕਰ ਸਕਦਾ। ਮੈਨੂੰ ਪਤਾ ਹੈ ਕਿ ਜੇਕਰ ਮੈਂ ਮਾਲਕਾਂ ਦੀ ਹੁਕਮ ਅਦੂਲੀ ਕੀਤੀ ਤਾਂ ਇਨ੍ਹਾਂ ਮੇਰੇ ਵਿਚ ਕੋਈ ਨੁਕਸ ਕਹਿ ਕਿ ਮੇਰਾ ਇੰਜਰ ਪਿੰਜਰ ਖੋਲ੍ਹ ਦੇਣਾਂ। ਕਈ ਨਸ਼ਈ ਤਾਂ ਮੇਰੇ ਕੰਨ (ਬਟਨ) ਇਸ ਤਰ੍ਹਾਂ ਦਬਾਉਂਦੇ ਹਨ ਜਿਵੇਂ ਬੱਚੇ ਬੰਟੇ ਖੇਡਣ ਲੱਗਿਆਂ ਨਿਸ਼ਾਨਾ ਲਗਾਉਂਦੇ ਹਨ। ਮੈਨੂੰ ਉਦੋਂ ਬੜਾ ਤਰਸ ਆਉਂਦਾ ਹੈ ਜਦ ਦੋ-ਚਾਰ ਘੰਟੇ ਕਤਾਰ ਵਿਚ ਲੱਗਣ ਮਗਰੋਂ ਲੋਕ ਮੇਰੇ ਤੱਕ ਅੱਪੜਦੇ ਹਨ ਤਾਂ ਉਨ੍ਹਾਂ ਦੇ ਚਿਹਰੇ ਦੀ ਮੁਸਕਰਾਹਟ ਇਕ ਦਮ ਉਦਾਸੀ ਵਿਚ ਬਦਲ ਜਾਂਦੀ, ਜਦ ਉਹ ਖਾਲੀ ਹੱਥ ਵਾਪਸ ਪਰਤਦੇ। ਮੈਂ ਉਨ੍ਹਾਂ ਨੂੰ ਆਪਣੇ ਸੁਭਾਅ ਅਨੁਸਾਰ ਵੈਲਕਮ ਜ਼ਰੂਰ ਆਖਦਾ ਹਾਂ। ਉਹ ਬਥੇਰੇ ਮੇਰੇ ਬਟਨ ਦਬਾਉਂਦੇ, ਪਰ ਕੈਸ਼-ਮੁੱਕ ਗਿਆ ਵਾਲੇ ਬੋਲ ਸੁਣ ਕੇ ਕਤਾਰਾਂ ਵਿਚ ਬੀਬੇ-ਬੀਬੀਆਂ ਇਸ ਤਰ੍ਹਾਂ ਖਿਲਰ-ਪੁਲਰ ਜਾਂਦੇ ਜਿਵੇਂ ਸਕੂਲ ਵਿਚ ਸਾਰੀ ਛੁੱਟੀ ਹੋਣ ਉਪਰੰਤ ਚੌਕੀਦਾਰ ਅਤੇ ਦਫਤਰ ਨੂੰ ਤਾਲਾ ਲਗਾਉਣ ਵਾਲੇ ਸੇਵਾਦਾਰ ਰਹਿ ਗਏ ਹੋਣ । ਮੇਰੇ ਉੱਪਰ ਨੋ ਕੈਸ਼ ਵਾਲੀ ਤਖਤੀ ਲਮਕਾ ਦਿੱਤੀ ਜਾਂਦੀ। ਸਭ ਨਾਲੋਂ ਜ਼ਿਆਦਾ ਮੈਂ ਉਦੋਂ ਕੁਰਲਾਉਂਦਾ ਹਾਂ ਜਦ ਅੱਧੀ ਰਾਤ ਨੂੰ ਮੈਨੂੰ ਕੁਝ ਲੋਕ ਜੇ.ਸੀ.ਬੀ. ਦੀ ਸਹਾਇਤਾ ਨਾਲ ਪੁੱਟ ਕੇ ਲੈ ਜਾਂਦੇ ਹੈ ਤੇ ਮੈਨੂੰ ਵਾਤਾਅਨਕੂਲ ਵਿਚ ਰਹਿਣ ਵਾਲੇ ਨੂੰ ਉਜਾੜ-ਬੀਆਬਾਨ ਵਿਚ ਸੁੱਟ ਆਉਂਦੇ ਹਨ। ਮੇਰਾ ਅੰਗ-ਅੰਗ ਇਸ ਤਰਾਂ ਖਿਲਰਿਆ ਹੁੰਦਾ ਹੈ ਜਿਵੇਂ ਹੱਡਾ-ਰੋੜੀ ਵਿਚ ਪਸ਼ੂਆਂ ਦੇ ਹੱਡ ਖਿੱਲਰੇ ਹੋਣ। ਫਿਰ ਮੇਰੀਆਂ ਫੋਟੋਆਂ ਅਖਬਾਰਾਂ ਵਿਚ ਛਪਦੀਆਂ ਹਨ ਤੇ ਲੋਕ ਚਸਕੇ ਲਾ ਕੇ ਖ਼ਬਰਾਂ ਪੜ੍ਹਦੇ ਹਨ। ਸਾਡੇ ਨਾਲ ਵੀ ਭਰਾਵਾਂ ਵਾਂਗ ਵੰਡ-ਵੰਡਾਈ ਵਿਚ ਵਿਤਕਰਾ ਹੋ ਰਿਹਾ। ਸਾਡੇ ਕਈ ਭਰਾਵਾਂ ਦਾ ਤਾਂ ਅਜੇ ਤੱਕ ਲੋਕਾਂ ਨੇ ਮੂੰਹ ਵੀ ਨਹੀਂ ਵੇਖਿਆ ਕਿਉਂਕਿ ਉਹ ਨੋਟਾਂ ਤੋਂ ਸੱਖਣੇ ਰਹੇ । ਸਾਡੇ ਬਾਕੀਆਂ ਭਰਾਵਾਂ ਵਿਚ ਵੀ ਪੈਸੇ ਵੱਧ-ਘੱਟ ਪਾਏ ਜਾ ਰਹੇ ਹਨ। ਸਾਡੇ ਸਾਰਿਆਂ ਭਰਾਵਾਂ ਦੇ ਸਿਰ 'ਤੇ ਬੋਰਡ ਤਾਂ ਭਾਵੇਂ ਚੌਵੀ ਘੰਟੇ ਸਰਵਿਸ ਦੇ ਲੱਗੇ ਹਨ, ਪਰ ਅਜੇ ਤੱਕ ਇਹ ਸਮਝ ਨਹੀਂ ਆਈ ਕਿ ਇਹ ਚੌਵੀ ਘੰਟੇ ਸਾਲ ਵਿਚ ਹਨ ਜਾਂ ਮਹੀਨੇ ਵਿਚ। ਮੈਂ ਆਪਣੇ ਮਾਲਕਾਂ ਦਾ ਹੁਕਮ ਮੰਨਦਾ ਹਾਂ, ਉਹ ਮੈਨੂੰ ਜਿੰਨੇ ਪੈਸੇ ਦੇਣ ਲਈ ਕਹਿੰਦੇ ਹਨ, ਦੇ ਦਿੰਦਾ ਹਾਂ। ਮੈਨੂੰ ਸਾਹ ਚੜ੍ਹਿਆ ਹੁੰਦਾ ਹੈ ਫਿਰ ਮੈਂ ਆਪਣੀ ਸਪੀਡ ਘਟਾ ਕੇ ਕੰਮ ਕਰੀ ਜਾਂਦਾ ਹਾਂ। ਮੈਨੂੰ ਬਜ਼ੁਰਗਾਂ 'ਤੇ ਬੜਾ ਤਰਸ ਆਉਂਦਾ ਜਦ ਉਨ੍ਹਾਂ ਨੂੰ ਵੀ ਮੇਰੇ ਤੱਕ ਪਹੁੰਚਣ ਲਈ ਘੰਟਿਆਂ ਬੱਧੀ ਕਤਾਰ ਵਿਚ ਖੜ੍ਹ ਕੇ ਮੇਰੇ ਕੋਲੋਂ ਨਿਰਾਸ਼ ਪਰਤ ਕੇ ਘਰੋਂ ਵੀ ਵੱਧ-ਘੱਟ ਸੁਣਨਾ ਪੈਂਦਾ। ਬਣਿਆਂ ਤਾਂ ਮੈਂ ਲੋਕਾਂ ਦੀ ਸਹੂਲਤ ਵਾਸਤੇ ਸੀ ਪਰ ਹੁਣ ਜਿੰਨੇ ਦੁੱਖ ਲੋਕਾਂ ਨੂੰ ਮੈਂ ਦਿੱਤੇ ਹਨ ਸ਼ਾਇਦ ਕਿਸੇ ਤਸੀਹਾ ਕੇਂਦਰ ਵਿਚ ਵੀ ਨਾ ਦਿੱਤੇ ਜਾਂਦੇ ਹੋਣ। ਕਈ ਲੋਕ ਤਾਂ ਮੇਰੇ ਅੱਗੇ ਮੰਜੀਆਂ ਡਾਹ ਕੇ ਸੌਣ ਵੀ ਲੱਗ ਪਏ। ਮੈਂ ਸੋਚਿਆ ਚਲੋ ਮੇਰੀ ਰਾਖੀ ਹੋ ਰਹੀ ਹੈ। ਘੱਟੋ-ਘੱਟ ਹੁਣ ਮੈਨੂੰ ਕੋਈ ਪੁੱਟ ਕੇ ਤਾਂ ਨਹੀਂ ਲਿਜਾ ਸਕਦਾ। ਹਾਂ ਇਕ ਗੱਲ ਦੀ ਮੈਨੂੰ ਸਮਝ ਆ ਗਈ ਕਿ ਦੁਨੀਆਂ ਪੈਸੇ ਦੀ ਹੈ। ਜੇਕਰ ਮੇਰੇ ਕੋਲ ਪੈਸੇ ਹਨ ਤਾਂ ਰਿਸ਼ਤੇਦਾਰਾਂ ਵਾਂਗ ਲੋਕ ਮੇਰੇ ਦੁਆਲੇ ਘੇਰਾ ਪਾਈ ਰੱਖਦੇ ਹਨ ਨਹੀਂ ਤਾਂ ਮੈਨੂੰ ਕੌਣ ਪੁੱਛਦਾ ਹੈ। ਕੋਲ ਪੈਸੇ ਨਾ ਹੋਣ ਤੇ ਮੇਰੀ ਹਾਲਤ ਵੀ ਉਨ੍ਹਾਂ ਬਜ਼ੁਰਗਾਂ ਵਰਗੀ ਹੋ ਜਾਂਦੀ ਹੈ ਜਿਨ੍ਹਾਂ ਦੀ ਪੈਨਸ਼ਨ ਮਿਲਣ ਵਾਲੇ ਦਿਨ ਜ਼ਰਾ ਵਧੇਰੇ ਕਦਰ ਹੁੰਦੀ...।

*-ਸੁਖਬੀਰ ਸਿੰਘ ਖੁਰਮਣੀਆਂ*

ਪਹਿਲਾਂ ਅਜਮਾ ਕੇ ਦੇਖੋ, ਫਿਰ ਪੈਸਾ ਭੇਜੋ

ਆਪਣੇ ਆਪ ਨੂੰ ਸੱਚਾ ਸਾਬਤ ਕਰਕੇ ਇਲਾਜ ਕਰਨ ਵਾਲੇ ਠੱਗਾਂ ਤੋ ਬਚੋ। ਝੂਠਿਆ ਗਾਰੰਟਿਆ ਤੇ ਪੈਸਿਆ ਨਾਲ ਕੰਮ ਨਹੀ ਬਣਦੇ। ਕੰਮ ਪ੍ਰਮਾਤਮਾ ਦੀ ਦਿੱਤੀ ਹੋਈ ਅਪਾਰ ਸ਼ਕਤੀ ਨਾਲ ਬਣਦੇ ਹਨ। ਧੋਖਾ ਨਹੀ, ਤੁਹਾਡਾ ਕੰਮ ਬਣੇਗਾ। ਜਿਹੜੇ ਅਪਾਰ ਸ਼ਕਤੀਆਂ ਦੇ ਮਾਲਕ ਹੁੰਦੇ ਹਨ, ਉਨ੍ਹਾਂ ਨੂੰ ਕਿਸੇ ਦੀ ਜਨਮ ਪੱਤਰੀ, ਟੇਵਾ ਜਾਂ ਹੱਥ ਦੇਖਣ ਦੀ ਲੋੜ ਨਹੀ ਕਿਉਕਿ ਇੱਕ ਆਮ ਜੋਤਿਸ਼ੀ, ਟੇਵਾ ਵੇਖਣ ਵਾਲਾ ਕਿਸੇ ਦਾ ਭਵਿੱਖ ਤਾਂ ਦਸ ਸਕਦਾ ਹੈ ਪਰ ਉਸਦੇ ਜੀਵਨ ਦੀ ਪ੍ਰੇਸ਼ਾਨੀ ਦਾ ਹੱਲ ਨਹੀ ਕਰ ਸਕਦਾ। ਜ਼ੀਵਨ ਦੀਆਂ ਪ੍ਰੇਸ਼ਾਨੀਆਂ ਜਿਵੇ ਕਿ ਕਾਰੋਬਾਰ ਨੂੰ ਵਾਰ ਵਾਰ ਬਦਲਣ ਨਾਲ ਵੀ ਵਾਧਾ ਨਾ ਹੋਣਾ, ਦੁਸ਼ਮਣਾ ਦੀਆਂ ਸਾਜਸ਼ਾ ਤੋ ਬਚ ਨਾ ਸਕਣਾ, ਪਾਠ ਪੂਜਾ ਕਰਦੇ ਹੋਏ ਵੀ ਕਿਸੇ ਦੀ ਨਜ਼ਰ ਲਗ ਜਾਣਾ,ਚੰਗਾ ਕੰਮ ਕਰਦਿਆ ਹੋਇਆ ਵੀ ਲੋਕਾਂ ਦੀਆਂ ਨਜ਼ਰਾਂ ਵਿਚ ਬੁਰਾ ਬਣ ਜਾਨਾ, ਕਿਸੇ ਬੀਮਾਰੀ ਦਾ ਇਲਾਜ ਨਾ ਹੋ ਸਕਣਾ, ਚੰਗੀ ਤਰਾ ਧਿਆਨ ਤੋ ਬਾਦ ਵੀ ਬੱਚਿਆ ਦਾ ਪੜਾਈ ਵਿੱਚ ਮਨ ਨਾ ਲਗਣਾ,ਜੇ ਮਨ ਲਗਦਾ ਵੀ ਹੋਵੇ ਤਾ ਅੱਗੇ ਨਾ ਵੱਧ ਪਾਨਾ, ਵਾਰ ਵਾਰ ਕਸ਼ਟ ਆਉਣਾ, ਚੰਗੀ ਤਰਾਂ ਮਿਹਨਤ ਕਰਨ ਤੋ ਬਾਦ ਵੀ ਪੈਸੇ ਦਾ ਨਾ ਬਚਣਾ, ਕਰਜ਼ੇ ਵਿੱਚ ਹੋਲੀ ਹੋਲੀ ਡੁੱਬਦੇ ਜਾਣਾ, ਡਾਕਟਰਾਂ ਦੇ ਸਭ ਕੁਝ ਸਹੀ ਦੱਸਣ ਤੋ ਬਾਦ ਵੀ ਸੰਤਾਨ ਦੀ ਪ੍ਰਾਪਤੀ ਨਾ ਹੋਣਾ, ਪਤੀ ਜਾਂ ਪਤਨੀ ਦਾ ਕਹਿਣੇ ਤੋ ਬਾਹਰ ਹੋਨਾ,ਬਿਨਾਂ ਕਿਸੀ ਕਾਰਨ ਤੋ ਆਪਸੀ ਝਗੜਾ ਵੱਧਨਾ, ਜੀਵਨ ਸਾਥੀ ਜਾਂ ਪ੍ਰੇਮੀ ਨੂੰ ਆਪਣੇ ਵੱਸ ਵਿੱਚ ਕਰਨਾ, ਕਿਸੇ ਵੀ ਚੀਜ਼ ਦੀ ਕਮੀ ਨਾ ਹੁੰਦੇ ਹੋਏ ਵੀ ਵਿਆਹ ਸ਼ਾਦੀ ਵਿੱਚ ਰੁਕਾਵਟ ਹੋਣਾ, ਆਪਣੀ ਸੰਤਾਨ ਦਾ ਸੁੱਖ ਨਾ ਮਿਲਨਾ ਜਾਂ ਕਹਿਣੇ ਤੋ ਬਾਹਰ ਹੋਨਾ, ਲੱਖ ਵਾਰ ਸਮਝਾਣ ਦੇ ਬਾਵਜੂਦ ਵੀ ਪਤੀ ਦਾ ਹਰ ਵੇਲੇ ਸੌਤਨ ਵਲ ਧਿਆਨ ਰਹਿਣਾ ਤੇ ਉਸਦੇ ਅੱਗੇ ਪਿੱਛੇ ਫਿਰਦੇ ਰਹਿਣਾ, ਲੰਬੇ ਸਮੇ ਤੋ ਸ਼ਰਾਬ ਦੀ ਲੱਤ ਨੂੰ ਛੁਡਾਉਣਾ, ਆਪ ਦੇ ਆਪਣਿਆ ਕੋਲੋ ਹੀ ਧੋਖਾ ਖਾਉਣਾ ਤੇ ਉਨਾਂ ਦੇ ਕੀਤੇ ਕਰਾਏ ਦਾ ਸ਼ਿਕਾਰ ਹੋਣਾ, ਇਹਨਾਂ ਸਾਰੀਆਂ ਸਮੱਸਿਆਵਾਂ ਦਾ ਕਾਰਨ ਜਾਣੋ ਅਤੇ ਅਪਾਰ ਸ਼ਕਤੀਆਂ ਦੇ ਮਾਲਿਕ ਬਾਬਾ ਜੀ ਕੋਲੋ ਹੱਲ ਕਰਵਾਉ।

ਹਰ ਬੰਦਾ ਲਾਟਰੀ ਦਾ ਨੰਬਰ ਦੇ ਰਿਹਾ ਹੈ ਪਰ ਤੁਹਾਡੀ ਕਿਸਮਤ ਵਿੱਚ ਹੈ ਜਾਂ ਨਹੀ, ਜੇ ਹੈ ਤਾ ਕਦੋ ਅਤੇ ਕਿਸ ਤਰਾਂ ਪ੍ਰਾਪਤ ਹੋਵੇਗੀ ਇਹ ਜਾਨਣ ਲਈ ਸੰਪਰਕ ਕਰੋ ਅਪਾਰ ਸ਼ਕਤੀਆ ਦੇ ਮਾਲਕ

'ਚਮਤਕਾਰੀ ਬਾਬਾ ਜੀ'

+91-8146962405
+91-8146962505

*"Great Achievement Always Requires Great Sacrifice."*

## GOPIO Sydney Presents

# GYAAN 2018

**Nomination Open**

**GOPIO Sydney invites achievers in HSC with ATAR 97+ and other fields like music, performing arts, leadership / public speaking, community service, visual arts and sports**

**Are you an achiever of:**

* 97+ ATAR in HSC
* Music
* Performig Arts
* Leadership / Public Speaking
* Community Service
* Visual Arts
* Sports



**Nomination open to honor you**

* Go to www.gopiosydney.com.au/contact-us
* Fill your nomination
* GOPIO sydney member will contact you to go through next steps

**thanks to our sponsors and media partners**

**Event attractions**

* 500+ attendees
* Honoring achievers with parents to recognise their efforts
* Three course meal with wine and beverages
* Bollywood and regional dances
* Number of exciting prizes from our sponsors

**Nomination closing on 28th Feb.**

*11th March 2018, from 6pm to 10pm*
*Roselea Community Centre*
*645 - 671 Pennant Hills Road, Carlingford*

*$50 per person*
*Kids under the age of 5 are free*
*Buy 9 tickets and get 1 ticket free*

**Please contact Mr. Balvinder Ruby on 0430 828 344 to sponsor GYAAN 2018**

Balvinder Ruby: 0430 828 344, Amarjit Dhot: 0402 436 186, Jagmohan Dhaliwal: 0430 202 633, Anju Kalra: 0417 408 525, Piyush Attri: 0403 117 668, Manish Gaur: 0452 240 274 or contact us: info@gopiosydney.com.au

Sydney 2018

# 31st Australian Sikh Games

**Opening Ceremony**
**31st March 11AM - 1PM**

## Sydney

**30th March - 1st April**

**Crest Sporting Complex, McClean St, Bass Hill, NSW 2198**





## CULTURAL NIGHT

**SATURDAY 31st MARCH, 6PM**

**The Kings High School,**
**87-129 Pennant Hills Rd, Parramatta**

- -Kabaddi
- -Wrestling
- -Soccer
- -Hockey
- -Cricket
- -Athletics
- -Touch Football
- -Netball
- -Golf
- -Tennis
- -Volleyball
- -Tug-o-War
- -Basketball
- -Badminton
- -Gatka
- -Sikh Forum
- -Turban Tying workshop

**LANGAR ALL THREE DAYS**

## Proudly Hosted by the Local Community of Sydney

**Avtar S. Sidhu:** 0414 269 617 **Jasbir S. Randhawa:** 0415 965 338 **Ranjit S. Khera:** 0437 275 443

www.ansacc.org facebook.com/SikhGames2018 twitter Aus Sikh Games 2018

The Bathla Group
Gurdwara Sahib Glenwood, Sydney Australia
JAGS TRUCK TRAINING
CBG
Golden Grain Mills Grewal Farms
IGA Malwa Group
Sehaj
JAGSTAIRS
IGA Parmar Group
OZ Shine
Chandi Transport Pty Ltd
The North Shore Sikh Association of Sydney Incorporated
SNAP Carwash
Sikh Youth Australia

# FOR SALE



## Toyota Kluger
## GX 2015
## 76500 kms
## 7 Seater



Immaculate condition
Always garaged
Full service history
Smoke & pet free

Extras:
*Two DVD players in headrest
*Tow bar
*Side steps

## Contact:
## Teja - 0410 315 489
## Located in Canberra


HealthDrops
LOSE THE WEIGHT WITHOUT THE WAIT!!
AUSTRALIAN COMPANY PRODUCT
NO EXERCISE
NO STARVATION
NO DIET SHAKES
EAT REAL FOOD
LOST 27KG IN 3 MONTHS
TRY OUR GREAT WEIGHT LOSS PROGRAM
100% SUCCESS RATE WITH NO SIDE EFFECT
Call us now to know more!
LOSE 300gms - 1kg per day!
M: 0411 229 631
info@healthdrops.com.au
www.healthdrops.com.au
HealthDrop